# ਸਿਰਜਣਾ

ਅਪਰੈਲ-ਜੂਨ 1997 (ਅੰਕ 104)

**April- June 1997**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022    1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ

ਚੋਣਵੀਂ ਝਾਤ

- ਇੱਕਵੀਂ ਸਦੀ ਵਿਚ ਸਮਾਜ ਤੇ ਸਾਹਿਤ ਬਾਰੇ ਪ੍ਰੀਤਮ ਸਿੰਘ ਆਈ.ਏ.ਐਸ. ਦਾ ਨਿਬੰਧ
- ਮਾਰਕਸਵਾਦ ਦੀ ਵਿਗਿਆਨਕਤਾ ਬਾਰੇ ਪਿਆਰਾ ਸਿੰਘ ਸਹਿਰਾਈ ਵੱਲੋਂ ਚਰਚਾ
- ਬਜ਼ੁਰਗ ਪਰਵਾਸੀ ਪੰਜਾਬੀ ਅਰੰਭ ਕਰਤਾਰ ਢਿੱਲੋਂ ਦੀ ਸੱਚੀ ਕਹਾਣੀ : ਤੋਤੇ ਦੀ ਚੁੰਝ
- ਪਿਆਰਾ ਸਿੰਘ ਭੋਗਲ, ਬਲਦੇਵ ਸਿੰਘ ਦੀ ਕਥਾ-ਰਚਨਾਵਾਂ
- ਇਕ ਸਮਰੱਥ ਨਵੇਂ ਲੇਖਕ ਵਜੋਂ ਅਜਮੇਰ ਸਿੱਧੂ ਦੀ ਪਛਾਣ ਕਹਾਣੀ 'ਥੇਹ' ਰਾਹੀਂ
- ਲਾਲ ਸਿੰਘ ਦੇ ਕਹਾਣੀ ਸੰਗ੍ਰਹਿ 'ਕਾਲੀ ਮਿੱਟੀ' ਬਾਰੇ ਰੀਵਿਊ ਨਿਬੰਧ

ਅਪਰੈਲ-ਜੂਨ 1997 **104** ਮੁੱਲ : 15 ਰੁਪਏ

# ਸਿਰਜਣਾ

**ਅਪਰੈਲ-ਜੂਨ 1997**

❋

ਨਿਗਰਾਨ

**ਸੰਤ ਸਿੰਘ ਸੇਖੋਂ**

❋

ਸੰਪਾਦਕ

**ਰਘਬੀਰ ਸਿੰਘ**

❋

ਪਤਾ

**1728, ਸੈਕਟਰ 43-ਬੀ,**
**ਚੰਡੀਗੜ੍ਹ-160022**
ਫੋਨ : (0172) 601693

## SIRJANA

1728, Sector 43-B,
Chandigarh-160022
Phone : (0172) 601693

❋

SIRJANA is approved by DPI Punjab for all Schools, Colleges and Social Education Centres vide letter No.2/6 66 B (EP) dated 26-9-66


## ਇਸ ਅੰਕ ਵਿਚ


ਰਘਬੀਰ ਸਿੰਘ/ਸੰਪਾਦਕੀ/ਆਦਰਸ਼ਾਂ ਦੀ ਖੋਜ/1
ਧਰਮ ਕੰਮੇਆਣਾ/ਕਵਿਤਾ/ਵਰ੍ਹਦੇ ਹੋਏ ਮੀਂਹ 'ਚ/4
ਕਰਨਜੀਤ ਸਿੰਘ/ਤਿੰਨ ਕਵਿਤਾਵਾਂ/5
ਮਦਨਵੀਰਾ/ਕਵਿਤਾ/ਮਹਿੰਦੀ ਦਾ ਸਫਰ/8
ਗੁਰਮੀਤ ਕੱਲਰਮਾਜਰੀ/ਤਿੰਨ ਕਵਿਤਾਵਾਂ/9
ਸ਼ਮਸ਼ੇਰ ਢਪਾਲੀ/ਦੋ ਕਵਿਤਾਵਾਂ/11
ਹਰੀ ਸਿੰਘ ਮੋਹੀ/ਗਜ਼ਲ/12
ਗੁਰਿੰਦਰ ਸਿੰਘ ਕਲਸੀ/ਦੋ ਕਵਿਤਾਵਾਂ/13
ਅਮਰਜੀਤ ਘੁੰਮਣ/ਕਵਿਤਾ/ਬਾਂਦਰ/14
ਇਕਬਾਲਦੀਪ/ਸੱਤ ਲਘੂ ਕਵਿਤਾਵਾਂ/15
ਪਿਆਰਾ ਸਿੰਘ ਭੋਗਲ/ਕਹਾਣੀ/ਤੀਜੇ ਦਰਜੇ ਦਾ ਡੱਬਾ/16
ਬਲਦੇਵ ਸਿੰਘ/ਕਹਾਣੀ/ਸਾਵਧਾਨ ! ਅੱਗੇ ਖਤਰਾ ਹੈ ../24
ਅਜਮੇਰ ਸਿੱਧੂ/ਕਹਾਣੀ/ਥੇਹ/37
ਕਰਤਾਰ ਢਿੱਲੋਂ/ਕਹਾਣੀ/ਤੋਤੇ ਦੀ ਚੁੰਝ/46
ਸਾਂਵਲ ਧਾਮੀ/ਗਜ਼ਲ/55
ਪ੍ਰੀਤਮ ਸਿੰਘ/ਨਿਬੰਧ/ਸਮਾਜ ਤੇ ਸਾਹਿਤ : ਇੱਕਵੀਂ ਸਦੀ ਵਿਚ ਰੂਪ-ਰੇਖਾ/56
ਪਿਆਰਾ ਸਿੰਘ ਸਹਿਰਾਈ/ਨਿਬੰਧ/ਕੀ ਮਾਰਕਸਵਾਦ ਇਕ ਵਿਗਿਆਨ ਹੈ ?/66
ਅਨੂਪ ਸਿੰਘ/ਰੀਵੀਊ ਨਿਬੰਧ/ਕਾਲੀ ਮਿੱਟੀ/77
ਮਨਮੋਹਨ ਕੇਸਰ/ਰੀਵੀਊ/ਦਲੀਪ ਕੌਰ ਟਿਵਾਣਾ ਦਾ ਨਾਵਲ-ਜਗਤ/82
ਪ੍ਰਾਪਤ ਪੁਸਤਕਾਂ ਦੀ ਸੂਚੀ/83
ਆਖਰੀ ਪੰਨਾ/ਸਿਰਜਣਾ-ਫੰਡ ਬਾਰੇ ਕੁਝ ਹੋਰ/88



ਵਾਰਸ਼ਿਕ ਚੰਦਾ-ਦੇਸ 60 ਰੁਪਏ, ਸੰਸਥਾਵਾਂ ਤੇ ਲਾਇਬਰੇਰੀਆਂ ਲਈ : 75 ਰੁਪਏ
ਬਦੇਸ ਹਵਾਈ ਡਾਕ ਰਾਹੀਂ : 8 ਪੌਂਡ, 12 ਅਮਰੀਕਨ ਡਾਲਰ. 15 ਕੈਨੇਡੀਅਨ ਡਾਲਰ




## ਆਦਰਸ਼ਾਂ ਦੀ ਖੋਜ

ਆਦਰਸ਼ਾਂ ਦੇ ਗੁੰਮ-ਗੁਆਚ ਜਾਣ ਦੀ ਗੱਲ ਸਾਹਿਤ-ਜਗਤ ਤਕ ਸੀਮਤ ਨਹੀਂ । ਇਹ ਇਕ ਅਜਿਹਾ ਵਰਤਾਰਾ ਹੈ ਜਿਸਨੇ ਸਮੁੱਚੇ ਜੀਵਨ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਹੈ। ਅਸੀਂ ਉਸ ਵਿਚਾਰਧਾਰਾ ਦੇ ਅਨੁਆਈਂ ਨਹੀਂ ਜਿਸ ਅਨੁਸਾਰ ਜੋ ਕੁਝ ਚੰਗਾ ਸੀ ਉਹ ਤਾਂ ਭੂਤ ਵਿਚ ਸੀ ਅਤੇ ਜੋ ਕੁਝ ਵੀ ਮਾੜਾ ਹੈ ਉਹ ਵਰਤਮਾਨ ਵਿਚ ਹੈ। ਬੀਤੇ ਨੂੰ ਸਤਿਜੁਗ ਸਮਝਣ ਅਤੇ ਵਰਤਮਾਨ ਸਮੇਂ ਨੂੰ ਸ਼ਬਦ ਦੇ ਆਮ ਜਾਣੇ-ਪਛਾਣੇ ਮਾੜੇ ਅਰਥਾਂ ਵਿਚ ਕਲਜੁਗ ਆਖਣ ਦੀ ਬਿਰਤੀ ਸਾਡੀ ਨਹੀਂ । ਇਹ ਧਾਰਨਾ ਮੂਲੋਂ ਗਲਤ ਹੈ। ਠੀਕ ਤੇ ਵਿਗਿਆਨਕ ਪਹੁੰਚ ਉਹੀ ਹੈ ਜਿਸਨੂੰ ਸੁਪ੍ਰਸਿੱਧ ਭਾਰਤੀ ਬੁੱਧੀਮਾਨ ਡੀ. ਡੀ. ਕੋਸਾਂਬੀ ਨੇ ਸੂਤਰਬੱਧ ਕੀਤਾ ਸੀ ਕਿ 'ਸੰਸਾਰ ਦੇ ਇਤਿਹਾਸ ਵਿਚ ਜੇ ਕੋਈ ਸੁਨਹਿਰੀ ਜੁਗ ਹੈ ਤਾਂ ਉਹ ਭੂਤ ਵਿਚ ਨਹੀਂ ਭਵਿੱਖ ਵਿਚ ਹੀ ਹੈ।' ਇਸ ਲਈ ਜਦੋਂ ਅਸੀਂ ਆਦਰਸ਼ਾਂ ਦੇ ਗੁੰਮ-ਗੁਆਚ ਜਾਣ ਦੀ ਗੱਲ ਕਰਦੇ ਹਾਂ ਤਾਂ ਸਾਡੀ ਪਹੁੰਚ ਵਿਚੋਂ ਨਿਰਾਸ਼ਾਵਾਦ ਦੀ ਧੁਨੀ ਢੂੰਡਣਾ ਉਚਿਤ ਨਹੀਂ । ਇਹ ਤਾਂ ਇਕ ਅਣਸੁਖਾਵੇਂ ਤੱਥ ਦੇ ਰੂ-ਬ-ਰੂ ਹੋਣ, ਉਸਦੇ ਕਾਰਨਾਂ ਦੀ ਪਛਾਣ ਕਰਨ ਅਤੇ ਉਹਨਾਂ ਦਾ ਸਮਾਧਾਨ ਕਰਨ ਲਈ ਯਤਨਸ਼ੀਲ ਹੋਣ ਦੀ ਭਾਵਨਾ ਦਾ ਹੀ ਸੰਕੇਤਕ ਹੈ।

ਬੀਤੇ ਸਮਿਆਂ ਵਿਚ ਅਧਿਆਤਮਵਾਦ ਦੀ ਵਿਚਾਰਧਾਰਾ ਉਤੇ ਟਿਕੇ ਭਿੰਨ-ਭਿੰਨ ਧਰਮਾਂ ਨੇ ਅਨੇਕਾਂ ਅਣਵਿਗਿਆਨਕ ਧਾਰਨਾਵਾਂ ਦਾ ਪ੍ਰਚਲਨ ਕੀਤਾ ਅਤੇ ਬਹੁਤ ਹਾਲਤਾਂ ਵਿਚ ਵਿਸ਼ਾਲ ਜਨ-ਸਮੂੰਹ ਨੂੰ ਹਨੇਰ-ਬਿਰਤੀ ਦਾ ਸ਼ਿਕਾਰ ਬਣਾਈ ਰੱਖਣ ਦੀ ਵੀ ਭੂਮਿਕਾ ਨਿਭਾਈ। ਐਪਰ ਇਸ ਸਭ ਕੁਝ ਦੇ ਬਾਵਜੂਦ ਇਹ ਵੀ ਇਕ ਵੱਡੀ ਸਚਾਈ ਹੈ, ਨਾ ਝੁਠਲਾਉਣਯੋਗ ਸਚਾਈ, ਕਿ ਮਨੁੱਖੀ ਇਤਿਹਾਸ ਦੇ ਲੰਮੇ ਸਮੇਂ ਤਕ ਧਰਮ ਨੇ ਸਮੇਂ ਦੇ ਹਾਲਾਤ ਮੁਤਾਬਕ ਆਦਰਸ਼ਕ ਵਰਤੋਂ-ਵਿਹਾਰ ਨੂੰ ਉਤਸ਼ਾਹਤ ਅਤੇ ਵਡੇਰੇ ਆਦਰਸ਼ਾਂ ਪ੍ਰਤੀ ਆਸਥਾ ਨੂੰ ਪਰਿਪੱਕ ਕਰਨ ਦਾ ਕਾਰਜ ਵੀ ਕੀਤਾ। ਸਮੇਂ ਦੇ ਬੀਤਣ ਨਾਲ ਜਦੋਂ ਵਿਗਿਆਨਕ ਅਵਿਸ਼ਕਾਰਾਂ ਨੇ ਅਤੇ ਵਿਚਾਰਧਾਰਾਈ ਭੇੜਾਂ ਨੇ ਵਿਗਿਆਨਕ ਪਦਾਰਥਵਾਦੀ ਪਹੁੰਚ ਨੂੰ ਪ੍ਰਮੁੱਖਤਾ ਦਿੱਤੀ, ਜਿਸ ਵਿਚ ਗਿਆਨ ਤੇ ਸੂਝ ਦੇ ਖੇਤਰ ਦੀਆਂ ਹੋਰਨਾਂ ਗੱਲਾਂ ਤੋਂ ਬਿਨਾਂ ਮੁੱਠੀ ਭਰ ਲੋਕਾਂ ਦੀ ਅਯਾਸ਼ੀ ਦੀ ਥਾਂ ਵਿਸ਼ਾਲ-ਜਨਸਮੂੰਹ ਦੇ ਹਿਤ ਦਾ ਸਰੋਕਾਰ ਵੀ ਪ੍ਰਮੁੱਖਤਾ ਧਾਰਨ ਕਰਦਾ ਸੀ ਤਾਂ ਸਚਮੁੱਚ ਦਾ ਆਦਰਸ਼ਵਾਦ ਵਾਸਤਵ ਵਿਚ ਵਿਗਿਆਨਕ ਪਹੁੰਚ ਵਿਚ ਹੀ ਰੂਪਮਾਨ ਹੋਣ ਲੱਗਾ; ਸਮਾਜ-ਵਿਗਿਆਨਾਂ ਦੇ ਖੇਤਰ ਵਿਚ ਜਿਸ ਦੀ ਮੁੱਖ ਪਛਾਣ ਅੰਤਿਮ ਰੂਪ ਵਿਚ ਮਾਰਕਸਵਾਦ ਹੋ ਨਿਬੜਿਆ। ਮਾਰਕਸ ਅਤੇ ਐਂਗਲਜ਼ ਵੱਲੋਂ ਸਪਸ਼ਟ ਰੂਪ ਵਿਚ ਉਘਾੜਿਆ ਅਤੇ ਪਰਚਾਰਿਆ ਮਨੁੱਖੀ ਇਤਿਹਾਸ ਦੇ ਵੱਖ-ਵੱਖ ਪੜਾਵਾਂ, ਆਰਥਿਕਤਾ ਦੇ ਵਿਭਿੰਨ ਪਹਿਲੂਆਂ ਅਤੇ ਵਿਚਾਰਧਾਰਕ ਮੁੱਦਿਆਂ ਬਾਰੇ ਦ੍ਰਿਸ਼ਟੀਕੋਣ ਕੇਵਲ ਮਾਤਰ ਸ਼ੁਧ ਫਲਸਫੇ ਤਕ ਸੀਮਤ ਨਹੀਂ ਸੀ। ਉਹਨਾਂ ਦੇ ਸਾਰੇ ਚਿੰਤਨ ਵਿਚ ਵਿਸ਼ਾਲ ਲੋਕਾਈ ਦੇ ਕਲਿਆਣ ਦਾ ਆਦਰਸ਼ ਇਕ ਕੇਂਦਰੀ ਸਰੋਕਾਰ ਸੀ। ਏਸੇ ਲਈ ਮਾਰਕਸਵਾਦ ਦੇ ਮੋਢੀਆਂ ਦਾ ਇਹ ਕਥਨ ਬਹੁਤ ਮਹੱਤਵ ਰੱਖਦਾ ਸੀ ਕਿ ''ਦਾਰਸ਼ਨਿਕਾਂ ਹੁਣ ਤਕ ਸੰਸਾਰ ਦੀ ਵਿਆਖਿਆ ਹੀ ਕੀਤੀ ਹੈ। ਪਰ ਸੁਆਲ ਕੇਵਲ ਵਿਆਖਿਆ ਦਾ ਨਹੀਂ; ਅਸਲ ਮੁੱਦਾ ਇਸਨੂੰ ਬਦਲਨ ਦਾ ਹੈ।'

ਮਾਰਕਸਵਾਦੀ ਫਲਸਫੇ ਅਤੇ ਚਿੰਤਨ ਦੇ ਕਈ ਪਹਿਲੂ ਹਨ ਜਿੰਨ੍ਹਾਂ ਦੇ ਅੱਜ ਪੂਰਨ ਭਾਂਤ ਸਹੀ, ਆਂਸ਼ਕ ਰੂਪ ਵਿਚ ਸਹੀ ਜਾਂ ਗਲਤ ਹੋ ਜਾਣ ਦਾ ਤੱਥ ਆਪਣੀ ਥਾਂ ਵਿਚਾਰਨਯੋਗ ਹੈ। ਪਰ ਇਸ ਗੱਲ ਬਾਰੇ ਕੋਈ ਸੰਦੇਹ ਨਹੀਂ ਕਿ ਅੱਜ ਦੇ ਯੁਗ ਵਿਚ ਮਾਰਕਸਵਾਦ ਦਾ ਫਲਸਫਾ ਹੀ ਹੈ ਜੋ ਲੁੱਟ-ਖਸੁੱਟ ਤੋਂ ਰਹਿਤ ਸਮਾਜ ਅਤੇ ਉਸ ਵਿਚ ਸੁਹਣੇਰੇ ਮਨੁੱਖੀ ਭਵਿੱਖ ਦਾ ਆਦਰਸ਼ ਸਿਰਜਦਾ ਹੈ। ਇਹ ਆਦਰਸ਼ ਹੀ ਪਿਛਲੀ ਡੇਢ ਸਦੀ ਦੌਰਾਨ ਸੰਸਾਰ ਭਰ ਵਿਚ ਮਨੁੱਖ ਦੇ ਚੰਗੇਰੇ ਭਵਿੱਖ ਦੀ ਕਾਮਨਾ ਕਰਨ ਵਾਲੇ ਅਤੇ ਉਸ ਲਈ ਕ੍ਰਮਸ਼ੀਲ ਹੋਣ ਵਾਲੇ ਲੋਕਾਂ ਦਾ ਪ੍ਰੇਰਨਾ ਸ੍ਰੋਤ ਬਣਿਆ ਰਿਹਾ।

ਮਾਰਕਸਵਾਦ ਦੀ ਇਸ ਵਿਚਾਰਧਾਰਾ ਤਹਿਤ ਸੰਸਾਰ ਦੇ ਲਗਪਗ ਤੀਜੇ ਹਿੱਸੇ ਵਿਚ ਉਸਰੇ ਰਾਜਾਂ ਦੇ ਪੌਣੀ ਸਦੀ ਤਕ ਸੰਸਾਰ ਲਈ ਆਦੱਰਸ਼ਕ ਰਾਜਾਂ ਦਾ ਸੁਪਨਾ ਬਣੇ ਰਹਿਣ ਤੋਂ ਪਿੱਛੋਂ ਅਚਾਨਕ ਇਕ ਦਮ ਹੀ ਉਹਨਾਂ ਦਾ ਢਹਿ ਢੇਰੀ ਹੋ ਜਾਣਾ ਇਕ ਬਹੁਤ ਹੀ ਦੁਖਦਾਈ ਵਰਤਾਰਾ ਹੈ ਜਿਸਨੇ ਹਾਲ ਦੀ ਘੜੀ ਤਾਂ ਆਦਰਸ਼ਾਂ ਦਾ ਇਕ ਅਜਿਹਾ ਖਲਾਅ ਪੈਦਾ ਕਰ ਦਿੱਤਾ ਹੈ ਕਿ ਇਸ ਉਤੇ ਰੁਦਨ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ। ਮਾਰਕਸਵਾਦ ਦੀ ਵਿਚਾਰਧਾਰਾ ਉਤੇ ਉਸਰੇ ਹੋਣ ਦਾ ਦਾਅਵਾ ਕਰਨ ਵਾਲੇ ਇਹ ਰਾਜ, ਜਿਵੇਂ ਹੁਣ ਅਸੀਂ ਜਾਣਨ ਲੱਗੇ ਹਾਂ, ਵਾਸਤਵ ਵਿਚ ਇਸ ਵਿਚਾਰਧਾਰਾ ਦੀ ਘੋਰ ਉਲੰਘਣਾ ਦਾ ਸ਼ਿਕਾਰ ਸਨ, ਜਿਸ ਵਿਗੜ ਤੋਂ ਰਾਜ-ਸੱਤਾ ਦੇ ਭੈਅ ਜਾਂ ਮਨੁੱਖੀ ਮਾਨਸਿਕਤਾ ਦੇ ਨਾਂਹਪੱਖੀ ਪਹਿਲੂਆਂ ਅਨੁਸਾਰ ਜਾਂ ਹੋਰ ਵੀ ਕਈ ਕਾਰਨਾਂ ਕਰਕੇ ਜਾਣਕਾਰ ਲੋਕਾਂ ਨੇ ਚੁੱਪ ਵੱਟੀ ਰੱਖਣ ਦਾ ਵੱਡਾ ਉਪੱਦਰ ਕੀਤਾ। ਇਹਨਾਂ ਰਾਜਾਂ ਦਾ ਢਹਿ ਢੇਰੀ ਹੋਣਾ ਇੰਝ ਕੋਈ ਅਲੋਕਾਰ ਵਰਤਾਰਾ ਨਹੀਂ ਸੀ ਕਿਉਂਕਿ ਇਹਨਾਂ ਦੀ ਉਸਾਰੀ ਹੀ ਮਿਥ ਉਤੇ ਆਧਾਰਿਤ ਸੀ। ਇਸ ਲਈ ਇਹਨਾਂ ਦੇ ਢਹਿ ਢੇਰੀ ਹੋਣ ਦਾ ਬਹੁਤ ਦੁੱਖ ਵੀ ਨਹੀਂ ਹੋਣਾ ਚਾਹੀਦਾ।

ਦੁੱਖ ਇਸ ਗੱਲ ਦਾ ਹੈ ਕਿ ਇਸ ਸਾਰੇ ਵਰਤਾਰੇ ਨੇ ਇਕ ਬਹੁਤ ਵੱਡੇ ਸੁਪਨੇ ਅਤੇ ਆਦਰਸ਼ ਨੂੰ ਢਾਹ ਲਾ ਦਿੱਤੀ ਹੈ, ਜੋ ਅੱਜ ਦੇ ਮਨੁੱਖ ਦੀ ਟੇਕ ਸੀ। ਸਿੱਟੇ ਵਜੋਂ ਜੀਵਨ ਦੇ ਸਭਨਾਂ ਖੇਤਰਾਂ ਵਿਚ ਬੇਵਸਾਹੀ ਨਿਰਾਸਤਾ ਤੇ ਆਦਰਸ਼ਹੀਣਤਾ ਦੀ ਸੁਰ ਉਭਰ ਆਈ ਹੈ। ਚੰਗਾ ਮਨੁੱਖ ਬਣਨ, ਨਿਰ ਸੁਆਰਥ ਹੋਕੇ ਆਪਣੇ ਸਾਥੀ ਮਨੁੱਖਾਂ ਦੇ ਭਲੇ ਬਾਰੇ ਸੋਚਣ ਤੇ ਕ੍ਰਿਆਸ਼ੀਲ ਹੋਣ ਅਤੇ ਆਪਣੇ ਕਾਰਜ-ਖੇਤਰ ਵਿਚ ਕੁਝ ਸਾਰਥਕ ਕਰਨ ਦੀ ਰੁਚੀ ਨੂੰ ਢਾਹ ਲੱਗੀ ਹੈ।

ਪੂੰਜੀਵਾਦੀ ਵਿਵਸਥਾ ਵਿਚ ਸਭ ਕੁਝ ਨਿੰਦਣਯੋਗ ਨਹੀਂ। ਬੀਤੇ ਸਮਿਆਂ ਦੀਆਂ ਹੋਰ ਸਮਾਜਕ-ਰਾਜਨੀਤਕ ਵਿਵਸਥਾਵਾਂ ਵਾਂਗ ਇਸ ਦੇ ਵੀ ਬਹੁਤ ਸਾਰੇ ਚੰਗੇ ਪੱਖ ਹਨ, ਜੋ ਸਮੇਂ ਦੇ ਹਾਣੀ ਹੋਣ ਕਾਰਨ ਪ੍ਰਵਾਨ ਕਰਨਯੋਗ ਹੈ। ਐਪਰ ਪੂੰਜੀ ਤੇ ਮੁਨਾਫੇ ਦੀ ਹੋੜ ਅਤੇ ਆਦਰਸ਼ਾਂ ਦੀ ਮੁਕਾਬਲਤਨ ਘਾਟ ਇਸ ਵਿਵਸਥਾ ਅਤੇ ਇਸਦੀ ਚਾਲਕ ਵਿਚਾਰਧਾਰਾ ਦਾ ਖਾਸ ਲੱਛਣ ਹੈ। ਸਮਾਜਵਾਦੀ ਰਾਜ-ਵਿਵਸਥਾ ਨੂੰ ਢਾਹ ਲੱਗਣ ਅਤੇ ਫਲਸਰੂਪ ਮਾਰਕਸਵਾਦੀ ਫਲਸਫੇ ਦੀਆਂ ਕਮਜ਼ੋਰੀਆਂ ਦੇ ਸਾਹਮਣੇ ਆਉਣ ਨੇ ਬਹੁਤ ਕੁਝ ਉਥਲ-ਪੁਥਲ ਦਿੱਤਾ ਹੈ। ਇਸਦਾ ਹੀ ਪਰਿਣਾਮ ਹੈ ਕਿ ਜੀਵਨ ਦੀ ਸਰਗਰਮੀ ਦੇ ਹੋਰ ਖੇਤਰਾਂ ਵਾਂਗ ਸਾਹਿਤ ਤੇ ਸਭਿਆਚਾਰ ਦੇ ਜਗਤ ਵਿਚ ਵੀ ਆਦਰਸ਼ਹੀਣਤਾ ਦਾ ਵਾਤਾਵਰਣ ਪਸਰਿਆ ਹੋਇਆ ਹੈ।



ਮਾਰਕਸਵਾਦ ਦੇ ਉਹਨਾਂ ਬੁਨਿਆਦੀ ਸੰਕਲਪਾਂ, ਜਿੰਨ੍ਹਾਂ ਦਾ ਉਦੇਸ਼ ਇਕ ਆਦਰਸ਼ਕ ਸਮਾਜ ਦੀ ਸਿਰਜਣਾ ਕਰਨਾ ਹੈ, ਵਿਚ ਇਸ ਸਾਰੇ ਘਟਨ-ਕ੍ਰਮ ਤੋਂ ਪਿਛੋਂ ਵੀ ਕੋਈ ਕਾਣ ਨਜ਼ਰ ਨਹੀਂ ਆਉਂਦੀ। ਜਿਵੇਂ ਵਕਤੀ ਤੌਰ 'ਤੇ ਢਾਹ ਲੱਗਣ ਦੇ ਬਾਵਜੂਦ ਇੰਨ੍ਹਾਂ ਸੰਕਲਪਾਂ ਦੇ ਮੁੜ ਸ਼ਕਤੀ ਪਕੜਨ ਦੀ ਸੰਭਾਵਨਾ ਹੈ, ਇਵੇਂ ਹੀ ਜੀਵਨ ਦੇ ਵੱਖ ਵੱਖ ਪੱਖਾਂ ਵਿਚ ਆਦਰਸ਼ਹੀਣਤਾ ਦਾ ਪਸਰਿਆ ਇਹ ਵਾਤਾਵਰਣ ਵੀ ਅਵੱਸ਼ ਬਦਲੇਗਾ। ਇਸ ਤਰ੍ਹਾਂ ਦੀ ਆਸ ਸਾਡੀ ਅੰਤਰਮੁਖਤਾ ਦੀ ਭਾਵਨਾ ਦੀ ਉਪਜ ਨਹੀਂ, ਇਸਦੀ ਟੇਕ ਵਿਗਿਆਨਕ ਪਹੁੰਚ ਉਤੇ ਹੈ। ਅਤੇ ਵਿਗਿਆਨਕ ਪਹੁੰਚ ਇਹ ਮੰਗ ਕਰਦੀ ਹੈ ਕਿ ਮਾਰਕਸਵਾਦ ਨੂੰ ਵੀ ਤੜਾਗੀਵਾਦੀ ਰੂਪ ਵਿਚ ਨਾ ਲਿਆ ਜਾਵੇ, ਜੋ ਕਿ ਅਧਿਆਤਮਵਾਦੀਆਂ ਦਾ ਖਾਸਾ ਹੈ। ਸਾਨੂੰ ਇਹ ਪ੍ਰਵਾਨ ਕਰਨਾ ਹੀ ਪਏਗਾ ਕਿ ਵਿਗਿਆਨ ਅਤੇ ਤਕਨਾਲੋਜੀ ਵਿਚ ਪਿਛਲੀ ਅੱਧੀ ਕੁ ਸਦੀ ਦੌਰਾਨ ਹੋਏ ਦੂਰ-ਰਸ ਵਿਕਾਸ ਨੇ ਅਤੇ ਪਰਿਵਰਤਣ ਦੀ ਪ੍ਰਕ੍ਰਿਆ ਨੇ ਬਹੁਤ ਕੁਝ ਮੁੱਢੋਂ-ਸੁਢੋਂ ਬਦਲਕੇ ਰੱਖ ਦਿੱਤਾ ਹੈ, ਮਾਰਕਸਵਾਦ ਦੇ ਮੋਢੀਆਂ ਦੇ ਜੀਵਨ-ਕਾਲ ਸਮੇਂ ਜਿਸ ਦੀ ਕਲਪਨਾ ਨਹੀਂ ਸੀ ਕੀਤੀ ਜਾ ਸਕਦੀ। ਇਸ ਲਈ ਅੱਜ ਜੇ ਵਿਸ਼ਾਲ ਜਨਸਮੂੰਹ ਦੇ ਕਲਿਆਣ ਵਾਲੀ ਵਿਵਸਥਾ ਦੀ ਸਥਾਪਨਾ ਵਿਚ ਵਿਸ਼ਵਾਸ ਕਰਨ ਤੇ ਕ੍ਰਿਆਸ਼ੀਲ ਹੋਣ ਦੀ ਮਾਰਕਸਵਾਦ ਦੀ ਬੁਨਿਆਦੀ ਪਹੁੰਚ ਨਾਲ ਸੰਮਤੀ ਰੱਖਣ ਵਾਲਾ ਕੋਈ ਵਿਅਕਤੀ ਨਵੇਂ ਯਥਾਰਥ ਅਤੇ ਉਸ ਵੱਲੋਂ ਪੇਸ਼ ਹੋਈਆਂ ਚੁਣੌਤੀਆਂ ਨੂੰ ਸਵੀਕਾਰਨ ਦੀ ਗੱਲ ਕਰਦਾ ਹੈ ਤਾਂ ਇਹ ਕੋਈ ਨਿੰਦਣੀ ਗੱਲ ਨਹੀਂ। ਸਗੋਂ ਸੱਚ ਤਾਂ ਇਹ ਹੈ ਕਿ ਨਵੇਂ ਯਥਾਰਥ ਦੀ ਭਰਪੂਰ ਸੋਝੀ ਨਾਲ ਹੀ, ਮਾਰਕਸਵਾਦ ਦੀ ਲੋਅ ਵਿਚ, ਆਦਰਸ਼ਹੀਣਤਾ ਦੀ ਵਰਤਮਾਨ ਸਥਿਤੀ ਤੋਂ ਛੇਤੀ ਛੁਟਕਾਰਾ ਪਾਇਆ ਜਾ ਸਕਦਾ ਹੈ।

ਸਾਹਿਤਕਾਰ ਅਤੇ ਕਲਾਕਾਰ ਅਕਸਰ ਬਹੁਤ ਸੰਵੇਦਨਸ਼ੀਲ ਤੇ ਭਾਵਕ ਵਿਅਕਤੀ ਹੁੰਦੇ ਹਨ। ਜਿਥੇ ਉਹ ਬਹੁਤ ਚੰਗੀਆਂ ਗੱਲਾਂ ਕਰਦੇ ਹਨ ਉਥੇ ਆਪਣੇ ਇਹਨਾਂ ਲੱਛਣਾਂ ਕਾਰਨ ਹੀ ਕਈ ਵਾਰ ਪ੍ਰਤਿਕੂਲ ਸਥਿਤੀਆਂ ਦੇ ਸਾਹਵੇਂ ਉਹ ਛੇਤੀ ਹੀ ਥਿੜਕਣ ਤੇ ਤਿਲਕਣ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਇਸੇ ਲਈ ਇਹ ਲੋੜ ਬਣੀ ਰਹਿੰਦੀ ਹੈ ਕਿ ਸਾਹਿਤ ਤੇ ਕਲਾ ਦੇ ਖੇਤਰ ਦੇ ਇਹ ਕਾਰਜਕਰਤਾ ਆਪਣੀ ਸੰਵੇਦਨਸ਼ੀਲਤਾ ਦੇ ਨਾਲ ਨਾਲ ਬੌਧਿਕਤਾ ਦੇ ਗੁਣਾਂ ਨਾਲ ਵੀ ਵਰੋਸਾਏ ਹੋਣ। ਬੌਧਿਕਤਾ ਦਾ ਇਹ ਗੁਣ ਤਿਲਕਵੀਂ ਸਥਿਤੀ ਵਿਚ ਆਪਣੇ ਪੈਰਾਂ ਉਤੇ ਟਿਕੇ ਰਹਿਣ ਵਿਚ ਸਹਾਇਤਾ ਕਰਦਾ ਹੈ।

ਇਸ ਪਹੁੰਚ ਨਾਲ ਹੀ ਅਸੀਂ ਮਾਰਕਸਵਾਦ ਦੀਆਂ ਧਾਰਨਾਵਾਂ ਬਾਰੇ ਅਤੇ ਸਾਹਿਤ ਦੇ ਜਗਤ ਸਮੇਤ ਸਮੁੱਚੇ ਜੀਵਨ ਬਾਰੇ ਉਭਰ ਰਹੀਆਂ ਚਣੌਤੀਆਂ ਸੰਬੰਧੀ ਸੰਵਾਦ ਛੇੜਨ ਦੇ ਪੱਖ ਵਿਚ ਹਾਂ। ਸਾਡਾ ਵਿਸ਼ਵਾਸ਼ ਹੈ ਕਿ ਇਸ ਤਰ੍ਹਾਂ ਦੇ ਮੰਥਨ ਨਾਲ ਹੀ ਕੁਝ ਚੰਗਾ ਤੇ ਨਵਾਂ-ਨਰੋਆ ਨਿੱਤਰਕੇ ਸਾਹਵੇਂ ਆ ਸਕੇਗਾ, ਜੋ ਆਦਰਸ਼ਹੀਣਤਾ ਤੇ ਨਿਰਾਸਤਾ ਦੀ ਸਥਿਤੀ ਤੋਂ ਛੁਟਕਾਰਾ ਪਾਉਣ ਵਿਚ ਸਹਾਈ ਹੋਵੇਗਾ। ਗੁੰਮੇ-ਗੁਆਚੇ ਆਦਰਸ਼ਾਂ ਨੂੰ ਹਰ ਹੀਲੇ ਮੁੜ ਸਥਾਪਤ ਕੀਤਾ ਜਾਣਾ ਬਣਦਾ ਹੈ। ਇਸ ਲਈ ਸਿਹਤਮੰਦ ਸੋਚ ਵਾਲੇ ਲੇਖਕਾਂ ਤੇ ਚਿੰਤਕਾਂ ਨੂੰ ਆਪਣੀ ਭੂਮਿਕਾ ਨਿਭਾਉਣੀ ਹੀ ਪਏਗੀ।

ਰਘਬੀਰ ਸਿੰਘ

# ਵਰ੍ਹਦੇ ਹੋਏ ਮੀਂਹ 'ਚ

ਧਰਮ ਕੰਮੇਆਣਾ

ਵਰ੍ਹਦੇ ਹੋਏ ਮੀਂਹ 'ਚ
ਵਰ੍ਹਦਾ ਹੈ ਕਿਸੇ ਦੀਆਂ ਅੱਖਾਂ 'ਚ
ਯਾਦਾਂ ਦਾ ਰੰਗ
ਮਹਿਕਦਾ ਹੈ ਸਾਹਾਂ 'ਚ
ਸੱਜਣੀ ਦਾ ਰੂਪ - ਅਨੂਪ

ਵਰ੍ਹਦੇ ਹੋਏ ਮੀਂਹ 'ਚ
ਵਰ੍ਹਦੇ ਨੇ ਕਿਸੇ ਦੀਆਂ ਅੱਖਾਂ ਵਿਚ ਅੰਗਿਆਰ
ਮੌਸਮੀ ਕਿਣ ਮਿਣ ਸਬਜ਼ ਚਾਦਰ ਬਣ ਕੇ ਫੈਲਦੀ
ਚੀਚ-ਵਹੁਟੀ ਬਣ ਕੇ ਮਿੱਟੀ ਮੌਲਦੀ
ਕਰੁੱਤੀ ਬੁਛਾੜ
ਸਬਜ਼ ਚਾਦਰ ਲੀਰੋ ਲੀਰ
ਕਿਤ ਬਿਧ ਧੀਰ

ਵਰ੍ਹਦੇ ਹੋਏ ਮੀਂਹ 'ਚ
ਵਰ੍ਹਦੀ ਹੈ ਕਿਸੇ ਦੀਆਂ ਅੱਖਾਂ 'ਚ ਛੱਤ
ਡਿੱਗਦੇ ਨੇ ਕੌਲੇ
ਲੇਬਰ ਚੌਕ 'ਚ ਮੁਸ਼ੱਕਤੀ ਡੌਲੇ
ਉਡੀਕਣ ਹਾਕ
ਅੰਗਾਂ ਨੂੰ ਠਾਰੇ ਠੰਢਾ ਚੁੱਲ੍ਹਾ - ਨਿਰਾਸ

ਵਰ੍ਹਦੇ ਹੋਏ ਮੀਂਹ 'ਚ
ਵਰ੍ਹਦਾ ਹੈ ਕਿਸੇ ਦੇ ਨੈਣਾਂ ਵਿਚ ਅਚੰਭਾ
ਸਤਰੰਗਾ
ਭਿੱਜੇ ਖੰਭਾਂ ਦੀ ਉਡਾਣ
ਪਾਣੀ ਦੀਆਂ ਬੂੰਦਾਂ ਹੇਠ
ਅੱਗ ਦਾ ਸੇਕ
ਵੰਝਲੀ ਦੀ ਹੇਕ

ਵਰ੍ਹਦੇ ਹੋਏ ਮੀਂਹ 'ਚ
ਗਲ ਲੱਗ ਮਿਲਦੇ ਧਰਤੀ ਅੰਬਰ
ਮਸਤ ਕਲੰਦਰ

(ਐਚ - 155, ਰਾਜਪੁਰਾ ਕਲੋਨੀ, ਪਟਿਆਲਾ)



# ਤਿੰਨ ਕਵਿਤਾਵਾਂ

ਕਰਨਜੀਤ ਸਿੰਘ

## ਚੁੱਪ - 1

ਜਦੋਂ ਬਾਹਰ ਕੰਨ ਪਾੜਵਾਂ ਸ਼ੋਰ ਹੁੰਦਾ ਹੈ
ਗਲੀਆਂ ਤੇ ਬਾਜ਼ਾਰਾਂ ਅੰਦਰ
ਮੇਰੇ ਵਿਹੜੇ ਦੀਆਂ ਦੀਵਾਰਾਂ ਅੰਦਰ
ਬੋਲ ਟਕਰਾਉਂਦੇ ਹਨ, ਨਜ਼ਰਾਂ ਘੂਰਦੀਆਂ ਹਨ
ਤਾਂ ਵਾਤਾਵਾਰਣ ਖ਼ੌਫਨਾਕ ਹੋ ਜਾਂਦਾ ਹੈ।
ਜਾਪਦਾ ਹੈ ਜਿਵੇਂ ਕੋਈ ਝੱਖੜ ਝੁੱਲਿਆ ਹੋਵੇ
ਬਿਜਲੀ ਕੜਕ ਰਹੀ ਹੋਵੇ
ਤੇ ਆਸਮਾਨ ਦੇ ਲੰਗਾਰ ਲੱਥ ਰਹੇ ਹੋਣ।
ਤਾਂ ਸਹਿਮੀ ਸਹਿਮੀ ਮੇਰੀ ਆਤਮਾ ਸੁੰਨ ਹੋ ਜਾਂਦੀ ਹੈ,
ਸਰੀਰ ਸਿੱਥਲ ਹੋ ਜਾਂਦਾ ਹੈ
ਅੱਖਾਂ ਵਿਚ ਧੂੰਆ ਭਰ ਜਾਂਦਾ ਹੈ
ਬੁੱਲ੍ਹਾਂ ਨੂੰ ਤਾਲਾ ਲੱਗ ਜਾਂਦਾ ਹੈ
ਜ਼ਿਹਨ ਵਿਚ ਭੁਚਾਲ ਜਿਹਾ ਆ ਜਾਂਦਾ ਹੈ
ਇਕ ਲਾਵਾ ਜਿਹਾ ਉਬਲ ਰਿਹਾ ਹੁੰਦਾ ਹੈ।
ਬਸ ਏਹੋ ਡਰ ਕਿ ਜੇ ਮੇਰੀ ਇਸ ਚੁੱਪ ਦਾ ਵਿਸਫੋਟ ਹੋ ਗਿਆ
ਤਾਂ ਮਨੁੱਖੀ ਰਿਸ਼ਤਿਆਂ ਦੇ ਸ਼ੀਸ਼ ਮਹਿਲ ਤਿੜਕ ਜਾਣਗੇ
ਸੁਪਨਿਆਂ ਦੇ ਫਾਨੂਸ ਬੁਝ ਜਾਣਗੇ
ਸਭਿਅਤਾ ਤੇ ਸਭਿਆਚਾਰ ਦੀਆਂ ਨੀਹਾਂ ਹਿੱਲ ਜਾਣਗੀਆਂ।
ਘੂਰਦੀਆਂ ਨਜ਼ਰਾਂ ਨੂੰ ਸਮਝਾਓ
ਤੇ ਟਕਰਾਉਂਦੇ ਬੋਲਾਂ ਨੂੰ ਚੁੱਪ ਕਰਾਓ।

## ਚੁੱਪ - 2

ਇਕ ਚੁੱਪ ਹਜ਼ਾਰ ਸੁਖ ਦੀ ਕਹਾਵਤ ਵਿਚੋਂ
ਪਲਾਇਨਵਾਦ ਦੇ ਫ਼ਲਸਫੇ ਦੀ ਬੋਅ ਆਉਂਦੀ ਹੈ
ਸਦੀਆਂ ਦੇ ਤਜਰਬੇ ਦੇ ਨਚੋੜ ਉੱਤੇ
ਨਿਜ ਹਿਤ ਦੀ ਮੋਹਰ ਲੱਗੀ ਜਾਪਦੀ ਹੈ।
ਅੱਜ ਜਦੋਂ, ਖੇਡਣ ਮਲ੍ਹਣ ਤੇ ਸਕੂਲਾਂ ਵਿਚ ਜਾਣ ਵਾਲਾ ਬਚਪਨ
ਡੰਗਰ ਚਰਾਉਂਦਾ, ਰੋੜੀ ਕੁਟਦਾ
ਜਾਂ ਬੱਸਾਂ ਗੱਡੀਆਂ ਵਿਚ ਮੁਸਾਫਰਾਂ ਦਾ ਮਨੋਰੰਜਨ ਕਰਦਾ ਹੈ
ਪਹਾੜਾਂ ਨਾਲ ਮੱਥਾ ਡਾਹੁਣ ਵਾਲੀ ਜਵਾਨੀ

ਆਦਰਸ਼-ਹੀਣ ਹੋਈ ਨਸ਼ਿਆਂ ਵਿਚ ਗਰਕਦੀ ਜਾਂਦੀ ਹੈ।
ਬੁਢਾਪਾ ਅਜੇ ਵੀ ਕਿਸੇ ਲਈ ਬੋਝ ਹੈ ਤੇ ਕਿਸੇ ਲਈ ਲਾਹਨਤ
ਤੇ ਆਜ਼ਾਦੀ ਦੀ ਖੁੱਲ੍ਹ ਵਿਚ ਜਨਮ ਲੈਣ ਵਾਲਿਆਂ ਦੀਆਂ ਦਾਹੜੀਆਂ
ਧੌਲੀਆਂ ਹੋ ਗਈਆਂ ਹਨ
ਅਤੇ ਗਾਂਧੀ ਦੇ ਬਾਂਦਰ ਦੇ ਕੰਨ ਵੀ ਬੰਦ ਹਨ ਤੇ ਅੱਖਾਂ ਵੀ
ਉਹ ਨਾ ਕੁਝ ਦੇਖੇ ਨਾ ਸੁਣੇ ਪਰ ਮੂੰਹ ਖੁੱਲ੍ਹਾ ਹੈ
ਚੰਗਾ ਖਾਣ ਤੇ ਮੰਦਾ ਬੋਲਣ ਲਈ
ਤਾਂ ਆਪਣੇ ਆਪ ਉਤੇ ਸ਼ਰਮ ਵੀ ਆਉਂਦੀ ਹੈ ਤੇ ਗੁੱਸਾ ਵੀ।
ਹੋਣੀ ਦੀ ਸਿਤਮਜ਼ਰੀਫੀ ਦੇਖੋ ਬੀਜਦਾ ਕੋਈ ਹੈ ਤੇ ਵਢਦਾ ਕੋਈ
ਅਤੇ ਜਦੋਂ ਮੱਝ ਲਾਠੀ ਵਾਲੇ ਦੀ ਹੋਵੇ
ਤਾਂ 'ਲੋਕ ਤੰਤਰ' ਨਾਲੋਂ ਵੱਡੀ ਗਾਲ੍ਹ ਕੋਈ ਨਹੀਂ ਹੋ ਸਕਦੀ
'ਇਕ ਅੰਨ੍ਹੀ ਦੂਜੇ ਪੈ ਗਈ ਮੜ੍ਹੀਆਂ ਦੇ ਰਾਹ' ਵਾਲੀ ਗੱਲ
ਦੇਸ ਦੇ ਬੇੜੇ ਦੇ ਮਲਾਹ ਉਹ ਨੇ ਜਿਹੜੇ ਆਪਣੀ ਕਾਗਜ਼ ਦੀ ਬੇੜੀ ਵੀ
ਜੋਤਸ਼ੀਆਂ ਤੋਂ ਪੁੱਛ ਕੇ ਤਾਰਦੇ ਨੇ।
ਜੇ ਤੇਲ, ਚੀਨੀ, ਯੂਰੀਆ, ਪਸ਼ੂਆਂ ਦੇ ਚਾਰੇ
ਤੇ ਹੋਰ ਬਹੁਤ ਸਾਰੇ ਘਪਲੇ ਕਰਨ ਵਾਲੇ
ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਸਿਤਾਰੇ ਬਣਾ ਦਿੱਤੇ ਜਾਣ
ਦੇਸ਼ ਦੀ ਸੁਰੱਖਿਆ ਦੀਆਂ ਗੁਪਤ ਫਾਈਲਾਂ ਵੇਚਣ ਵਾਲੇ
ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤੇ ਜਾਣ
ਸਿਨਥੈਟਿਕ ਦੁੱਧ ਪਿਲਾ ਕੇ ਵਤਨ ਦੇ ਵਾਰਸਾਂ ਨੂੰ ਨਿਪੁੰਸਕ ਬਣਾਉਣ
ਤੇ ਸਲਾਮਤੀ ਨੂੰ ਸਦੀਵੀ ਖ਼ਤਰੇ 'ਚ ਪਾਉਣ ਵਾਲੇ
ਵਿਗਿਆਨਕ ਖੋਜ-ਸੰਸਥਾਨ ਦੇ ਡਾਇਰੈਕਟਰ ਹੋ ਜਾਣ
ਤਾਂ ਕੋਈ ਅਚੰਭਾ ਨਹੀਂ - ਕਿਉਂਕਿ ਕੁਝ ਐਸੀ ਹੀ ਅਵਸਥਾ ਹੈ
ਦੁੱਧ ਦੀ ਰਾਖੀ ਲਈ ਬਿੱਲੇ ਬਿੱਲੀਆਂ ਦੀ ਵਿਵਸਥਾ ਹੈ।
ਸਦੀਆਂ ਤੋਂ ਚੱਲ ਰਿਹਾ ਹੈ ਇਹ ਨਾਟਕ
ਸਿਰਫ਼ ਪਾਤਰ ਬਦਲਦੇ ਹਨ ਜਾਂ ਘਟਨਾਵਾਂ ਤੇ ਦ੍ਰਿਸ਼
ਥੀਮ ਓਹੀ ਰਹਿੰਦਾ ਹੈ
ਇਸ ਲਈ ਕੁਝ ਵੀ ਓਪਰਾ ਨਹੀਂ ਲਗਦਾ ਕਈਆਂ ਨੂੰ
ਪਰ ਜੇ ਤੀਜਾ ਨੇਤਰ ਖੁਲ੍ਹ ਜਾਵੇ
ਤਾਂ ਸੰਵੇਦਨਾ ਜ਼ਖ਼ਮੀ ਹੁੰਦੀ ਹੈ, ਚੇਤਨਾ ਤੜਫਦੀ ਹੈ
ਤੇ ਝੁੰਜਲਾਹਟ ਵਿਚ ਆ ਕੇ ਪਾਰਲੀਮੈਂਟ ਹਾਊਸ ਦੀਆਂ
ਕੰਧਾਂ ਨਾਲ ਸਿਰ ਮਾਰਨ ਨੂੰ ਜੀਅ ਕਰਦਾ ਹੈ।
ਪਰ ਜਦੋਂ ਉਥੇ ਤੈਨਾਤ ਸੁਰੱਖਿਆ ਦਸਤੇ ਦੇ ਕਰਮਚਾਰੀ
ਨਰਮੀ ਤੇ ਸਦਭਾਵਨਾ ਸਦਕਾ ਧੱਕੇ ਮਾਰ ਮਾਰ ਸੜਕ 'ਤੇ ਸੁੱਟ ਦੇਣ



ਤਾਂ ਬੰਦਾ ਕੀ ਕਰ ਸਕਦਾ ਹੈ ?
ਧਾਈਂ ਮਾਰਕੇ ਰੋਵੇ ਚੀਖੇਗਾ, ਕੋਈ ਨਾਅਰਾ ਬੁਲੰਦ ਕਰੇਗਾ
ਜਾਂ ਕੋਈ ਇਨਕਲਾਬੀ ਗੀਤ ਗਾਵੇਗਾ।
ਚੁੱਪ ਹਰਗਿਜ਼ ਨਹੀਂ ਰਹਿ ਸਕਦਾ।

**ਚੁੱਪ - 3**

ਇਕ ਚੁੱਪ ਉਹ ਹੁੰਦੀ
ਜਦੋਂ ਠੋਸ ਬੁੱਧ-ਬਿਬੇਕ ਦਾ ਹੋ ਜਾਵੇ
ਤਰਲ ਤੇ ਸੂਖ਼ਮ ਭਾਵਨਾ ਵਿਚ ਰੂਪਾਂਤਰਣ
ਮਹਿਬੂਬ ਦੀ ਮੌਜੂਦਗੀ 'ਚ ਜੰਮ ਜਾਂਦੇ ਬੁੱਲ੍ਹਾਂ ਉਤੇ ਬੋਲ
ਸ਼ਾਂਤ ਖ਼ਾਮੋਸ਼ੀ 'ਚ ਢਲ ਜਾਵੇ ਖ਼ੌਲਦਾ ਸਾਗਰ
ਇਕ ਬਿੰਦੂ 'ਤੇ ਇਕਾਗਰ ਹੋ ਟਿਕ ਜਾਵੇ ਚੰਚਲ ਮਨ।
ਦੇਹੀ ਨੂੰ ਪਿੱਛੇ ਛੱਡ ਆਤਮਾ ਥਿਰਕ ਥਿਰਕ ਜਾਏ
ਮਰਦਾਨੇ ਦੀ ਰਬਾਬ ਦੀ ਇਲਾਹੀ ਸੁਰ 'ਤੇ ਸਮਾ ਜਾਵੇ
ਪਸ਼ੂ-ਪੰਛੀਆਂ ਨੂੰ ਮੋਹਤ ਕਰਨ ਵਾਲੀ ਬੰਸੀ ਦੀ ਧੁਨ ਵਿਚ
ਸ਼ਿਵਾਲੇ 'ਚ ਪੂਰੇ ਜਾਂਦੇ ਸੰਖ ਦੇ ਨਾਦ
ਮਸਜਿਦ 'ਚੋਂ ਉਠਦੀ ਆਜ਼ਾਨ ਦੀ ਆਵਾਜ਼ ਦੀਆਂ ਲਹਿਰਾਂ 'ਤੇ ਸਵਾਰ
ਗੁਆਚ ਜਾਂਦੀ ਕਿਧਰੇ ਅਗੰਮ ਵਿਚ
ਸਾਵਣ ਦੀ ਰਿਮਝਿਮ ਰਿਮਝਿਮ ਮੇਰੇ ਕੰਨਾਂ 'ਚ ਸ਼ਹਿਦ ਬਣ ਡੁਲ੍ਹਦੀ
ਪੂਰਨਮਾ ਦੀ ਰਾਤ ਦੁੱਧ ਦੀਆਂ ਧਾਰਾਂ ਬਣ ਚਾਨਣੀ ਮੇਰੀਆਂ ਅੱਖਾਂ ਵਿਚ ਜੀਰਦੀ
ਪਹਿਨ ਲੈਂਦਾ ਮੈਂ ਫੁੱਲਾਂ ਕਲੀਆਂ ਦੀ ਮਹਿਕ ਦਾ ਲਿਬਾਸ
ਚਹਿਕਦਾ ਦੂਧੀਆ ਪਹੁਫੁਟਾਲਾ, ਗੁਟਕਦਾ ਘੁਸਮੁਸਾ ਸ਼ਾਮ ਦਾ
ਮੇਰੇ ਪੈਰਾਂ ਵਿਚ ਘੁੰਗਰੂ ਬਣ ਛਣਕਦਾ - ਵਾਹ ! ਕੈਸਾ ਨਾਚ ਗਾਨ ਹੈ
ਮੇਰੇ ਲਈ ਕੋਈ ਵੀ ਆਵਾਜ਼ ਨਾ ਨਾ ਕੋਈ ਸ਼ੋਰ,
ਅੰਦਰ ਜਾਂ ਬਾਹਰ ਸਭ ਮੇਰੀ ਚੁੱਪ ਦਾ ਸਮਾਨ ਹੈ।
ਮੈਂ ਤੇ ਪ੍ਰਕਿਰਤੀ ਦੋਵੇਂ ਇਕਮਿਕ ਸਭਿਅਤਾ ਤੇ ਸਭਿਆਚਾਰ ਤੋਂ
ਹੋਣੀ ਦੇ ਮਨੁੱਖ 'ਤੇ
ਜਾਂ ਫੇਰ ਆਪਣੇ ਆਪ 'ਤੇ ਮਨੁੱਖ ਦੇ ਪਹਿਲੇ ਅਤਿਆਚਾਰ ਤੋਂ ਦੂਰ
ਕੁਦਰਤ ਦੀ ਗੋਦ ਵਿਚ ਨਿਸੱਲ ਹੋ ਬੇਫ਼ਿਕਰੀ ਦੀ ਡੂੰਘੀ ਨੀਂਦ ਸੌਣਾ
ਜਾਣੋ ਕਿਸੇ ਮਾਂ ਦਾ ਆਪਣੇ ਸੁਹਣੇ ਚੰਦ ਨੂੰ ਮੋਢੇ ਨਾਲ ਲਾ ਕੇ
ਅੱਖਾਂ ਵਿਚ ਸੁਪਨੇ ਸੁਨਹਿਰੇ ਸਜਾ ਕੇ
ਗੀਤ ਕੋਈ ਗਾਉਣਾ, ਲੋਰੀਆਂ ਸੁਣਾਉਣਾ
ਇਹ ਵੀ ਇਕ ਚੁੱਪ ਹੈ - ਇਹ ਕੈਸੀ ਚੁੱਪ ਹੈ ! ?

(ਬੀ. ਅਲਾਹਾਬਣ ਬੈਂਕ ਅਪਾਰਟਮੈਂਟਸ, ਮਯੂਰ ਕੁੰਜ, ਦਿੱਲੀ - 110096)

# ਮਹਿੰਦੀ ਦਾ ਸਫਰ

ਮਦਨ ਵੀਰਾ

ਤਲੀਆਂ ਉਤੇ ਮਹਿੰਦੀ ਅਤੇ ਮਾਂਗ ਵਿਚ ਸੰਧੂਰ ਦਾ ਸੁਪਨਾ
ਜੇ ਹਰ ਮੁਟਿਆਰ ਦੀ ਰੀਝ ਹੈ ਤਾਂ ਉਸਦੀ ਵੀ ਹੋਵੇਗੀ

ਪਰ ਟੁੱਟ ਰਹੇ ਘਰ ਨੂੰ ਸੰਭਾਲਦੀ ਨਿੱਕਿਆਂ ਨੂੰ ਪਾਲਦੀ
ਉਹ ਘਰ ਵਿਚ ਰੁੱਝ ਗਈ ਏਨੀ
ਤੇ ਕਮਲੀ ਡੁੱਬ ਗਈ ਏਨੀ
ਕਿ ਉਸਨੂੰ ਯਾਦ ਨਾ ਰਹੇ ਉਮਰ ਦੇ ਹਾੜ੍ਹ, ਖਹਿ ਕੇ ਗੁਜ਼ਰਦੇ ਸਿਆਲ
ਕਦੋਂ ਵਿਧਵਾ ਮਾਂ ਦੇ ਸੰਦੂਕ ਨੂੰ
ਘੁਣ ਨੇ ਖਾ ਲਿਆ
ਜਿਸ ਵਿਚ ਰੱਖਿਆ ਸੀ ਉਸਦਾ ਸੂਹਾ ਸਾਲੂ
ਕਦੋਂ ਸਿਖਰ ਦੁਪਹਿਰੇ ਕੁਮਲਾ ਗਈ
ਵਿਹੜੇ 'ਚ ਲੱਗੀ ਦੁਪਹਿਰ ਖਿੜੀ
ਉਸਨੂੰ ਖ਼ਬਰ ਨਹੀਂ ਸੀ

ਸ਼ਾਇਦ ਉਸ ਨੂੰ ਇਲਮ ਹੋਵੇ ਗੁਲਾਬੀ ਸਫ਼ੇ ਉਤੇ ਲਿਖੇ ਹਰਫਾਂ ਦਾ
ਤੇ ਇਨ੍ਹਾਂ ਦੇ ਮੋਹ-ਭਿੱਜੇ ਸੰਬੋਧਨਾਂ ਦਾ
ਪਰ ਘਰ ਦੀਆਂ ਲੋੜਾਂ ਦੀ ਸੂਚੀ ਬਹੁਤ ਲੰਬੀ ਸੀ
ਸੋ ਉਹ ਰੁੱਝੀ ਹੋਈ ਸੀ ਟਿਊਸ਼ਨ ਵਰਕ 'ਚ
ਦਫ਼ਤਰ 'ਚ ਖਰਾਇਤ ਵਾਂਗ ਮਿਲਦੇ ਓਵਰ ਟਾਇਮ 'ਚ

ਉਹ ਬਿਜ਼ੀ ਸੀ -
ਅਖ਼ਬਾਰਾਂ ਦੇ ਮੈਟਰੀਮੋਨੀਅਲ ਵਾਲੇ ਸਫ਼ਿਆਂ 'ਚ
ਤਾਂ ਕਿ ਛੋਟੀ ਨੂੰ ਮਿਲ ਸਕੇ ਕੋਈ ਯੋਗ ਵਰ-ਸਰਦਾ ਪੁੱਜਦਾ ਘਰ
ਤੇ ਆਪ ਉਹ ਘਰ ਦੀਆਂ ਕੰਧਾਂ ਵਿਚ ਚਿਣ ਹੁੰਦੀ ਰਹੀ
ਤਾਂ ਕਿ ਘਰ ਸਲਾਮਤ ਰਹੇ

ਇਹ ਤਾਂ ਕੋਈ ਨਹੀਂ ਜਾਣਦਾ
ਕਿ ਹੁਣ ਉਸਨੂੰ ਤਲੀਆਂ ਉਤੇ
ਮਹਿੰਦੀ ਸਜਾਉਣ ਦੀ ਰੀਝ ਹੈ ਜਾਂ ਨਹੀਂ
ਪਰ ਇਹ ਸਭ ਦੇਖਣ ਵਾਲੇ ਜਾਣਦੇ ਹਨ
ਕਿ ਉਹ ਸਿਰ ਦੇ ਵਾਲਾਂ ਨੂੰ ਮਹਿੰਦੀ ਲਗਾਉਂਦੀ ਹੈ...

(ਰੂਰਲ ਡਿਸਪੈਂਸਰੀ, ਬੁੱਢੀਪਿੰਡ, ਜ਼ਿਲਾ ਹੁਸ਼ਿਆਰਪੁਰ - 144212)



# ਤਿੰਨ ਕਵਿਤਾਵਾਂ

ਗੁਰਮੀਤ ਕੱਲਰਮਾਜਰੀ

## ਜੇਬ

ਮੇਰੀ ਜੇਬ ਵਿਚ
ਸੁਰੱਖਿਅਤ ਹਨ ਕੁਝ ਅਧਿਕਾਰ
ਕਿਸੇ ਰੈਸਤੋਰਾਂ 'ਚ ਬਹਿਕੇ ਮੌਜ ਕਰਨ ਦੇ ਕੁਝ ਪਲ
ਪਤਨੀ ਲਈ ਨਵੇਂ ਸੂਟ ਦੀ ਯੋਜਨਾ
ਪ੍ਰੇਮਿਕਾ ਨੂੰ ਖਤ ਲਿਖਣ ਲਈ ਕੁਝ ਸ਼ਬਦ
ਤੇ ਬੱਚਿਆਂ ਦੀ ਸਕੂਲ-ਫੀਸ ਤੋਂ ਲੈ ਕੇ
ਖਿਡਾਉਣੇ ਖਰੀਦਣ ਤਕ ਕੁਝ ਅਧਿਕਾਰ ਮਹਿਫੂਜ਼ ਹਨ
ਮੇਰੀ ਜੇਬ ਵਿਚ।
ਮਹਿਫੂਜ਼ ਹੈ ਮੰਦਰ ਲਈ ਕੁਝ ਦਾਨ
ਪਰਲੋਕ 'ਚ ਸਹਾਈ ਹੋਣ ਲਈ ਕੁਝ ਪਿਤਰ-ਦਾਨ
ਪਾਂਡਿਆਂ ਲਈ ਕੁਝ ਗੰਗਾ-ਇਸ਼ਨਾਨ
ਤੇ ਕਾਜ਼ੀ ਦੇ ਕੁਝ ਸ਼ੌਕ ਵੀ ਅਮਾਨਤ ਹਨ - ਮੇਰੇ ਕੋਲ
ਮਾਂ ਦੀ ਅਸੀਸ, ਪਿਓ ਦੇ ਚਿਹਰੇ ਦੀ ਹਾਸੀ
ਭੈਣ ਦੀ ਰੱਖੜੀ ਤੇ ਛੋਟੇ ਭਰਾ ਦੇ ਨਿੱਕੇ ਨਿੱਕੇ ਸੁਪਨਿਆਂ ਸਮੇਤ
ਹੋਰ ਵੀ ਬਹੁਤ ਕੁਝ ਸਲਾਮਤ ਹੈ ਇਸ ਵਿਚ
ਅਖਬਾਰਾਂ ਦੀਆਂ ਸੁਰਖ਼ੀਆਂ, ਟੀਵੀ ਦੀ ਕਿਸ਼ਤ
ਦੀਵਾਲੀ ਦੀ ਮਿਠਾਈ ਤੇ ਫੁਲਝੜੀਆਂ ਸਮੇਤ
ਥੋੜ੍ਹਾ ਜਿਹਾ ਸਫਰ ਵੀ ਹੈ - ਇਸ ਵਿਚ ਕੈਦ।
ਕਦੇ ਕਦੇ ਜਾਪਦਾ ਹੈ ਸੜਕ ਕੰਢੇ ਖੜ੍ਹੇ ਮੰਗਤੇ ਤੋਂ ਲੈ ਕੇ
ਚੌਕ 'ਚ ਖੜ੍ਹੇ ਸਿਪਾਹੀ ਤਕ ਦੇ
ਥੋੜ੍ਹੇ ਥੋੜ੍ਹੇ ਅਧਿਕਾਰ ਹਨ ਇਸ ਜੇਬ ਵਿਚ।
ਭਰੀ ਹੁੰਦੀ ਹੈ ਤਾਂ ਰਾਤ ਸੁਹਾਵਣੀ ਲਗਦੀ ਹੈ
ਖਾਲੀ ਹੁੰਦੀ ਹੈ ਤਾਂ ਮਨ ਉਦਾਸ ਹੁੰਦਾ ਹੈ।

## ਫਰਕ

ਸਫਰ ਸਮੇਂ
ਕਾਫਲੇ ਤੋਂ ਥੋੜ੍ਹੇ ਜਹੇ ਫਰਕ ਨਾਲ ਟੁਰਦਾ ਹਾਂ ਮੈਂ।
ਪਹਾੜ ਦੀ ਚੋਟੀ 'ਤੇ ਪਹੁੰਚ ਕੇ ਹਮੇਸ਼ਾਂ ਹੋ ਜਾਂਦਾ ਹਾਂ ਖ਼ਾਮੋਸ਼
ਬਰਫ਼ ਜਿੱਥੋਂ ਤੁਪਕਾ ਤੁਪਕਾ ਹੋ ਕੇ - ਪਿਘਲ ਗਈ ਹੈ।

ਮੈਂ ਅਕਾਸ਼ ਦੇ ਖਲਾਅ ਬਾਰੇ ਕਵਿਤਾ ਨਹੀਂ ਲਿਖਦਾ
ਨਾ ਹੀ ਚਾਨਣੀ ਬਾਰੇ ਗਾਉਂਦਾ ਹਾਂ - ਗੀਤ
ਉਸ ਬ੍ਰਹਮੰਡ ਦੀ ਗੱਲ ਨਹੀਂ ਕਰਦਾ
ਗਾਉਂਦੀ ਨਹੀਂ ਜਿੱਥੇ ਕੂੰਜਾ ਦੀ ਡਾਰ
ਮਹਿਕਦੀ ਨਹੀਂ ਜਿੱਥੇ ਰੰਗਾਂ ਦੀ ਬਹਾਰ।
ਉਸ ਜ਼ਮੀਨ ਬਾਰੇ ਵੀ ਮੈਂ ਕਵਿਤਾ ਨਹੀਂ ਲਿਖਦਾ
ਜਿਸ ਦਾ ਵਾਰਸ ਹੈ ਕੋਈ ਚੰਗੇਜ਼ੀ ਖ਼ਾਨਦਾਨ
ਜਿੱਥੇ ਅੱਜ ਵੀ ਕਾਇਮ ਨੇ ਜੁਆਲਾਮੁਖੀ ਦੇ ਨਿਸ਼ਾਨ
ਮੈਂ ਉਹਨਾਂ ਲੋਕਾਂ ਬਾਰੇ ਨਈਂ ਬੋਲਦਾ
ਜਿਨ੍ਹਾਂ ਦੇ ਮੂੰਹਾਂ 'ਚ ਸੁਰੱਖਿਅਤ ਨੇ ਚਗਲੇ ਹੋਏ ਸੁਆਦ
ਜਿਨ੍ਹਾਂ ਦੇ ਪੋਟਿਆਂ 'ਚ ਲਰਜ਼ਦਾ ਹੈ ਜੰਗਲੀ ਸੰਗੀਤ ਦਾ ਰਿਆਜ਼।
ਤੇ ਜਿਨ੍ਹਾਂ ਨੂੰ ਹੈ ਆਪਣੇ ਬਾਬਰੀ ਖ਼ਾਨਦਾਨਾਂ 'ਤੇ ਨਾਜ਼।
ਮੈਂ ਉਹਨਾ ਨਾਲੋਂ ਥੋੜ੍ਹੇ ਜਹੇ ਫਰਕ ਨਾਲ ਟੁਰਦਾ ਹਾਂ
ਥੋੜ੍ਹੇ ਜਹੇ ਫਰਕ ਨਾਲ ਲਿਖਦਾ ਹਾਂ।

### ਜਦੋਂ ਵੀ

ਜਦੋਂ ਵੀ ਮੇਰੀ ਪਤਨੀ ਕਰਦੀ ਹੈ ਬਾਜ਼ਾਰ ਜਾਣ ਦੀ ਗੱਲ
ਤ੍ਰਭਕ ਉਠਦਾ ਹਾਂ ਮੈਂ
ਤਿਲ੍ਹਕ ਜਾਂਦਾ ਹਾਂ ਉਸ ਦੀਆਂ ਨਜ਼ਰਾਂ 'ਚੋਂ।

ਉਹਦੀਆਂ ਅੱਖਾਂ 'ਚ ਚਮਕਦੀਆਂ ਹਨ
ਉਸ ਦੀ ਨੰਨ੍ਹੀ ਮੁੰਨ੍ਹੀ ਬੱਚੀ ਲਈ ਰੰਗਦਾਰ ਫਰਾਕਾਂ
ਸੁਨਹਿਰੀ ਫਰੇਮਾਂ ਤੇ ਸੋਨੇ ਰੰਗੀ ਭਾਅ ਮਾਰਦੀਆਂ ਵਿਦੇਸ਼ੀ ਚੂੜੀਆਂ।
ਮੇਰੇ ਸਾਹਵੇਂ ਅਕਸਰ ਉਹ
ਰੰਗਦਾਰ ਫਨੂਸਾਂ, ਬੱਚਿਆਂ ਦੇ ਖਿਡਾਉਣਿਆਂ, ਪਲਾਸਟਿਕ ਦੇ ਫੁੱਲਾਂ
ਖ਼ੁਸ਼ਬੂਦਾਰ ਇਤਰ ਦੀਆਂ ਸ਼ੀਸ਼ੀਆਂ ਬਾਰੇ
ਕਰਦੀ ਰਹਿੰਦੀ ਹੈ ਸੰਵਾਦ।

ਅਕਸਰ ਮਾਪਦੇ ਰਹਿੰਦੇ ਹਨ ਉਹਦੇ ਸੁਬ੍ਹਕ ਜਹੇ ਕਦਮ
ਬਾਜ਼ਾਰ ਦਾ ਪਾਰਦਰਸ਼ੀ ਨਜ਼ਾਰਾ
ਸੁਰਖ ਹੋ ਜਾਂਦਾ ਹੈ ਉਸ ਦਾ ਅਣਭੋਲ ਜਿਹਾ - ਚਿਹਰਾ
ਜਦੋਂ ਉਹ ਚਾਂਦੀ ਦੇ ਗਹਿਣਿਆਂ ਦੀ ਕਰਦੀ ਹੈ - ਫ਼ੁਰਮਾਇਸ਼।
ਮੈਂ ਉਸ ਵੇਲੇ - ਬਿਲਕੁਲ ਉਸ ਵੇਲੇ ਲਿਖ ਰਿਹਾ ਹੁੰਦਾ ਹਾਂ
ਬਾਜ਼ਾਰ ਦੀ ਚਮਕ ਦੇ ਖਿਲਾਫ਼ - ਇਕ ਕਵਿਤਾ।

(ਪੰਜਾਬੀ ਲੈਕਚਰਾਰ, ਸਰਕਾਰੀ ਸ. ਸ. ਸਕੂਲ, ਭਾਦਸੋਂ, ਜ਼ਿਲਾ ਪਟਿਆਲਾ)



## ਦੋ ਕਵਿਤਾਵਾਂ

ਸ਼ਮਸ਼ੇਰ ਢਪਾਲੀ

### ਬਸੰਤ ਰੁੱਤ

ਏਹ ਉਮਰ ਸਭ 'ਤੇ ਆਉਂਦੀ ਏ ਬੀਬਾ!
ਜਦੋਂ ਕਿਸਾਨ ਪੁੱਤ ਨੂੰ ਹਲ ਸਿਖਾਉਂਦਾ ਏ
ਤਰਖ਼ਾਨ ਮੰਜਿਆਂ ਦੇ ਪਾਵਿਆਂ 'ਚ ਸੱਲ ਪਾਉਂਦਾ ਏ
ਤੇ ਘੁਮਿਆਰ ਭਾਂਡੇ ਬਣਾਉਂਦਾ ਏ
ਬੀਬੀ ਜੀ! ਤੇਰੇ ਵਾਂਗ ਹੀ ਸੋਚਦੇ ਨੇ ਸਾਰੇ ਹਰਾ-ਹਰਾ

ਏਹ ਉਮਰ 'ਚ ਬੱਚੇ ਅਸਮਾਨ 'ਤੇ ਸੱਤ ਰੰਗੀ ਪੀਂਘ ਪਾਉਂਦੇ ਨੇ
ਕੀੜੇ-ਮਕੌੜੇ ਧਰਤੀ 'ਚੋਂ ਨਿਕਲ ਆਉਂਦੇ ਨੇ

ਏਹ ਉਮਰ 'ਚ ਬੰਦੇ ਨੂੰ ਪਹਾੜ ਔਰਤ ਦੀ ਛਾਤੀ ਲੱਗਦਾ ਏ
ਬੰਦਾ ਪਹਾੜ ਦੀ ਟੀਸੀ 'ਤੇ ਚੜ੍ਹ ਸਵਰਗ ਨੂੰ ਗਾਲ ਕੱਢਦਾ ਏ

ਏਹ ਉਮਰ ਔਰਤ ਦੇ ਹੱਥਾਂ 'ਚੋਂ ਗਿੱਲੀ ਸਾਬਣ ਬਣ ਸਰਕਦੀ ਏ
ਦਿਲ ਦੀ ਧੜਕਣ ਟੀਨ ਵਾਲੀ ਛੱਤ 'ਤੇ ਮੀਂਹ ਦੀ ਬੂੰਦ ਬਣ ਟਪਕਦੀ ਏ

ਏਹ ਉਮਰ ਰੇਤ ਦੀ ਅੱਖ 'ਚ ਵਸੀ ਹੋਈ ਮ੍ਰਿਗਤ੍ਰਿਸ਼ਨਾ ਦਾ ਨਾਂ ਏ
ਜਿੱਥੇ ਦੇਹ ਧਾਰੀਆਂ ਲਈ ਘੜੀ-ਪਲ ਹੀ ਰੁਕਣੇ ਦੀ ਥਾਂ ਏ
ਜਿੱਥੇ ਨਾ ਕੋਈ ਪੁੱਤ ਪੂਰਨ ਏ, ਨਾ ਕੋਈ ਲੂਣਾ ਮਾਂ ਏ

ਸਭ ਜੱਗ ਬੱਦਲਾਂ ਦੀ ਛਾਂ ਏ
ਏਥੇ ਤੁਸੀਂ ਵੀ ਭਰੇ-ਭਰਾਏ ਵਰਸ ਜਾਵਣ ਲਈ ਆਏ ਹੋ ਬੀਬਾ ਜੀ!
ਸਭ ਦੀ ਤੇਰੇ ਵਾਂਗ ਹਰਾ-ਹਰਾ ਸੋਚਦਿਆਂ...
ਏਹ ਉਮਰ ਸੱਪ ਦੀ ਕੁੰਜ ਵਾਂਗ ਲਹਿ ਜਾਂਦੀ ਏ ਬੀਬਾ!

### ਦੇਹ ਦਾ ਪਰਛਾਵਾਂ

ਜਿਵੇਂ ਖੁੱਲ੍ਹੇ-ਖਲਾਅ ਵਿਚ ਤੈਰਦੀਆਂ ਨੇ ਕੂੰਜਾਂ
ਪਰਛਾਵੇਂ ਧਰਤੀ 'ਤੇ
ਸੁਰਤੀ ਆਲ੍ਹਣਿਆਂ 'ਚ
ਤੂੰ ਏਸ ਤਰ੍ਹਾਂ ਮੈਥੋਂ ਵਿਦਾ ਹੋਵੀਂ
ਜਿਵੇਂ ਬੱਚੇ ਤੁਰਨਾ ਸਿੱਖਦੇ ਨੇ
ਕੁਆਰੀਆਂ ਫੁੱਲ ਕੱਢਦੀਆਂ ਨੇ

ਬੁੱਢੇ ਅਰਦਾਸ ਕਰਦੇ ਨੇ
ਤੂੰ ਏਸ ਤਰ੍ਹਾਂ ਮਿਲੀਂ ਆਪਣੇ-ਆਪ ਨੂੰ

ਜਿਵੇਂ ਗੁੜ ਵਿਚ ਸੁਆਦ ਹੁੰਦੈ, ਸੂਰਜ ਵਿਚ ਲਾਲੀ
ਤੂੰ ਏਸ ਤਰ੍ਹਾਂ ਸਾਂਭ ਰੱਖੀਂ ਮਾਂ-ਬੋਲੀ

ਜਿਵੇਂ ਭੱਠੀ 'ਤੇ ਦਾਣੇ-ਭੁੰਨਾਉਂਦੇ ਨੇ ਬੱਚੇ
ਸਾਉਣ ਮਹੀਨੇ ਘਾਹ ਉਗਦੇ ਨੇ
ਤੂੰ ਏਸ ਤਰ੍ਹਾਂ ਸੋਚੀਂ ਪਰਾਏ-ਦੇਸ਼ ਬਾਰੇ

ਜਿਵੇਂ ਗੁਰਦੁਆਰੇ ਦਾ ਭਾਈ-ਜੀ ਹੁੰਦੈ
ਸੱਥ ਦਾ ਚੌਂਤਰਾ ਹੁੰਦੈ, ਸ਼ਾਮਲਾਟ ਦਾ ਰੁੱਖ ਹੁੰਦੈ
ਤੂੰ ਏਸ ਤਰ੍ਹਾਂ ਰਹੀਂ ਆਪਣੇ ਘਰ ਵਿਚ...

ਮੇਰੀ ਪੰਜ-ਤੱਤਾਂ ਦੀ ਦੇਹ ਦੇ ਪਰਛਾਵੇਂ !

(ਖੋਜ ਵਿਦਿਆਰਥੀ, ਕਮਰਾ ਨੰਬਰ 451, ਹੋਸਟਲ 5, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)

## ਗ਼ਜ਼ਲ

ਹਰੀ ਸਿੰਘ 'ਮੋਹੀ'

ਇਕ ਅਕੀਦਤ ਹਾਂ ਮੈਂ ਤੇਰੇ ਪਰਦਿਆਂ ਦੇ ਏਸ ਪਾਰ ।
ਤੇਰੀ ਖ਼ੁਸ਼ਬੂ ਹਾਂ ਤਿਰੇ, ਬਾਗੀਚਿਆਂ ਦੇ ਏਸ ਪਾਰ ॥
ਕੇਰ ਨਾ ਕੰਕਰ ਮਿਰੀ, ਜ਼ੱਰਾ-ਨਿਵਾਜ਼ੀ ਦੇ ਲਈ
ਹੰਸ ਦੀ ਤ੍ਰਿਸ਼ਨਾ ਹਾਂ ਤੇਰੇ, ਮੋਤੀਆਂ ਦੇ ਏਸ ਪਾਰ !
ਅੱਖੀਆਂ 'ਚੋਂ ਤੇਰੇ ਅਰਮਾਨਾਂ ਦੇ ਅੱਖਰ ਕੂਕਦੇ,
ਪੜ੍ਹ ਰਿਹਾਂ ਤੇਰੀ ਇਬਾਰਤ, ਅੱਥਰੂਆਂ ਦੇ ਏਸ ਪਾਰ ।
ਵਹਿ ਗਈ ਹੈ ਅਥਰੂਆਂ ਦੇ ਨਾਲ ਅੱਖੀਆਂ ਦੀ ਮਹਿਕ,
ਸੁੱਕ ਗਿਆ ਹੈ ਬਾਗ ਰੁੱਸੀਆਂ ਬੱਦਲੀਆਂ ਦੇ ਏਸ ਪਾਰ ।
ਚੀਰ ਕੇ ਪੱਟਾਂ ਨੂੰ ਕੋਈ ਭੁੰਨ ਰਿਹਾ ਹੈ ਓਸ ਪਾਰ,
ਖੁਰ ਰਿਹੈ ਇਕਰਾਰ ਕੋਈ, ਮਿਲਣੀਆਂ ਦੇ ਏਸ ਪਾਰ ।
ਤੁਰ ਗਿਆ ਡੋਲੀ 'ਚ ਬਹਿ, ਖ਼ਾਮੋਸ਼, ਖ਼ੁਸ਼ੀਆਂ ਦਾ ਸੁਪਨ,
ਆਸ ਉਸ ਦੇ ਮੇਲ ਦੀ, ਮੋਈ ਗਰਾਂ ਦੇ ਏਸ ਪਾਰ ।
ਮਾਣ ਅਪਣੀ ਰੋਸ਼ਨੀ 'ਤੇ, ਸੂਰਜਾਂ ਨੂੰ ਹੈ ਬਹੁਤ,
ਫਿਰ ਵੀ ਗੇੜੇ ਦੇਣ ਸਾਡੇ, ਜੁਗਨੂੰਆਂ ਦੇ ਏਸ ਪਾਰ ।
ਹੁਸਨ ਰੁਸਵਾ ਹੋ ਨਾ ਜਾਏ, ਹੌਸਲਾ ਚੁੱਪ ਹੀ ਰਿਹਾ,
ਬੇਬਸੀ ਨਾ ਆ ਸਕੀ, ਮਜਬੂਰੀਆਂ ਦੇ ਏਸ ਪਾਰ ।
ਤੋਰ ਤਾਂ ਦਿੱਤੀ ਕਿਸੇ ਨੇ ਮੁਫ਼ਲਿਸੀ ਮੇਰੀ ਮਗਰ,
ਝਾਤੀਆਂ ਪਾਉਂਦਾ ਰਿਹਾ, ਫਿਰ ਵੀ ਦਰਾਂ ਦੇ ਏਸ ਪਾਰ ।

(ਸਿਟੀ ਸੈਂਟਰ, ਕੋਟਕਪੂਰਾ - 151204)



## ਦੋ ਕਵਿਤਾਵਾਂ

ਗੁਰਿੰਦਰ ਸਿੰਘ ਕਲਸੀ

### ਫੁੱਲ

ਫੁੱਲਾਂ ਦੇ ਅਨੇਕ ਨਾਮ ਨੇ
ਗੇਂਦਾ, ਗੁਲਾਬ, ਚਮੇਲੀ - ਬਰਫ਼, ਡੇਲੀਆ, ਗੁਲਦਾਊਦੀ
ਅਣਗਿਣਤ ਨਾਮ ਨੇ, ਪਰ ਅਸੰਖਾਂ ਹੀ ਬੇਨਾਮ ਨੇ - ਆਵਾਰਾ, ਜੰਗਲੀ
ਲੰਮੇ ਲੰਮੇ ਘਾਹ ਦੀਆਂ ਜੜ੍ਹਾਂ 'ਚੋਂ ਮੁਸਕਰਾਉਂਦੇ ਹੋਏ
ਕਿਸੇ ਉਜਾੜ ਬੀਆਬਾਨ ਥਾਂ 'ਤੇ ਆਪਣੀ ਮਹਿਕ ਲੁਟਾਉਂਦੇ ਹੋਏ
ਅਣਜਾਣੇ ਰੰਗਾਂ ਵਾਲੇ ਅਨੇਕ ਨਾਮ ਨੇ
ਮੇਰੀ ਜਾਣਕਾਰੀ ਦੇ ਕਲਾਵੇ ਤੋਂ ਬਾਹਰ ।

ਮੈਂ ਫੁੱਲਾਂ ਨੂੰ ਮਿਲਦਾ ਹੀ ਕਿੱਥੇ ਹਾਂ
ਹਰ ਸਵੇਰ ਦਫ਼ਤਰ ਤੋਂ ਬਾਹਰ ਬਸ ਕਿਆਰੀਆਂ ਵਿਚ
ਜਾਂ ਕਿਸੇ ਭੀੜ ਭਰੇ ਸਮਾਗਮ ਸਮੇਂ
ਸੈਂਟਰ-ਟੇਬਲ 'ਤੇ ਮੁਸਕਰਾਉਂਦੇ ਹੋਏ ।
ਬਾਗਾਂ ਦੀ ਜ਼ਮੀਨ ਤਾਂ ਹੜੱਪ ਕਰ ਗਏ ਨੇ ਬਾਜ਼ਾਰ
ਜਿੱਥੇ ਵਿਕਦੀ ਐ ਹਰ ਸ਼ੈਅ ਫੁੱਲਾਂ ਸਮੇਤ
ਤੇ ਸ਼ਹਿਰੀ ਦਿਮਾਗਾਂ 'ਚ ਵੜ ਗਈ ਐ ਬਾਜ਼ਾਰ ਦੀ ਬੋਲੀ ।

ਹੁਣ ਮੈਂ ਫੁੱਲਾਂ ਨੂੰ ਮਿਲਦਾ ਹੀ ਕਿੱਥੇ ਹਾਂ ।

### ਰੇਤ, ਸਫ਼ਰ ਤੇ ਸੁਪਨੇ

ਜਦ ਮੈਂ ਹੀ ਤੂੰ ਹਾਂ
ਫਿਰ ਕਿਉਂ ਕਹਾਂ : ਮੇਰੇ ਸੁਪਨਿਆਂ 'ਚ ਤੇਰੀ ਥਾਂ ।
ਜਦ ਅੱਖਾਂ ਹੀ ਤੇਰੀਆਂ ਤੇ ਨੀਂਦ ਵੀ ਤੇਰੀ
ਫਿਰ ਸੁਪਨੇ ਵੀ ਤੇਰੇ ਤੇ ਤੂੰ ਹੀ ਉਹਨਾਂ ਵਿਚ ।

ਸਿਰਫ਼ ਜਾਗਦੀਆਂ ਅੱਖਾਂ ਨੇ ਮੇਰੀਆਂ
ਤੇ ਉਹਨਾਂ 'ਚ ਵੱਸੀ ਭਟਕਣ ਵੀ
ਹੰਝੂਆਂ ਦਾ ਤਰਲ ਵਜੂਦ ਵੀ ਮੇਰਾ, ਉਦਾਸੀ ਵੀ
ਉਦੋਂ ਸਿਰਫ਼ ਮੈਂ ਹਾਂ - ਤੇਰੀ ਭਾਲ 'ਚ ਭਟਕਦਾ ।
ਕਿੰਨੀ ਚੰਗੀ ਹੈ ਨੀਂਦ ਜਦੋਂ ਸਿਰਫ਼ ਤੂੰ ਹੈਂ
ਤੇਰੀਆਂ ਹੀ ਅੱਖਾਂ ਨੀਂਦ, ਸੁਪਨੇ, ਤਨ ਤੇ ਮਨ
ਪਰ ਜਾਗ ਕੇ ਹੈ ਸਭ ਕੁਝ ਪਰਤਦਾ ।

# ਤੀਜੇ ਦਰਜੇ ਦਾ ਡੱਬਾ

ਪਿਆਰਾ ਸਿੰਘ ਭੋਗਲ

ਸੁੰਦਰ ਸ਼ਹਿਰ ਚੰਡੀਗੜ੍ਹ ਏਨਾ ਕੁਹਜਾ ਕਦੇ ਨਹੀਂ ਸੀ ਲੱਗਾ, ਜਿੰਨਾ ਅੱਜ ਲੱਗਾ।

ਜਲੰਧਰ ਲਈ ਸ਼ਾਮ ਦੇ ਚਾਰ ਵਜੇ ਬੱਸ ਹਾਸਲ ਕਰਨੀ ਅੱਗੇ ਵੀ ਬਹੁਤ ਮੁਸ਼ਕਿਲ ਹੁੰਦੀ ਸੀ, ਪਰ ਅੱਜ ਸਵਾਰੀਆਂ ਦੇ ਕਿਊ ਦੇ ਪਿੱਛੇ ਖੜ੍ਹਿਆਂ ਇਉਂ ਮਹਿਸੂਸ ਹੋ ਰਿਹਾ ਸੀ ਕਿ ਇਹ ਕਿਊ ਹੁਣ ਸਾਰੀ ਉਮਰ ਮੁੱਕਣਾ ਹੀ ਨਹੀਂ। ਮੈਂ ਬੱਸ ਤੇ ਸੀਟ ਦੀ ਉਡੀਕ ਵਿਚ ਬੁੱਢੇ ਹੋ ਜਾਣਾ ਹੈ। ਇਹ ਤਾਂ ਪਹਿਲਾਂ ਵੀ ਦੇਖਿਆ ਹੋਇਆ ਸੀ ਕਿ ਸ਼ਾਮ ਨੂੰ ਆਪਣੀਆਂ ਮੰਜ਼ਿਲਾਂ ਲਈ ਭਟਕਦੇ ਪੁਰਖਾਂ, ਇਸਤਰੀਆਂ ਤੇ ਬੱਚਿਆਂ ਦੀ ਚਿੰਤਾ ਟ੍ਰਾਂਸਪੋਰਟਾਂ ਦੇ ਅਫ਼ਸਰਾਂ ਨੂੰ ਤਾਂ ਕੀ, ਡਰਾਈਵਰਾਂ ਤੇ ਕੰਡਕਟਰਾਂ ਨੂੰ ਵੀ ਨਹੀਂ ਹੁੰਦੀ, ਹਾਲਾਂਕਿ 99 ਫ਼ੀਸਦੀ ਡਰਾਈਵਰ ਤੇ ਕੰਡਕਟਰ ਉਹੋ ਜਿਹੇ ਘੱਟ ਆਮਦਨ ਤੇ ਘੱਟ ਵਸੀਲਿਆਂ ਵਾਲੇ ਟੱਬਰਾਂ ਵਿਚੋਂ ਹੁੰਦੇ ਹਨ, ਜਿਨ੍ਹਾਂ ਵਿਚ ਸ਼ਾਮ ਨੂੰ ਦੂਰ-ਦੁਰਾਡੇ ਪਿੰਡਾਂ ਨੂੰ ਪਹੁੰਚਣ ਲਈ ਫ਼ਿਕਰਮੰਦ ਸਵਾਰੀਆਂ ਹੁੰਦੀਆਂ ਹਨ। ਪਰ ਅੱਜ ਇਹ ਸਾਰਾ ਅਮਲਾ-ਫੈਲਾ ਮੈਨੂੰ ਬਹੁਤਾ ਹੀ ਕਠੋਰ ਤੇ ਬੇਪ੍ਰਵਾਹ ਪ੍ਰਤੀਤ ਹੋਇਆ। ਅੱਜ ਇਹ ਗੱਲ ਵਾਰ-ਵਾਰ ਮਨ ਵਿਚ ਚੋਭ ਪੈਦਾ ਕਰ ਰਹੀ ਸੀ, ਅਮੀਰ ਹੋਵੇ, ਜਾਂ ਗਰੀਬ, ਇਨਸਾਨ ਬੁਨਿਆਦੀ ਤੌਰ 'ਤੇ ਖੁਦਗਰਜ਼ ਹੈ। ਆਪਣੀ ਸੁਖ-ਸੁਵਿਧਾ ਹਾਸਲ ਕਰਕੇ ਆਪਣੇ ਵਰਗਿਆਂ ਹੋਰਾਂ ਦੀਆਂ ਲੋੜਾਂ ਤੇ ਤਕਲੀਫਾਂ ਬਾਰੇ ਅਣਭਿੱਜ ਹੋ ਜਾਂਦਾ ਹੈ।

ਲੰਬੇ ਕਿਊ ਵਿਚ ਆਪਣੀ ਥਾਂ ਨਾ ਮੱਲੀ ਜਾਵੇ, ਇਸ ਫ਼ਿਕਰ ਨਾਲ ਇਕ ਸਵਾਰੀ ਨੇ ਆਪਣੀ ਤੀਵੀਂ ਨੂੰ ਆਖਿਆ :

"ਕਾਊਂਟਰ 'ਤੇ ਪਤਾ ਕਰੋ। ਅਜੇ ਕਿੰਨੀਆਂ ਬੱਸਾਂ ਜਾਣੀਆਂ ? ਆਖ਼ਰੀ ਬੱਸ ਕਿੰਨੇ ਵਜੇ ਜਾਣੀ ਹੈ ?"

"ਬੱਸ ਦੇ ਅੱਡੇ 'ਤੇ ਪੁੰਹਚਿਆਂ ਹੀ ਪਤਾ ਲੱਗੇਗਾ, ਬੱਸ ਕਦੋਂ ਜਾਣੀ ਐ।" ਕਾਊਂਟਰ ਤੋਂ ਲਾਪ੍ਰਵਾਹੀ ਨਾਲ ਜਵਾਬ ਮਿਲਿਆ।

"ਜਾਏਗੀ, ਜਾਏਗੀ।" ਅੱਡਾ-ਇੰਚਾਰਜ ਦੇ ਦਫ਼ਤਰ ਵਿਚ ਬੈਠਾ ਇਕੋ ਇਕ ਬਾਬੂ ਬੇਰੁਖ਼ੀ ਨਾਲ ਬੋਲਿਆ।

"ਅੱਗੇ ਤਾਂ ਚਾਰ ਤੋਂ ਛੇ ਵਜੇ ਤਕ ਕਈ ਬੱਸਾਂ ਜਾਇਆ ਕਰਦੀਆਂ।" ਵਾਰ ਵਾਰ ਸਫ਼ਰ ਕਰਨ ਵਾਲੇ ਮੁਸਾਫਰ ਬੁੜ-ਬੁੜਾਏ।

ਅਖ਼ੀਰ ਸਵਾ ਪੰਜ ਵਜੇ ਜਲੰਧਰ ਦੀ ਬੱਸ ਲਈ ਟਿਕਟ ਮਿਲੀ, ਪਰ ਅੰਦਰ ਜਾ ਕੇ ਦੇਖਿਆ, ਬੈਠਣ ਲਈ ਤਾਂ ਕੀ, ਖੜ੍ਹੇ ਹੋਣ ਲਈ ਵੀ ਥਾਂ ਮਿਲਣੀ ਮੁਸ਼ਕਿਲ ਸੀ। ਪੰਦਰਾਂ ਕੁ ਮਿੰਟ ਅੰਦਰ ਖੜ੍ਹਿਆਂ ਪਹਿਲਾਂ ਥੱਕਿਆ ਸਰੀਰ ਪਸੀਨੋ-ਪਸੀਨਾ ਹੋ ਗਿਆ।

ਦੋ ਘੰਟੇ ਖੜ੍ਹੇ ਰਹਿ ਕੇ ਲੁਧਿਆਣੇ ਪਹੁੰਚ ਕੇ ਬੈਠਣ ਲਈ ਸੀਟ ਮਿਲੀ।

ਜਲੰਧਰ ਪਹੁੰਚਦਿਆਂ ਨੌਂ ਵੱਜ ਗਏ ਸਨ। ਪਿੰਡ ਨੂੰ ਆਖ਼ਰੀ ਬੱਸ ਤਾਂ ਲੇਟ ਤੋਂ ਲੇਟ ਸੱਤ ਵਜੇ ਨਿਕਲ ਜਾਂਦੀ ਹੈ। ਲਾਂਬੜੇ ਤਕ ਟੈਂਪੂ, ਜੋ ਪਹਿਲਾਂ ਹੀ ਸਵਾਰੀਆਂ ਨਾਲ ਤੂੜਿਆ ਪਿਆ ਸੀ, ਦੇ ਪਿਛਲੇ ਫੱਟੇ ਉਤੇ ਖੜ੍ਹੇ ਹੋਣ ਲਈ ਥਾਂ ਮਿਲੀ। ਲਾਂਬੜਿਉਂ ਸਾਇਕਲ ਚੁੱਕਿਆ ਤੇ ਸਿੱਕੇ ਵਾਂਗ ਭਾਰੀਆਂ ਹੋ ਗਈਆਂ ਲੱਤਾਂ ਚਲਾਉਂਦਾ ਦਸ ਵਜੇ ਘਰ ਪਹੁੰਚਿਆ।

"ਕਿਉਂ ਕਾਕਾ ਕੰਮ ਬਣਿਐ ?"



ਮਾਂ ਨੂੰ ਸੱਚ ਦੱਸਣ ਨੂੰ ਚਿੱਤ ਨਹੀਂ ਕੀਤਾ।

"ਕਹਿੰਦੇ ਸੀ, ਕੋਸ਼ਿਸ਼ ਕਰਾਂਗੇ।"

ਨਹਾਉਣ ਨੂੰ ਚਿੱਤ ਕਰਦਾ ਸੀ, ਪਰ ਹਿੰਮਤ ਨਹੀਂ ਸੀ। ਨਲਕਾ ਗੇੜ ਕੇ ਅੱਧੀ ਕੁ ਬਾਲਟੀ ਭਰੀ। ਮੂੰਹ ਹੱਥ, ਪੈਰ ਤੇ ਧੌਣ ਸਾਫ਼ ਕੀਤੇ। ਖੱਦਰ ਦੇ ਪਰਨੇ ਨਾਲ ਰਗੜ ਕੇ ਸੁਕਾਏ।

ਮਾਂ ਨੇ ਹਮੇਸ਼ਾਂ ਵਾਂਗ ਇਹ ਸੋਚ ਕੇ ਕਿ ਮੁੰਡਾ ਮੁਸਾਫ਼ਰੀ ਤੋਂ ਥੱਕ ਟੁੱਟ ਕੇ ਆਇਆ ਹੈ, ਕੱਦੂ ਦੀ ਸਬਜ਼ੀ ਨਾਲ ਸ਼ੱਕਰ ਤੇ ਘਿਓ ਰਲਾ ਦਿੱਤਾ ਸੀ। ਨਿਰਾਸ ਤੇ ਉਦਾਸ ਮਨ ਨਾਲ ਕਈ ਕੁਝ ਸੋਚਦਿਆਂ ਪਤਾ ਨਹੀਂ ਲੱਗਾ, ਕਦੋਂ ਚਾਰ ਪੰਜ ਰੋਟੀਆਂ ਖਾ ਗਿਆ। ਤਾਂ ਵੀ, ਖਾ ਕੇ ਕੁਝ ਜਾਨ ਪਈ।

ਮੰਜੀ 'ਤੇ ਲੇਟਿਆਂ ਜਦੋਂ ਦਧੂਨੇ ਦੇ ਕੜ੍ਹੇ ਦੁੱਧ ਦਾ ਗਲਾਸ ਮਾਂ ਨੇ ਫੜਾਇਆ, ਤਾਂ ਅੱਗੇ ਵਾਂਗ ਹੀ ਮਾਂ ਨੂੰ ਪੁੱਛਿਆ, "ਬਾਪੂ ਜੀ ਨੇ ਦੁੱਧ ਪੀਤਾ ਐ ?"

"ਹਾਂ ਪੁੱਤ।"

ਫੇਰ, ਪਤਾ ਨਹੀਂ ਲੱਗਾ, ਨੀਂਦ ਕਦੋਂ ਆ ਗਈ।

ਸਵੇਰੇ ਉਠਕੇ ਸੀਨੀਅਰ ਪਬਲਿਕ ਸੈਕੰਡਰੀ ਸਕੂਲ ਲਾਂਬੜਾ ਵਿਚ ਪੜ੍ਹਾਉਣ ਜਾਂਦਿਆਂ ਪਹਿਲੇ ਨਾਲੋਂ ਵਧੇਰੇ ਕੁੜੱਤਣ ਨਾਲ ਉਹ ਹੱਡ-ਬੀਤੀ ਯਾਦ ਆਈ, ਜਿਸਨੂੰ ਦੁਹਰਾਉਣਾ ਮੇਰੀ ਆਦਤ ਬਣ ਚੁੱਕੀ ਹੈ, ਤੇ ਜਿਸ ਨੂੰ ਦੁਹਰਾਉਂਦਿਆਂ ਸਾਇਕਲ ਦੀ ਟੱਕਰ ਸੜਕ ਉਤੇ ਅੱਗੇ ਆਉਂਦੀ ਬੱਸ, ਟੈਂਪੂ ਜਾਂ ਟਰਾਲੀ ਨਾਲ ਹੁੰਦੀ ਹੁੰਦੀ ਇਕ ਦੋ ਵਾਰ ਮਸੀਂ ਬਚੀ ਹੈ।

"ਭੂਤ ਮੈਨੂੰ ਭੂਤ ਬਣ ਕੇ ਚੰਬੜ ਗਿਆ ਹੈ।" ਮੈਂ ਸੋਚਦਾ।

ਪਰ ਹੁਣ ਜਦੋਂ ਭਵਿੱਖਤ ਹੱਥ 'ਚ ਨਹੀਂ ਆ ਰਿਹਾ, ਭੂਤ ਪਹਿਲਾਂ ਨਾਲੋਂ ਵੱਧ ਚੰਬੜੇਗਾ।

ਉਦੋਂ ਲਾਂਬੜਾ ਸਕੂਲ ਸਿਰਫ਼ ਦਸਵੀਂ ਤਕ ਸੀ।

ਮੈਟ੍ਰਿਕ ਫਸਟ ਕਲਾਸ 'ਚ ਹੀ ਨਹੀਂ ਸੀ ਪਾਸ ਕੀਤੀ, ਸਕੂਲ 'ਚੋਂ ਪ੍ਰਥਮ ਵੀ ਆਇਆ ਸਾਂ। ਗਿਆਰਵੀਂ ਕਰਨ ਲਈ ਵਜ਼ੀਫਾ ਮਿਲ ਗਿਆ। ਚਾਅ ਸੀ ਕਾਲਿਜ ਜਾਣ ਦਾ। ਸਾਇੰਸ ਪੜ੍ਹੀ ਨਹੀਂ ਸੀ। ਜੱਟਾਂ ਦੇ ਮੁੰਡੇ ਕਾਮਰਸ ਵੀ ਪੜ੍ਹ ਸਕਦੇ ਹਨ, ਇਹ ਸੋਝੀ ਨਹੀਂ ਸੀ। ਉਂਝ ਵੀ ਕਾਮਰਸ ਦੀਆਂ ਸੀਟਾਂ ਲਈ ਸ਼ਹਿਰੀ ਮੁੰਡਿਆਂ ਨੇ ਇੰਨੀ ਭੀੜ ਪਾ ਦਿੱਤੀ ਸੀ ਕਿ ਆਰਟਸ ਦੇ ਸੌਖੀ ਤਰ੍ਹਾਂ ਮਿਲਦੇ ਵਿਸ਼ੇ ਹੀ ਭਰ ਦਿੱਤੇ। ਆਮ ਪੇਂਡੂ ਮੁੰਡੇ ਇਤਿਹਾਸ ਤੇ ਰਾਜਨੀਤੀ ਸ਼ਾਸਤਰ ਭਰਦੇ ਸਨ। ਅਰਥ-ਵਿਗਿਆਨ ਸਭ ਤੋਂ ਪਹਿਲਾਂ ਭਰਿਆ, ਤੇ ਫੇਰ ਇਤਿਹਾਸ। ਇਤਿਹਾਸ ਵਿਚ ਮੈਨੂੰ ਸੰਨ ਤਾਰੀਖਾਂ ਯਾਦ ਰੱਖਣ ਦਾ ਬਹੁਤ ਸ਼ੌਕ ਸੀ।

ਪੜ੍ਹਾਈ ਸ਼ੁਰੂ ਹੋਈ, ਤਾਂ ਆਪਣੀ ਲਿਆਕਤ ਦੀ ਆਬ ਕੁਝ ਘਟਦੀ ਨਜ਼ਰ ਆਈ।

ਪਹਿਲੇ ਦਿਨ ਦੇ ਹੀ ਅਰਥ-ਵਿਗਿਆਨ ਦੇ ਪੀਰੀਅਡ ਵਿਚ ਦਿੱਲੀ ਦੇ ਸਕੂਲਾਂ-ਕਾਲਿਜਾਂ 'ਚੋਂ ਪੜ੍ਹਕੇ ਆਇਆ ਨਵਾਂ ਨਵਾਂ ਲੈਕਚਰਾਰ ਮਨਜੀਤ ਸਿੰਘ ਵਿਦਿਆਰਥੀਆਂ ਦੀ ਜਾਣ-ਪਛਾਣ ਕਰਨ ਲੱਗਿਆ ਅੰਗਰੇਜ਼ੀ ਵਿਚ ਬੋਲਿਆ - - -

"ਐਵਰੀ ਸਟੂਡੈਂਟ ਵਿਲ ਗੈਟ ਅਪ ਐਟ ਹਿਜ਼ ਸੀਟ ਐਂਡ ਇੰਟਰੋਡੀਊਸ ਹਿਮ-ਸੈਲੱਫ਼।"

ਖੱਬੇ ਪਾਸੇ ਦੇ ਪਹਿਲੇ ਹੀ ਬੈਂਚ ਉਤੇ ਬੈਠੇ, ਕਾਨਵੈਂਟ ਸਕੂਲ ਤੋਂ ਪੜ੍ਹਕੇ ਆਏ, ਗੋਰੇ ਨਿਛੋਹ ਪੁਨੀਤ ਸਿੰਘ ਨੇ ਆਪਣਾ ਨਾਮ ਬੋਲਿਆ।

"ਨੋ-ਨੋ ਯੰਗ ਮੈਨ ! ਦੈਟ ਵਿਲ ਨਾਟ ਬੀ ਐਨੱਫ। ਬੈਟਰ ਸਪੀਕ ਸਮ ਸੈਨਟੈਂਸਜ਼

ਅਬਾਊਟ ਯੂਅਰ ਫੈਮਿਲੀ-ਬੈਕਗਰਾਊਂਡ ਐਂਡ ਯੂਅਰ ਐਪਟੀਚਿਊਡ।"

ਪੁਨੀਤ ਸਿੰਘ ਨੇ ਅੰਗਰੇਜ਼ੀ ਵਿਚ ਝੁੱਟ ਝੁੱਟ ਬੋਲਦਿਆਂ ਦੱਸ ਦਿੱਤਾ ਕਿ ਮੇਰੇ ਪਿਤਾ ਜੀ ਐਕਸਾਈਜ਼ ਐਂਡ ਟੈਕਸੇਸ਼ਨ ਅਫ਼ਸਰ ਹਨ ਤੇ ਮੈਂ ਵੀ ਇਸੇ ਕਿੱਤੇ ਵਿਚ ਜਾਣਾ ਚਾਹੁੰਦਾ ਹਾਂ।

ਦੂਜੇ ਮੁੰਡੇ ਹਰਜੀਤ ਦੀ ਅੰਗਰੇਜ਼ੀ ਤਾਂ ਇੰਨੀ ਰਵਾਂ ਨਹੀਂ ਸੀ, ਤਾਂ ਵੀ ਉਸਨੇ ਕਹਿ ਦਿੱਤਾ ਮੇਰੇ ਪਿਤਾ ਜੀ ਦੀ ਇੰਡਸਟਰੀ ਹੈ, ਪਰ ਮੇਰਾ ਸ਼ੌਕ ਐਕਸਪੋਰਟ-ਇਮਪੋਰਟ ਵਿਚ ਹੈ।

ਜਦ ਤੀਜਾ ਲੜਕਾ ਤਰਲੋਚਨ ਪੰਜਾਬੀ ਵਿਚ ਬੋਲਣ ਲੱਗਾ ਤਾਂ ਪ੍ਰੋ: ਮਨਜੀਤ ਸਿੰਘ ਬੋਲਿਆ :

"ਬੈਟਰ ਸਪੀਕ ਇਨ ਇੰਗਲਿਸ਼।"

"ਸਰ ! ਮੇਰਾ ਮੀਡੀਅਮ ਪੰਜਾਬੀ ਹੈ।"

"ਈਵਨ ਦੈਨ, ਯੂ ਹੈਵ ਬਿਨ ਰੀਡਿੰਗ ਇੰਗਲਿਸ਼ ਫ਼ਾਰ ਟੈਨੱ ਲੌਂਗ ਯੀਅਰਜ਼ ਇਨ ਸਕੂਲ। ਵ੍ਹਾਈ ਕਾਂਟ ਯੂ ਸਪੀਕ ਏ ਫ਼ੀਊ ਸੈਨੱਟੈਨੱਸੈਜ਼ ਇਨ ਇੰਗਲਿਸ਼ ?"

ਉਹ ਅੰਗਰੇਜ਼ੀ ਵਿਚ ਫਿਰ ਵੀ ਨਹੀਂ ਬੋਲਿਆ। ਪ੍ਰੋ: ਮਨਜੀਤ ਸਿੰਘ ਦੀ ਇਸ ਜਾਣ-ਪਛਾਣ ਵਿਚ, ਇਸਤੋਂ ਬਾਅਦ, ਕੋਈ ਦਿਲਚਸਪੀ ਹੀ ਨਾ ਰਹਿ ਗਈ। ਅੱਗੋਂ ਲਗਭਗ ਹਰ ਲੜਕੇ ਨੇ ਸਿਰਫ਼ ਆਪਣਾ ਨਾਮ ਹੀ ਦੱਸਿਆ ਜਾਂ ਵੱਧ ਤੋਂ ਵੱਧ ਪਿੰਡ ਦਾ ਨਾਮ ਦੱਸ ਦਿੱਤਾ। ਮੈਂ ਵੀ ਪੰਜਾਬੀ ਵਿਚ ਹੀ ਆਪਣਾ ਨਾਮ ਤੇ ਪਿੰਡ ਚਿੱਟੀ ਦੱਸ ਦਿੱਤਾ। ਪਰ ਇਹ ਗੱਲ ਮੈਨੂੰ ਅੱਜ ਤਕ ਵੀ ਨਹੀਂ ਭੁੱਲੀ ਕਿ ਮੈਂ ਪਹਿਲੇ ਮੁੰਡੇ ਪੁਨੀਤ ਸਿੰਘ ਵਾਂਗ ਉਹੋ ਜਿਹੀ ਰਵਾਂ ਅੰਗਰੇਜ਼ੀ ਵਿਚ ਕੁਝ ਵਾਕ ਕਿਉਂ ਨਹੀਂ ਬੋਲ ਸਕਿਆ ?

ਮੇਰਾ ਹੀ ਨਹੀਂ, ਸਾਡੇ ਸਾਰੇ ਸਕੂਲ ਦਾ ਸਿੱਖਿਆ ਮਾਧਿਅਮ ਪੰਜਾਬੀ ਸੀ, ਪਰ ਅੰਗਰੇਜ਼ੀ ਮੈਨੂੰ ਸ਼ੁੱਧ ਲਿਖਣੀ ਤੇ ਪੜ੍ਹਨੀ ਪੁਨੀਤ ਸਿੰਘ ਨਾਲੋਂ ਘੱਟ ਨਹੀਂ ਆਉਂਦੀ ਸੀ।

ਪ੍ਰੋ: ਮਨਜੀਤ ਸਿੰਘ ਨੇ ਅਰਥ-ਵਿਗਿਆਨ ਉਤੇ ਪਹਿਲਾ ਭਾਸ਼ਨ ਸ਼ੁਰੂ ਕੀਤਾ, ਤਾਂ ਉਹ ਅੰਗਰੇਜ਼ੀ ਵਿਚ ਬੋਲ ਰਹੇ ਸਨ। ਮੈਨੂੰ ਇਹ ਸਮਝ ਆ ਰਿਹਾ ਸੀ, ਪੁਨੀਤ ਸਿੰਘ ਤੇ ਹਰਜੀਤ ਸਿੰਘ ਨੂੰ ਤਾਂ ਔਖ ਆਉਣੀ ਹੀ ਨਹੀਂ ਸੀ। ਪਰ ਬਹੁਤੇ ਮੁੰਡੇ ਬੈਂਚਾਂ 'ਤੇ ਬੈਠੇ ਹਿਲ-ਜੁਲ ਕਰ ਰਹੇ ਸਨ। ਘੁਸਰ-ਘੁਸਰ ਹੋਣ ਲੱਗੀ।

"ਕਿਉਂ ਬਈ ? ਮੇਰਾ ਲੈਕੱਚਰ ਸਮਝ ਨਹੀਂ ਆ ਰਿਹਾ?"

"ਸਰ ! ਤੁਸੀਂ ਪੰਜਾਬੀ ਵਿਚ ਇਕਨਾਮਿਕਸ ਪੜ੍ਹਾਉ।" ਤਰਲੋਚਨ ਸਿੰਘ ਨੇ ਹੌਸਲਾ ਕੀਤਾ।

"ਮੈਨੂੰ ਪੰਜਾਬੀ ਵਿਚ ਇਕਨਾਮਿਕਸ ਪੜ੍ਹਾਉਣੀ ਅਜੀਬ ਗੱਲ ਲੱਗਦੀ ਐ।"

"ਸਰ ! ਤੁਸੀਂ ਅੰਗਰੇਜ਼ੀ ਵਿਚ ਹੀ ਬੋਲੋ।" ਪੁਨੀਤ ਸਿੰਘ ਨੇ ਉੱਠ ਕੇ ਆਖਿਆ।

ਇਸ ਤੋਂ ਬਾਅਦ ਮਨਜੀਤ ਸਿੰਘ ਅੰਗਰੇਜ਼ੀ ਤੇ ਪੰਜਾਬੀ ਰਲੀ-ਮਿਲੀ ਭਾਸ਼ਾ ਵਿਚ ਅਰਥ-ਵਿਗਿਆਨ ਪੜ੍ਹਾਉਂਦੇ ਰਹੇ।

ਇਤਿਹਾਸ ਦੇ ਲੈਕੱਚਰਾਰ ਸਾਧੂ ਰਾਮ ਸ਼ਾਰਦਾ ਅੰਗਰੇਜ਼ੀ ਵਿਚ ਹਿੰਦੀ ਦੀ ਖਿਚੜੀ ਪਾਈ ਜਾਂਦੇ। ਉਂਝ ਉਨ੍ਹਾਂ ਦੀ ਅੰਗਰੇਜ਼ੀ ਉਤੇ ਮਨਜੀਤ ਸਿੰਘ ਵਾਲਾ ਕਾਬੂ ਨਹੀਂ ਸੀ।

ਅੰਗਰੇਜ਼ੀ ਦਾ ਵਿਸ਼ਾ ਪੜ੍ਹਾਉਂਦਿਆਂ ਤਾਂ ਪ੍ਰੋ: ਆਤਮਾ ਸਿੰਘ ਨੇ ਬਹੁਤਾ ਸਮਾਂ ਅੰਗਰੇਜ਼ੀ ਹੀ ਬੋਲਣੀ ਸੀ, ਕਿਤੇ ਕਿਤੇ ਹੀ ਪੰਜਾਬੀ ਬੋਲੇਣ ਦੀ ਲੋੜ ਸਮਝਦੇ। ਉਂਜ ਪ੍ਰੋ: ਆਤਮਾ ਸਿੰਘ, ਹੋਰ



ਲੈਕੱਚਰਾਰਾਂ ਤੋਂ ਵਧੇਰੇ, ਇਹ ਗੱਲ ਸਮਝਦੇ ਸਨ ਕਿ ਅੰਗਰੇਜ਼ੀ ਪੰਜਾਬੀਆਂ ਦੀ ਮਾਂ-ਭਾਸ਼ਾ ਨਹੀਂ। ਮਾਂ-ਭਾਸ਼ਾ ਤਾਂ ਪੰਜਾਬੀ ਹੀ ਹੈ। ਪੰਜਾਬੀ ਬੱਚਾ ਪੰਜਾਬੀ ਵਿਚ ਹੀ ਸੋਚੇ ਤੇ ਮਹਿਸੂਸ ਕਰੇਗਾ। ਅੰਗਰੇਜ਼ੀ ਵਿਚ ਤਾਂ ਪੰਜਾਬੀ ਬੱਚੇ ਨੇ ਸੋਚਾਂ ਤੇ ਮਨੋਭਾਵ ਅਨੁਵਾਦ ਕਰਨੇ ਤੇ ਇਸ ਅਨੁਵਾਦ ਨੂੰ ਬਿਨਾਂ ਝਿਜਕ ਅੰਗਰੇਜ਼ੀ ਵਿਚ ਉਚਾਰਨ ਦਾ ਅਭਿਆਸ ਕਰਨ ਦੀ ਆਦਤ ਪਾਉਣੀ ਹੈ।

ਇਹ ਗੱਲ ਬਿਲਕੁਲ ਠੀਕ ਸੀ। ਮੈਂ ਅਪਣੀਆਂ ਸੋਚਾਂ ਤੇ ਅਹਿਸਾਸਾਂ ਨੂੰ ਅੰਗਰੇਜ਼ੀ ਵਿਚ ਅਨੁਵਾਦ ਤਾਂ ਫੌਰਨ ਕਰ ਲੈਂਦਾ ਸਾਂ। ਪਰ ਇਹ ਘਾਟ ਮੰਨਦਾ ਸਾਂ ਕਿ ਮੂੰਹ ਤੋਂ ਉਚਾਰਦਿਆਂ ਝਿਜਕ ਆ ਜਾਂਦੀ ਸੀ। ਕਾਲਿਜ ਵਿਚ ਚਾਰ ਸਾਲ ਪੜ੍ਹਦਿਆਂ ਮੈਂ ਝਿਜਕ ਹਟਾਉਣ ਦਾ ਯਤਨ ਕਰਦਾ ਰਿਹਾ।

ਬੀ. ਏ. ਵਿਚ ਮੈਂ ਪ੍ਰਥਮ ਦਰਜਾ ਲੈ ਲਿਆ।

ਬੀ. ਐਡੱ. ਵਿਚ ਦਾਖਲਾ ਮਿਲ ਗਿਆ।

ਪੁਨੀਤ ਸਿੰਘ ਨੇ ਐਮ. ਏ. ਅਰਥ ਵਿਗਿਆਨ ਵਿਚ ਦਾਖਲਾ ਲੈ ਲਿਆ। ਹਰਜੀਤ ਸਿੰਘ ਐਮ. ਬੀ. ਏ. ਕਰਨ ਲਈ ਯੂਨੀਵਰਸਿਟੀ ਵਿਚ ਚਲਾ ਗਿਆ। ਤਰਲੋਚਨ ਸਿੰਘ ਨੇ ਬੀ. ਏ. ਵਿਚ ਸੈਕੰਡ ਡਵੀਜ਼ਨ ਹੀ ਲਈ, ਪਰ ਉਸ ਨੇ ਵੀ ਮੇਰੇ ਨਾਲ ਬੀ. ਐਡੱ. ਕਰ ਲਈ।

ਬੀ. ਐਡੱ. ਕਰਦੇ ਸਾਰ ਭੱਜੇ ਰੁਜ਼ਗਾਰ ਦਫ਼ਤਰ ਵਿਚ ਆਪਣਾ ਨਾਂ ਦਰਜ ਕਰਾਉਣ ਲਈ। ਉਥੇ ਜਾ ਕੇ ਪਤਾ ਲੱਗਾ, ਪੰਜ ਸਾਲ ਪਹਿਲਾਂ ਦੇ ਬੀ. ਐਡੱ ਪਾਸ ਉਮੀਦਵਾਰ ਬੇਰੁਜ਼ਗਾਰ ਸਨ, ਤੇ ਆਪਣੇ ਕਾਰਡ ਨਵਿਆਉਣ ਲਈ ਆਏ ਹੋਏ ਸਨ।

ਪ੍ਰੋ: ਮਨਜੀਤ ਸਿੰਘ ਪਾਸੋਂ ਪੜ੍ਹਦਿਆਂ ਤੇ ਪੁਨੀਤ ਸਿੰਘ ਨਾਲ ਪੜ੍ਹਦਿਆਂ ਇਹ ਅਹਿਸਾਸ ਵਾਰ-ਵਾਰ ਜਾਗਦਾ ਕਿ ਇਕੋ ਕਿਸਮ ਦੇ ਸਰੀਰ ਤੇ ਬੁੱਧ ਵਾਲਿਆਂ ਦੀਆਂ ਵੀ ਦੋ ਜਮਾਤਾਂ ਹਨ। ਨਾ ਪ੍ਰੋ: ਮਨਜੀਤ ਸਿੰਘ ਤੇ ਨਾ ਪੁਨੀਤ ਸਿੰਘ ਸਰੀਰੋਂ ਅਤੇ ਬੁੱਧ ਵੱਲੋਂ ਮੈਨੂੰ ਆਪਣੇ ਨਾਲੋਂ ਬਿਹਤਰ ਲੱਗਦੇ ਸਨ। ਪਰ ਉਹ ਕੱਪੜੇ ਜ਼ਿਆਦਾ ਕੀਮਤੀ ਤੇ ਚੰਗੀ ਤਰ੍ਹਾਂ ਇਸਤਰੀ ਕੀਤੇ ਹੋਏ ਪਾਉਂਦੇ ਸਨ। ਸਰੀਰ ਵੀ ਵਧੇਰੇ ਤਾਜ਼ੇ ਤੇ ਮਹਿਕਦੇ ਲੱਗਦੇ। ਸ਼ਹਿਰਾਂ 'ਚ ਰਹਿੰਦੇ ਸਨ। ਬਿਨਾਂ ਸਫਰ ਦੀਆਂ ਤਕਲੀਫਾਂ ਝੱਲਿਆਂ ਕਾਲਿਜ ਵਿਚ ਆ ਜਾਂਦੇ। ਅੰਗਰੇਜ਼ੀ ਫਰ ਫਰ ਬੋਲਦੇ। ਮੈਂ ਪੰਦਰਾਂ ਕਿਲੋਮੀਟਰ ਦਾ ਫਾਸਲਾ ਕੁਝ ਸਾਇਕਲ 'ਤੇ, ਕੁਝ ਬੱਸ ਜਾਂ ਟੈਂਪੂ ਉਤੇ ਤੈਅ ਕਰਕੇ ਕਾਲਿਜ ਆਉਂਦਾ। ਸਿਆਲ 'ਚ ਵੀ ਪਸੀਨਾ ਆ ਜਾਂਦਾ। ਕੱਪੜੇ ਵੱਟੋ-ਵਟੋ ਹੋ ਜਾਂਦੇ। ਪਰ ਮੇਰੇ ਦਿਮਾਗ ਨੂੰ ਗੱਲ ਉਨ੍ਹਾਂ ਨਾਲੋਂ ਜ਼ਿਆਦਾ ਨਵੀਂ ਤੇ ਜ਼ਿਆਦਾ ਠੀਕ ਫੁਰਦੀ। ਮੇਰੀ ਹਾਜ਼ਰ-ਜਵਾਬੀ ਉਤੇ ਸਾਰੀ ਕਲਾਸ ਹਾਸੇ ਨਾਲ ਗੂੰਜਦੀ। ਭਾਸ਼ਨ ਪ੍ਰਤੀਯੋਗਤਾ ਵਿਚ ਹਿੱਸਾ ਸਕੂਲ ਵਿਚ ਵੀ ਲੈਂਦਾ ਸਾਂ ਤੇ ਕਾਲਿਜ ਵਿਚ ਵੀ, ਜਦ ਕਿ ਪੁਨੀਤ ਸਿੰਘ ਤੇ ਹਰਜੀਤ ਸਿੰਘ ਸਟੇਜ 'ਤੇ ਆ ਕੇ ਇਕ ਲਫ਼ਜ਼ ਨਹੀਂ ਬੋਲ ਸਕਦੇ ਸਨ। ਤਾਂ ਵੀ ਉਹ ਉਚੇਰੀ ਪੜ੍ਹਾਈ ਲਈ ਬੜੇ ਆਰਾਮ ਨਾਲ ਚਲੇ ਗਏ, ਤੇ ਮੈਂ ਬੀ. ਐਡੱ ਕਰਕੇ ਨੌਕਰੀ ਦੀ ਉਡੀਕ ਲਈ ਮਜਬੂਰ ਸਾਂ।

ਲਾਂਬੜੇ ਤੋਂ ਕਾਲਿਜ ਨੂੰ ਆਉਂਦੀ ਸੜਕ ਲਾਜਪਤ ਰਾਏ ਨਗਰ ਤੇ ਮਾਡਲ ਟਾਊਨ ਦੀਆਂ ਕੋਠੀਆਂ ਵਿਚੋਂ ਲੰਘਦੀ ਸੀ। ਕਾਲਿਜ ਨਾਲੋਂ ਵੀ ਵਧੇਰੇ ਇਹਨਾਂ ਕੋਠੀਆਂ ਦੇ ਸਾਹਮਣਿਉਂ ਲੰਘਦਿਆਂ ਦੋ ਜਮਾਤਾਂ ਹੋਣ ਦੀ ਅਸਲੀਅਤ ਉਘੜਦੀ। ਗਰਮੀਆਂ ਵਿਚ ਸਵੇਰੇ ਅੱਠ ਵਜੇ ਤੇ ਸਿਆਲ ਵਿਚ ਦੋ ਜਮਾਤਾਂ ਹੋਣ ਦੀ ਅਸਲੀਅਤ ਉਘੜਦੀ। ਗਰਮੀਆਂ ਵਿਚ ਸਵੇਰੇ ਅੱਠ ਵਜੇ ਤੇ

ਸਿਆਲ ਵਿਚ ਨੌਂ ਵਜੇ ਵੀ ਜਦੋਂ ਮੈਂ ਟੈਂਪੂ ਦੇ ਇਕ ਪਾਸੇ ਖੜ੍ਹਾ ਹੋ ਕੇ ਜਾ ਰਿਹਾ ਹੁੰਦਾ, ਤਾਂ ਪੱਕੀਆਂ ਸੋਹਣੀਆਂ ਕੋਠੀਆਂ ਦੇ ਸੰਗਮਰਮਰੀ ਪੋਰਚਾਂ ਵਿਚ ਬੈਂਤ ਦੀਆਂ ਕੁਰਸੀਆਂ ਉਤੇ ਬੈਠੇ ਸਰਦਾਰ-ਸਰਦਾਰਨੀਆਂ, ਲਾਲੇ-ਲਾਲੀਆਂ, ਨਜ਼ਰ ਆਉਂਦੇ। ਅਖਬਾਰ ਪੜ੍ਹ ਰਹੇ ਹੁੰਦੇ। ਚਾਹ ਦੀਆਂ ਪਿਆਲੀਆਂ ਪੀ ਰਹੇ ਹੁੰਦੇ। ਬੇਫਿਕਰ। ਮੌਜ ਵਿਚ। ਮੈਨੂੰ ਫੌਰਨ ਪਿੰਡ ਵਿਚ ਬਾਪੂ ਜੀ ਤੇ ਮਾਂ ਜੀ ਯਾਦ ਆਉਂਦੇ। ਬਾਪੂ ਜੀ ਖੇਤ ਵਿਚ ਹਲ ਚਲਾ ਰਹੇ ਹੋਣਗੇ ਜਾਂ ਖੇਤ ਦੇ ਨੱਕੇ ਕਹੀ ਲੈ ਕੇ ਵੱਢ ਰਹੇ ਹੋਣਗੇ। ਮਾਂ ਜੀ ਬਾਪੂ ਜੀ ਲਈ ਛਾਹ-ਵੇਲਾ ਲੈ ਕੇ ਗਏ ਹੋਣਗੇ। ਤੇ ਮੱਝਾਂ ਚੋ ਰਹੇ ਹੋਣਗੇ। ਜੇ ਮੱਝ ਚੋ ਲਈ ਹੋਵੇਗੀ ਤਾਂ ਚਮਾਰਲੀ ਤੋਂ ਆ ਗਈ ਚਿੰਤੀ ਦੀ ਮਦਦ ਨਾਲ ਗੋਹਾ ਚੁਕਵਾ ਤੇ ਪਾਥੀਆਂ ਪਥਵਾ ਰਹੇ ਹੋਣਗੇ। ਮੈਨੂੰ ਇਹ ਵੀ ਚੇਤੇ ਆਉਂਦਾ, ਹਾੜ੍ਹ ਹੋਵੇ ਜਾਂ ਸਿਆਲ, ਬਾਪੂ ਜੀ ਤੇ ਮਾਂ ਜੀ ਸਵੇਰੇ ਪੰਜ ਵਜੇ ਤੋਂ ਬਾਅਦ ਕਦੇ ਸੁੱਤੇ ਨਹੀਂ। ਉਹਨਾਂ ਦੀ ਦਿਹਾੜੀ ਸਵੇਰੇ ਪੰਜ ਵਜੇ ਤੋਂ ਸ਼ੁਰੂ ਹੋ ਕੇ ਰਾਤ ਦਸ ਵਜੇ ਤਕ ਮਸੀਂ ਮੁੱਕਦੀ ਹੈ। ਮੇਰੇ ਬਾਪੂ ਜੀ ਪਾਸ ਤਾਂ ਪੰਜ ਖੇਤ ਆਪਣੀ ਜ਼ਮੀਨ ਹੈ। ਉਨ੍ਹਾਂ ਦੀ ਦਿਹਾੜੀ ਸਮਝਣੀ ਤੇ ਦੱਸਣੀ ਤਾਂ ਮੇਰੇ ਲਈ ਹੋਰ ਵੀ ਮੁਸ਼ਕਿਲ ਸੀ, ਜਿਨ੍ਹਾਂ ਦੀ ਆਪਣੀ ਜ਼ਮੀਨ ਨਹੀਂ, ਜਿਵੇਂ ਚਿੰਤੀ ਤੇ ਉਸਦਾ ਘਰ ਵਾਲਾ ਰੂੜਾ।

ਤੇ ਇਹ ਕੋਠੀਆਂ 'ਚ ਬੈਠੇ ਸਰਦਾਰ-ਸਰਦਾਰਨੀਆਂ, ਲਾਲੇ-ਲਾਲੀਆਂ ਨੇ ਕੋਈ ਵੱਖਰੇ ਕਰਮ ਹੀ ਕੀਤੇ ਹੋਣਗੇ, ਜੋ ਇਹ ਮੇਰੇ ਬਾਪੂ ਜੀ ਵਾਲੀ ਜੂਨ ਵਿਚ ਨਹੀਂ ਪਏ।

ਪੁਨੀਤ ਸਿੰਘ ਨੇ ਐਮ. ਏ. ਇਕਨਾਮਿਕਸ ਕਰ ਲਈ ਸੀ, ਤੇ ਹਰਜੀਤ ਨੇ ਐਮ. ਬੀ. ਏ.। ਉਹਨਾਂ ਨੇ ਵੀ ਰੁਜ਼ਗਾਰ ਦਫ਼ਤਰ ਵਿਚ ਨਾਮ ਦਰਜ ਕਰਵਾ ਲਏ ਸਨ।

ਪਰ ਨਾ ਪਬਲਿਕ ਸਰਵਿਸ ਕਮਿਸ਼ਨ ਕੋਈ ਆਸਾਮੀਆਂ ਕੱਢ ਰਿਹਾ ਸੀ, ਤੇ ਨਾ ਸਰਕਾਰੀ ਮਹਿਕਮਿਆਂ ਦੀਆਂ ਚੋਣ ਕਮੇਟੀਆਂ ਕੋਈ ਇੰਟਰਵਿਊ ਲੈ ਰਹੀਆਂ ਸਨ।

ਕਾਲਿਜ ਵਿਚ ਤਾਂ ਅਖਬਾਰ ਲਾਇਬ੍ਰੇਰੀ ਵਿਚ ਪੜ੍ਹ ਲਈਦੇ ਸਨ। ਹੁਣ ਐਤਵਾਰ ਦਾ ਅਖ਼ਬਾਰ ਖਰੀਦ ਲੈਂਦਾ, ਤਾਂ ਕਿ ਖਾਲੀ ਆਸਾਮੀਆਂ ਦਾ ਪਤਾ ਲੱਗੇ।

ਪੁਨੀਤ ਸਿੰਘ ਤਾਂ ਕਾਲਿਜ-ਲੈਕਚਰਾਰ ਦੀਆਂ ਖਾਲੀ ਆਸਾਮੀਆਂ ਲਈ ਦਰਖਾਸਤ ਦਿੰਦਾ। ਜਿੱਥੇ ਜਾਂਦਾ ਇਕ ਆਸਾਮੀ ਲਈ ਚਾਲੀ ਉਮੀਦਵਾਰ ਹੁੰਦੇ। ਪਿਤਾ ਜੀ ਦੀ ਸਿਫਾਰਸ਼ ਦੇ ਬਾਵਜੂਦ ਉਹ ਚੁਣਿਆ ਨਾ ਜਾ ਸਕਿਆ। ਐਮ. ਫਿਲ ਤੇ ਪੀ. ਐਚੱ. ਡੀ. ਆ ਜਾਂਦੇ ਤੇ ਯੂਨੀਵਰਸਿਟੀ ਦੇ ਵਿਸ਼ੇਸ਼ੱਗ ਆਪਣੇ ਪਾਸੋਂ ਪੜ੍ਹੇ ਐਮ. ਫਿਲ ਤੇ ਪੀ. ਐਚੱ. ਡੀ. ਉਮੀਦਵਾਰ ਕਾਲਿਜਾਂ ਲਈ ਚੁਣ ਜਾਂਦੇ। ਹਾਰ ਕੇ ਉਹ ਵੀ ਐਮ. ਫਿਲ ਕਰਨ ਚਲਾ ਗਿਆ। ਹਰਜੀਤ ਸਿੰਘ ਦੀ ਐਮ. ਬੀ. ਏ. ਛੇਤੀ ਕੰਮ ਆ ਗਈ, ਪਰ ਪੰਜਾਬ ਵਿਚ ਨਹੀਂ ਧੁਰ ਦੱਖਣ ਵਿਚ ਹੈਦਰਾਬਾਦ ਦੀ ਇਕ ਕੰਪਨੀ ਮੌਡ-ਟੈਕੱ ਨੇ ਉਸ ਨੂੰ ਟਰੇਨੀ-ਮੈਨੇਜਰ ਚੁਣ ਲਿਆ।

ਇਕ ਦਿਨ ਰੁਜ਼ਗਾਰ ਦਫ਼ਤਰ ਵਿਚ ਗਿਆ, ਤਾਂ ਬੀ. ਐਡੱ ਦੇ ਕਈ ਸਾਥੀ ਕੁੜੀਆਂ-ਮੁੰਡੇ ਇਕੱਠੇ ਹੋ ਗਏ।

"ਆਖਰ ਕਦੋਂ ਤਕ ਗੁੰਗੇ ਬਣਕੇ ਧੱਕੇ ਖਾਂਦੇ ਫਿਰਾਂਗੇ? ਰੋਣ ਤੋਂ ਬਿਨਾਂ ਤਾਂ ਮਾਂ ਵੀ ਦੁੱਧ ਨਹੀਂ ਦਿੰਦੀ। ਆਉ 'ਬੇਰੁਜ਼ਗਾਰ ਅਧਿਆਪਕ ਯੂਨੀਅਨ' ਬਣਾਈਏ।" ਦਕੋਹੇ ਦਾ ਤਲਵਿੰਦਰ ਸਿੰਘ ਬੋਲਿਆ। ਉਸ ਦਾ ਪਿਤਾ ਰੋਡਵੇਜ਼ ਟ੍ਰਾਂਸਪੋਰਟ ਯੂਨੀਅਨ ਦਾ ਅਹੁਦੇਦਾਰ ਸੀ।

"ਬਿਲਕੁਲ ਠੀਕ ਹੈ। ਰਾਜਪਾਲ ਦਾ ਪ੍ਰਸ਼ਾਸ਼ਨ ਸਾਰਾ ਧਨ ਪੁਲਸ ਅਤੇ ਸੁਰੱਖਿਆ ਫੋਰਸਾਂ ਉਤੇ ਉਜਾੜੀ ਜਾਂਦੈ। ਕਾਂਸਟੇਬਲ ਭਰਤੀ ਕੀਤੇ ਜਾ ਰਹੇ ਨੇ, ਅਧਿਆਪਕ ਨਹੀਂ।" ਕੇਸਰੀ ਪਗੜੀ



ਵਾਲਾ ਅਵਤਾਰ ਸਿੰਘ ਬੋਲਿਆ। ਉਹ ਫੈਡਰੇਸ਼ਨ ਦਾ ਕਾਰਕੁਨ ਹੋਣ ਕਰਕੇ ਇਕ ਮਹੀਨਾ ਜੇਲ੍ਹ ਵੀ ਕੱਟ ਚੁੱਕਾ ਸੀ।

ਅਵਤਾਰ ਸਿੰਘ ਨੇ ਹੀ ਅਖਬਾਰਾਂ ਵਿਚ ਖ਼ਬਰ ਦੇ ਕੇ ਸਾਡੇ ਹੀ ਕਾਲਿਜ ਦੀ ਗਰਾਉਂਡ ਵਿਚ ਬੇਰੁਜ਼ਗਾਰ ਅਧਿਆਪਕਾਂ ਦੀ ਇਕੱਤਰਤਾ ਬੁਲਾ ਲਈ। ਮੈਨੂੰ ਪ੍ਰਧਾਨ ਚੁਣ ਲਿਆ। ਕੰਨਿਆਂ ਮਹਾਂ ਵਿਦਿਆਲਾ ਤੋਂ ਪੜ੍ਹਕੇ ਆਈ ਕੁਮਾਰੀ ਸਰੋਜ, ਜੋ ਭਾਸ਼ਣ ਪ੍ਰਤਿਯੋਗਤਾਵਾਂ ਵਿਚ ਮੇਰੇ ਵਾਂਗ ਹਿੱਸਾ ਲੈਂਦੀ ਰਹੀ ਸੀ, ਮੀਤ-ਪ੍ਰਧਾਨ ਚੁਣੀ ਗਈ। ਤਲਵਿੰਦਰ ਸਿੰਘ ਜਨਰਲ ਸਕੱਤਰ ਤੇ ਅਵਤਾਰ ਸਿੰਘ ਪ੍ਰਚਾਰ ਸਕੱਤਰ।

ਪ੍ਰਸਤਾਵ ਪਾਸ ਕੀਤਾ ਗਿਆ, ਸਰਕਾਰ ਸਕੂਲਾਂ ਵਿਚ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਭਰੇ। ਅਖਬਾਰਾਂ ਵਿਚ ਇਹ ਕਾਰਵਾਈ ਛਪੀ।

ਪਰ ਕੋਈ ਨਤੀਜਾ ਨਾ ਨਿਕਲਿਆ।

ਇਕ ਹੋਰ ਇਕੱਤਰਤਾ ਹੋਈ। ਚੰਡੀਗੜ੍ਹ ਡੀ. ਪੀ. ਆਈ. ਦਫ਼ਤਰ ਦੇ ਸਾਹਮਣੇ ਧਰਨਾ ਦੇਈਏ। ਇਹ ਫੈਸਲਾ ਕਰਕੇ ਅਖ਼ਬਾਰਾਂ ਰਾਹੀਂ ਸਭ ਬੇਰੁਜ਼ਗਾਰ ਅਧਿਆਪਕਾਂ ਨੂੰ ਬੇਨਤੀ ਕੀਤੀ ਗਈ ਕਿ ਚੰਡੀਗੜ੍ਹ ਪਹੁੰਚੋ।

ਇਨ੍ਹਾਂ ਸਭ ਕੰਮਾਂ ਲਈ ਪੈਸੇ ਚਾਹੀਦੇ ਸਨ। ਬਾਪੂ ਜੀ ਤੇ ਮਾਂ ਜੀ ਪੈਸੇ ਦੇ ਦਿੰਦੇ ਸਨ। ਪਰ ਮੰਗਦਿਆਂ ਦਿਨੋ ਦਿਨ ਸੰਗ ਆਉਣ ਲੱਗ ਪਈ ਸੀ।

ਸੌ ਕੁ ਬੇਰੁਜ਼ਗਾਰ ਅਧਿਆਪਕ ਲੜਕੇ ਲੜਕੀਆਂ ਇਕੱਠੇ ਹੋਏ। ਕਈ ਲੜਕੀਆਂ ਦੇ ਮਾਪੇ ਵੀ ਆਏ। ਧਰਨਾ ਦਿੱਤਾ। ਚਾਹ ਪਾਣੀ ਦਾ ਪ੍ਰਬੰਧ ਵੀ ਕੀਤਾ। ਖਰਚਾਂ ਲਈ ਬੇਰੁਜ਼ਗਾਰਾਂ ਪਾਸੋਂ ਹੋਰ ਪੈਸੇ ਮੰਗੇ ਗਏ।

ਤਿੰਨ ਮਹੀਨੇ ਠਹਿਰ ਕੇ ਚੰਡੀਗੜ੍ਹ ਵਿਚ ਹੀ ਡੀ. ਪੀ. ਆਈ. ਦੇ ਦਫ਼ਤਰ ਦੇ ਸਾਹਮਣੇ ਇਕ ਦਿਨ ਦੀ ਭੁੱਖ ਹੜਤਾਲ ਵੀ ਕੀਤੀ। ਤੰਬੂ ਲਾ ਕੇ ਇਕ ਰਾਤ ਵੀ ਅਹੁਦੇਦਾਰਾਂ ਨੇ ਚੰਡੀਗੜ੍ਹ ਵਿਚ ਹੀ ਕੱਟੀ। ਲੜਕੀਆਂ ਨੂੰ ਭੁੱਖ ਹੜਤਾਲ ਵਿਚ ਨਾ ਸ਼ਾਮਲ ਕਰਨ ਦਾ ਫੈਸਲਾ ਸੀ। ਤਾਂ ਵੀ ਸਰੋਜ ਭੁੱਖ ਹੜਤਾਲ 'ਤੇ ਬੈਠੀ, ਤੇ ਰਾਤ ਵੀ ਉਹ ਤੰਬੂ ਵਿਚ ਹੀ ਰਹੀ। ਉਸ ਦੀ ਮਾਤਾ ਵੀ ਨਾਲ ਸੀ।

ਪਹਿਲਾਂ ਬੀ. ਐਡੱ. ਵਿਚ ਪੜ੍ਹਦਿਆਂ ਤੇ ਹੁਣ ਯੂਨੀਅਨ ਵਿਚ ਕੰਮ ਕਰਦਿਆਂ ਕਈ ਕੁੜੀਆਂ ਬਹੁਤ ਸੋਹਣੀਆਂ ਤਾਂ ਲਗਦੀਆਂ ਸਨ। ਪਰ ਸਰੋਜ ਦਾ ਭੁੱਖ ਹੜਤਾਲ ਉਤੇ ਬੈਠਣਾ ਤੇ ਸਾਰੀ ਰਾਤ ਤੰਬੂ ਵਿਚ ਰਹਿਣਾ ਤਨ-ਮਨ ਉਤੇ ਛਾ ਗਿਆ।

ਪਰ ਬੇਰੁਜ਼ਗਾਰੀ ਦੀ ਚਟਾਨ ਮਨ ਦੀਆਂ ਰੁਮਾਂਟਿਕ ਭਾਵਨਾਵਾਂ ਨਾਲੋਂ ਬਹੁਤ ਬਲਵਾਨ ਸੀ। ਖਾਸ ਤੌਰ 'ਤੇ ਜਦੋਂ ਪਿੰਡੋਂ ਆਉਂਦਾ, ਬਾਪੂ ਜੀ ਦੀ ਹੱਡ-ਭੰਨਵੀਂ ਮਿਹਨਤ ਤੇ ਮਾਂ ਜੀ ਦੀਆਂ ਪਾਥੀਆਂ ਦੇ ਧੂੰਏਂ ਨਾਲ ਚੁੰਨ੍ਹ-ਮੁੰਨ੍ਹ ਹੋਈਆਂ ਅੱਖਾਂ ਦੇਖਦਾ, ਤਾਂ ਸਰੋਜ ਦੂਰ ਆਕਾਸ਼ ਵਿਚ ਚਮਕਦੇ ਤਾਰੇ ਵਾਂਗ ਪ੍ਰਤੀਤ ਹੁੰਦੀ।

ਲਾਂਬੜਾ ਸਕੂਲ ਕਮੇਟੀ ਨੇ ਦਸ ਜਮ੍ਹਾਂ ਇਕ ਤੇ ਦੋ ਦੀਆਂ ਜਮਾਤਾਂ ਵੀ ਵਧਾ ਦਿੱਤੀਆਂ ਤੇ ਅਧਿਆਪਕ ਤੇ ਅਧਿਆਪਕਾਵਾਂ ਦੀਆਂ ਆਸਾਮੀਆਂ ਕੱਢੀਆਂ। ਦਰਖਾਸਤ ਦਿੱਤੀ ਤਾਂ ਅੰਗਰੇਜ਼ੀ ਅਧਿਆਪਕ ਦੇ ਤੌਰ 'ਤੇ ਚੁਣ ਲਿਆ ਗਿਆ। ਤਨਖਾਹ ਸਿਰਫ ਇਕ ਹਜ਼ਾਰ ਰੁਪਏ ਮਹੀਨਾ ਮਿਲੀ ਕਿਉਂਕਿ ਕਮੇਟੀ ਨੂੰ ਇਨ੍ਹਾਂ ਜਮਾਤਾਂ ਲਈ ਸਰਕਾਰੀ ਗ੍ਰਾਂਟ ਨਹੀਂ ਮਿਲਣੀ ਸੀ। ਤਾਂ ਵੀ ਇਕ

ਹਜ਼ਾਰ ਮਹੀਨਾ ਆ ਜਾਣ ਨਾਲ ਘਰੋਂ ਨਿੱਕੀਆਂ ਨਿੱਕੀਆਂ ਲੋੜਾਂ ਲਈ ਪੈਸੇ ਮੰਗਣ ਦੀ ਨਦਾਮਤ ਤੋਂ ਛੁਟਕਾਰਾ ਹੋ ਗਿਆ। ਇਹੋ ਜਿਹੇ ਸਕੂਲਾਂ 'ਚ ਜਾਂ ਪਿੰਡਾਂ ਤੇ ਸ਼ਹਿਰੀ ਮਹੱਲਿਆਂ 'ਚ ਅੰਗਰੇਜ਼ੀ ਮਾਧਿਅਮ ਦੇ ਨਾਮ ਉਤੇ ਧੜਾ ਧੜ ਖੁੱਲ੍ਹ ਰਹੇ ਵੱਡੇ ਨਾਵਾਂ ਵਾਲੇ ਨਿੱਕੇ ਨਿੱਕੇ ਸਕੂਲਾਂ ਵਿਚ ਕਈ ਹੋਰ ਅਧਿਆਪਕ-ਅਧਿਆਪਕਾਵਾਂ ਵੀ ਪੜ੍ਹਾਉਣ ਲੱਗ ਪਏ ਸਨ। ਸਰੋਜ ਆਪਣੇ ਘਰ ਦੇ ਹੀ ਨੇੜੇ ਇਕ ਸਕੂਲ ਵਿਚ ਸਿਰਫ ਚਾਰ ਸੌ ਰੁਪਏ ਮਹੀਨਾ ਉਤੇ ਭਰਤੀ ਹੋਈ, ਤੇ ਪਹਿਲਾ ਕੰਮ ਇਹ ਮਿਲਿਆ, ਘਰ ਘਰ ਜਾ ਕੇ ਬੱਚੇ ਦਾਖਲ ਹੋਣ ਲਈ ਲੈ ਕੇ ਆਓ।

ਐਤਕੀਂ ਯੂਨੀਅਨ ਦੀ ਇਕੱਤਰਤਾ ਆਪਣੇ ਹੀ ਸਕੂਲ 'ਚ ਬੁਲਾਈ, ਤੇ ਫੈਸਲਾ ਕੀਤਾ ਕਿ ਚੌਵੀ ਘੰਟੇ ਦੀ ਨਹੀਂ, ਬਹੱਤਰ ਘੰਟੇ ਦੀ ਭੁੱਖ ਹੜਤਾਲ ਉਤੇ ਵੱਖ-ਵੱਖ ਜ਼ਿਲ੍ਹਿਆ ਦੇ 18 ਅਧਿਆਪਕ ਇਕੱਠੇ ਭੁੱਖ ਹੜਤਾਲ ਉਤੇ ਬੈਠਣ। ਕੁਝ ਤਨਖਾਹ ਮਿਲਦੀ ਹੋਣ ਕਰਕੇ, ਇਕ ਦਿਨ ਪਹਿਲਾਂ ਚੰਡੀਗੜ੍ਹ ਪਹੁੰਚ ਕੇ, ਪ੍ਰਚਾਰ-ਮੁਹਿੰਮ ਆਪ ਸੰਗਠਤ ਕੀਤੀ।

ਚੰਡੀਗੜ੍ਹ ਦਾ ਲਗਪਗ ਸਾਰਾ ਪ੍ਰੈੱਸ ਬੇਰੁਜ਼ਗਾਰ ਅਠਾਰਾਂ ਭੁੱਖ ਹੜਤਾਲੀ ਅਧਿਆਪਕਾਂ ਦੀ ਭੁੱਖ ਹੜਤਾਲ ਦੇਖਣ ਆਇਆ। ਪਰ ਵਿਸ਼ੇਸ਼ ਗੱਲ ਸੀ, ਨਵੀਂ ਨਵੀਂ ਭਰਤੀ ਹੋਈ ਨਾਰੀ-ਪੱਤਰਕਾਰ ਸੁਸ਼ਮਾ ਦੱਤ ਵੱਲੋਂ ਸਾਡੀ ਭੁੱਖ ਹੜਤਾਲ ਵਿਚ ਲਈ ਗਈ ਦਿਚਸਪੀ। ਉਸ ਨੇ ਹਰ ਭੁੱਖ ਹੜਤਾਲੀ ਦਾ ਪਰਿਵਾਰਕ ਤੇ ਸਮਾਜਕ ਪਿਛੋਕੜ ਘੋਖਿਆ। ਸਿੱਖਿਆ ਵਿਭਾਗ ਵਿਚੋਂ ਸਕੂਲਾਂ ਦੀ ਗਿਣਤੀ ਤੇ ਆਸਾਮੀਆਂ ਦੀ ਗਿਣਤੀ ਦੇ ਅੰਕੜੇ ਇਕੱਠੇ ਕਰ ਲਏ, ਤੇ ਨਵੇਂ ਨਿਕਲੇ ਅੰਗਰੇਜ਼ੀ ਦੇ ਦੈਨਿਕ 'ਨੀਊ ਟਾਈਮਜ਼' ਵਿਚ ਤਸਵੀਰਾਂ ਸਮੇਤ ਪਹਿਲੇ ਸਫੇ 'ਤੇ ਖ਼ਬਰ-ਕਹਾਣੀ "ਕੌਮ ਦੇ ਉਸਰੱਈਏ ਭੁੱਖ ਹੜਤਾਲ ਲਈ ਮਜਬੂਰ ਕਿਉਂ?" ਛਾਪੀ।

ਸਾਡੀ ਭੁੱਖ ਹੜਤਾਲ ਨਾਲੋਂ ਵੀ ਵੱਧ ਸੁਸ਼ਮਾ ਦੱਤ ਦੀ ਖ਼ਬਰ-ਕਹਾਣੀ ਨੇ ਹਲਚਲ ਮਚਾਈ।

ਸਿੱਖਿਆ ਸਕੱਤਰ ਦਾ ਐਲਾਨ ਆ ਗਿਆ ਕਿ ਦੋ ਚੋਣ ਕਮੇਟੀਆਂ ਗਠਿਤ ਕਰ ਦਿੱਤੀਆਂ ਗਈਆਂ ਹਨ, ਜੋ ਨਾਭੇ ਤੇ ਜਲੰਧਰ ਵਿਚ ਬੇਰੁਜ਼ਗਾਰ ਅਧਿਆਪਕਾਂ ਦੇ ਇੰਟਰਵਿਊ ਲੈਣਗੀਆਂ।

ਖੁਸ਼ੀ ਵੀ ਹੋਈ ਤੇ ਆਸ਼ਾ ਵੀ ਪੈਦਾ ਹੋਈ।

ਇਕ ਮਹੀਨਾ ਇੰਟਰਵਿਊ ਹੁੰਦੇ ਰਹੇ। ਪਿਛਲੇ ਪੰਜ ਤੋਂ ਸੱਤ ਸਾਲਾਂ ਵਿਚ ਬੀ. ਐੱਡ ਕਰ ਚੁੱਕੇ ਉਮੀਦਵਾਰਾਂ ਵਿਚੋਂ ਕਈ ਅਧਿਆਪਕ ਤੇ ਬਹੁਤ ਸਾਰੀਆਂ ਅਧਿਆਪਕਾਵਾਂ, ਬੇਰੁਜ਼ਗਾਰੀ ਦੇ ਬਾਵਜੂਦ, ਵਿਆਹ ਕਰਵਾ ਚੁੱਕੀਆਂ ਸਨ ਤੇ ਕਈਆਂ ਦੀ ਗੋਦੀ ਇਕ ਜਾਂ ਦੋ ਬੱਚੇ ਸਨ।

"ਉਮੀਦਵਾਰ ਸਿਰਫ ਇਕੱਲੇ ਨਹੀਂ। ਹੁਣ ਪਰਿਵਾਰ ਵੀ ਉਮੀਦਵਾਰ ਹਨ।" ਸਾਡਾ ਜਨਰਲ ਸਕੱਤਰ ਤਲਵਿੰਦਰ ਸਿੰਘ ਬੋਲਿਆ।

ਸਰੋਜ ਕੁਝ ਮਿੰਟਾਂ ਲਈ ਇਕੱਲੀ ਮਿਲੀ ਤਾਂ ਵਿਆਹੀਆਂ ਜਾ ਚੁੱਕੀਆਂ ਉਸਦੀਆਂ ਸਾਥਣਾਂ ਵੱਲ ਇਸ਼ਾਰਾ ਕਰਦਿਆਂ ਮੈਂ ਪੁੱਛਿਆ:

"ਤੂੰ ਨਹੀਂ ਵਿਆਹ ਕਰਾਉਣਾ?"

"ਜੇ ਹਿੰਮਤ ਹੈ, ਤਾਂ ਮੈਂ ਅੱਜ ਹੀ ਕਰਵਾਉਣ ਲਈ ਤਿਆਰ ਆਂ।" ਮੇਰੀਆਂ ਅੱਖਾਂ ਵਿਚ ਦੇਖਦੀ ਬੋਲੀ।

"ਸੱਚ?"

"ਇਉਂ ਵਿਆਹ ਕਰਵਾ ਲਵਾਂਗੀ, ਤਾਂ ਵਿਧਵਾ ਮਾਂ ਦੀ ਇਹ ਚਿੰਤਾ ਤਾਂ ਹਟੂ ਕਿ ਬੇਕਾਰ ਧੀ ਦਾ ਦਾਜ ਕਿਵੇਂ ਬਣੇਗਾ?" ਉਹ ਇਹ ਕਹਿ ਕੇ ਦੂਜੀਆਂ ਕੁੜੀਆਂ ਵੱਲ ਭੱਜ ਗਈ।



ਇੰਟਰਵਿਊ ਤੋਂ ਬਾਅਦ ਸੂਚੀਆਂ ਬਣਨ ਤੇ ਛੇਤੀ ਨਿਯੁਕਤੀ ਪੱਤਰ ਜਾਰੀ ਹੋਣ ਦੀਆਂ ਖ਼ਬਰਾਂ ਆਈਆਂ। ਪਰ ਸਿਰਫ ਖ਼ਬਰਾਂ ਹੀ ਰਹੀਆਂ।

ਅਚਾਨਕ ਵਿਧਾਨ ਸਭਾ ਦੀਆ ਚੋਣਾਂ ਦੀ ਤਾਰੀਖ ਦਾ ਐਲਾਨ ਹੋ ਗਿਆ।

ਚੋਣ ਲੜ ਰਹੀ ਪਾਰਟੀ ਨੇ ਐਲਾਨ ਕੀਤਾ, ਸਰਕਾਰ ਬਣਦੇ ਸਾਰ ਪੰਜ ਹਜ਼ਾਰ ਅਧਿਆਪਕ ਮੁਲਾਜ਼ਮ ਰੱਖੇ ਜਾਣਗੇ।

ਵਜ਼ਾਰਤ ਬਣਨ ਤੋਂ ਬਾਅਦ ਸਿੱਖਿਆ ਮੰਤਰੀ ਪੰਜ ਤੋਂ ਸੱਤ ਹਜ਼ਾਰ ਆਸਾਮੀਆਂ ਪੁਰ ਕਰਨ ਦੇ ਐਲਾਨ ਪੂਰਾ ਇਕ ਸਾਲ ਕਰਦੇ ਰਹੇ।

ਫੇਰ ਪਹਿਲੀਆਂ ਕਮੇਟੀਆਂ ਤੋੜ ਕੇ ਨਵੀਆਂ ਕਮੇਟੀਆਂ ਦੇ ਗਠਨ ਤੇ ਨਵੇਂ ਇੰਟਰਵਿਊ ਕੀਤੇ ਜਾਣ ਦਾ ਐਲਾਨ ਹੋਇਆ। ਖਿਝਦਿਆਂ ਖਪਦਿਆਂ ਫੇਰ ਇੰਟਰਵੀਊ ਦਿੱਤਾ।

ਸਰੋਜ ਦਾ ਵੀ ਹੁਣ ਵਿਆਹ ਹੋ ਚੁੱਕਾ ਸੀ। ਉਸ ਦਾ ਪਤੀ ਮੇਰੇ ਵਾਂਗ ਹੀ ਪ੍ਰਵਾਨਿਤ ਸਕੂਲ ਦੀ ਅਪ੍ਰਵਾਨਿਤ ਆਸਾਮੀ ਉਤੇ ਇਕ ਹਜ਼ਾਰ ਮਹੀਨੇ ਉਤੇ ਨੌਕਰੀ ਕਰ ਰਿਹਾ ਸੀ।

"ਬੜੀ ਕਾਹਲੀ ਨਿਕਲੀ?"

"ਮੇਰੇ ਨਾਲੋਂ ਮੇਰੀ ਮਾਂ ਬਹੁਤ ਕਾਹਲੀ ਸੀ। ਉਸਨੇ ਸ਼ੁਕਰ ਕੀਤਾ, ਧੀ ਲਈ ਕੋਈ ਵਰ ਤਾਂ ਲੱਭਾ।" ਵਜ਼ਾਰਤ ਬਣਨ ਤੋਂ ਤਿੰਨ ਸਾਲ ਬਾਅਦ ਅਚਾਨਕ ਕਿਸੇ ਉਮੀਦਵਾਰ ਨੂੰ ਨਿਯੁਕਤੀ ਪੱਤਰ ਆ ਗਏ। ਤਲਵਿੰਦਰ ਸਿੰਘ ਤੇ ਅਵਤਾਰ ਸਿੰਘ ਨੂੰ ਨਿਯੁਕਤੀ ਪੱਤਰ ਆ ਗਏ। ਪਰ ਮੈਨੂੰ ਨਹੀਂ ਆਇਆਂ। ਸਰੋਜ ਭੱਜੀ ਆਈ, ਉਸਨੂੰ ਵੀ ਨਹੀਂ ਆਇਆ ਸੀ।

ਅਫਵਾਹ ਇਹ ਸੀ ਕਿ ਮੁੱਖ ਮੰਤਰੀ ਨੇ ਕੁਝ ਮੰਤਰੀਆਂ ਤੇ ਵਿਧਾਨਕਾਰਾਂ ਨੂੰ ਪੁਰ ਕੀਤੀਆਂ ਜਾਣ ਵਾਲੀਆਂ ਆਸਾਮੀਆਂ ਦੇ ਕੋਟੇ ਵੰਡ ਦਿੱਤੇ ਹਨ। ਉਨ੍ਹਾਂ ਤਕ ਜਿਨ੍ਹਾਂ ਦੀ ਪਹੁੰਚ ਹੈ, ਸਿਰਫ ਉਨ੍ਹਾਂ ਨੂੰ ਹੀ ਨੌਕਰੀਆਂ ਮਿਲ ਰਹੀਆਂ ਹਨ।

ਸਾਡੀ ਕੋਈ ਪਹੁੰਚ ਨਹੀਂ ਸੀ।

"ਆਦਰਸ਼ਵਾਦ ਛੱਡ। ਚੰਡੀਗੜ੍ਹ ਜਾ। ਗੁਰਬਚਨ ਸਿੰਘ ਨੂੰ ਮਿਲ। ਮੇਰਾ ਖ਼ਤ ਲੈ ਜਾ।" ਸਾਡੇ ਸਕੂਲ ਦੇ ਬਜ਼ੁਰਗ ਪ੍ਰਿੰਸੀਪਲ ਸਾਹਿਬ ਬੋਲੇ। ਉਹ ਸਾਰੀ ਉਮਰ ਮੈਨੂੰ ਆਦਰਸ਼ਵਾਦ ਦੀ ਸਿੱਖਿਆਂ ਦਿੰਦੇ ਰਹੇ ਸਨ।

ਗੁਰਬਚਨ ਸਿੰਘ ਪ੍ਰਿੰਸੀਪਲ ਸਾਹਿਬ ਤੋਂ ਤੀਹ ਸਾਲ ਪਹਿਲਾਂ ਪੜ੍ਹਿਆ ਸੀ। ਹੁਣ ਮੁੱਖ ਮੰਤਰੀ ਦਾ ਪ੍ਰੈੱਸ ਸਕੱਤਰ ਸੀ। ਮੈਂ ਚੰਡੀਗੜ੍ਹ ਗਿਆ।

"ਹੁਣ ਤਾਂ ਬੱਸ ਨਿਕਲ ਗਈ ਹੈ। ਪਛੜ ਕੇ ਆਇਐਂ।" ਸ੍ਰ: ਗੁਰਬਚਨ ਸਿੰਘ ਬੋਲੇ।

"ਸਰ! ਇਕ ਬੱਸ ਤੋਂ ਬਾਅਦ ਦੂਜੀ ਬੱਸ ਵੀ ਚੱਲਿਆ ਕਰਦੀ ਹੈ।" ਮੈਂ ਹੌਸਲੇ ਨਾਲ ਆਖਿਆ।

"ਜਿੰਨੀਆਂ ਕੁ ਆਸਾਮੀਆਂ ਪੁਰ ਕਰਨੀਆਂ ਸਨ, ਉਹ ਹੁਣ ਪੁਰ ਹੋ ਚੁੱਕੀਆਂ ਹਨ।"

ਫੇਰ, ਬਹੁਤ ਚਗਲਿਆ ਜਾ ਚੁੱਕਾ ਅਖਾਣ ਬੋਲੇ -- " ਨੌਜਵਾਨ! ਹਿੰਦੁਸਤਾਨ ਰੇਲਵੇ ਦਾ ਉਹ ਤੀਜੇ ਦਰਜੇ ਦਾ ਡੱਬਾ ਐ, ਜਿਸ ਵਿਚ ਜਿੰਨੇ ਅੰਦਰ ਬੈਠਦੇ ਹਨ, ਉਸਤੋਂ ਵੱਧ ਬਾਹਰ ਖੜ੍ਹੇ, ਅੰਦਰ ਆਉਣ ਲਈ ਮੌਕੇ ਦੀ ਉਡੀਕ ਕਰ ਰਹੇ ਹੁੰਦੇ ਹਨ। ਪਰ ਆਖਰ ਇਕ ਡੱਬਾ ਕਿੰਨਿਆਂ ਕੁ ਨੂੰ ਥਾਂ ਦੇ ਸਕਦਾ ਐ?"

(406, ਮੋਤਾ ਸਿੰਘ, ਨਗਰ, ਜਲੰਧਰ)

# ਸਾਵਧਾਨ ! ਅੱਗੇ ਖ਼ਤਰਾ ਹੈ... !

ਬਲਦੇਵ ਸਿੰਘ

ਰਣਜੀਤ ਕੰਬਾਈਨ ਨਾਲ ਕਣਕ ਵਢਵਾ ਰਿਹਾ ਸੀ। ਜਗਮੇਲ ਪਟਵਾਰੀ ਦੇ ਪਿਉ ਚੇਤ ਸਿੰਘ ਨੇ, ਵੱਟ 'ਤੇ ਖੜ੍ਹੇ ਨਿਗਰਾਨੀ ਰੱਖ ਰਹੇ ਰਣਜੀਤ ਨੂੰ, ਕੰਬਾਈਨ ਦੇ ਸ਼ੋਰ ਕਾਰਨ, ਸਾਧਾਰਨ ਨਾਲੋਂ ਉੱਚੀ ਆਵਾਜ਼ ਵਿਚ ਕਿਹਾ;

- ਕਾਕਾ! ਮੋਟਰ ਦੇ ਨਾਲ ਲਗਦੇ ਕਿੱਲੇ ਤੇ ਆਹ ਜੀਹਦੇ ਵਿਚ ਹੁਣ ਕੰਬੈਨ ਫਿਰਦੀ ਐ, ਇਹ ਕਿੱਲੇ ਨਾ ਵਹਾਈਂ, ਇਹ ਮੇਰੇ ਕੋਲ ਨੇ।'

- ਹਾਅ; ਮੇਰੇ ਕੋਲ ਈ ਨੇ।' ਚੇਤ ਸਿੰਘ ਨੇ ਪੂਰੀ ਤਸੱਲੀ ਅਤੇ ਗੰਭੀਰਤਾ ਨਾਲ ਕਿਹਾ।

- ਤੇਰਾ ਮੱਥਾ ਠੀਕ ਐ ਤਾਇਆ ?' ਰਣਜੀਤ ਫੇਰ ਹੱਸਿਆ।

- ਮੱਥਾ ਠੀਕ ਐ, ਤਾਂ ਹੀ ਤੈਨੂੰ ਦੱਸਣ ਆਇਐਂ ਕਾਕਾ। ਇਹ ਕਿੱਲਾ ਮੇਰੇ ਕੋਲ ਬੈਅ ਆ ਤੇ ਮੋਟਰ ਦੇ ਖੱਬੇ ਹੱਥ ਵਾਲੇ ਦੋਵੇਂ ਕਿੱਲੇ ਗਹਿਣੇ ਐਂ। ਜੇ ਰਜਿਸਟਰੀਆਂ ਵੇਖਣੀਆਂ ਹੋਣ ਤਾਂ ਆਥਣੇ ਘਰੇ ਆ ਜੀ...।' ਰਣਜੀਤ ਦੀ ਤਸੱਲੀ ਕਰਵਾ ਕੇ ਇਸ ਵਾਰ ਚੇਤ ਸਿੰਘ ਹੱਸਿਆ, ਮੁਸਕੜੀਏਂ।'

- ਸੁੱਤੇ ਪਿਆ ਹੀ ਬੈਅ ਹੋਗੇ ? ਹੈਂਅ ? ਜ਼ਮੀਨ, ਗਹਿਣੇ - ਬੈਅ ਕਰਨ ਲੱਗਿਆਂ, ਜੱਟ ਦਾ ਅੰਦਰ ਹਿੱਲ ਜਾਂਦੈ। ਕੀ ਗੱਲਾ ਕਰਦਾਂ ਐਂ ਤਾਇਆ ਸਿਹਾਂ ? ਘਰਾਂ ਦੀਆਂ ਕੰਧਾਂ ਡਿੱਗ ਪੈਂਦੀਐਂ... ਤੇ ਏਥੇ...।' ਅਕਾਰਨ ਆਏ ਹਰਖ਼ ਤੇ ਹੈਰਾਨੀ ਨੇ ਉਸ ਨੂੰ ਕੁਝ ਹੋਰ ਸੋਚਣ ਹੀ ਨਹੀਂ ਦਿੱਤਾ।

- ਇਹ ਭਾਈ ਕਾਕਾ ! ਆਪਣੇ ਬਾਪੂ ਨੂੰ ਪੁੱਛੀਂ ਜਾ ਕੇ। ਤਿੰਨ ਮਹੀਨੇ ਹੋਗੇ, ਮੈਂ ਤਾਂ ਰਕਮ ਤਾਰੀ ਫਿਰਦੈਂ। ਤੇਰੀ ਫ਼ਸਲ ਪੱਕ ਜਾਣ ਦੀ ਉਡੀਕ 'ਚ ਸੀ, ਨਹੀਂ ਤਾਂ ਵੇਖ ਲਾ ਤਿੰਨ ਲੱਖ ਦਾ ਵਿਆਜ ਕਿੰਨਾਂ ਬਣਦੈ ?'

- ਤਿੰਨ ਲੱਖ? ਰਣਜੀਤ ਦਾ ਮੱਥਾ ਤਿਉੜੀਆਂ ਨਾਲ ਭਰ ਗਿਆ।

- ਹਾਂ, ਪੂਰੇ ਤਿੰਨ ਲੱਖ। ਉਹ ਵੀ ਨਕਦ ਤਾਰੇ ਕਚਹਿਰੀ ਵਿਚ...।' ਚੇਤ ਸਿੰਘ ਦੇ ਸਪਸ਼ਟ ਬੋਲਾਂ ਵਿਚ ਸਚਾਈ ਝਲਕਦੀ ਸੀ।

- ਪਰ ਬਾਪੂ ਨੂੰ ਤਾਂ ਤਿੰਨ ਮਹੀਨੇ ਹੋਗੇ ਰੁੱਸ ਕੇ ਘਰੋਂ ਗਏ ਨੂੰ। ਪਤਾ ਈ ਨੀ ਕਿਥੇ ਐ ?'

- ਭਾਲੋ ਭਾਈ ਕਾਕਾ ਉਹਨੂੰ। ਲੋੜ ਹੁਣ ਥੋਨੂੰ ਐਂ ਉਹਦੀ। ਉਹਨੂੰ ਤਾਂ ਥੋਡੀ ਲੋੜ ਕੀ ਹੈ।

- ਪਰ...।' ਕੁਝ ਕਹਿੰਦਾ ਕਹਿੰਦਾ ਰਣਜੀਤ ਰੁਕ ਗਿਆ। ਫਿਰ ਪਰਲੇ ਸਿਰੇ ਪਹੁੰਚ ਗਈ ਕੰਬਾਈਨ ਮਗਰ ਤੁਰ ਪਿਆ।

- ਚੰਗਾ ਕਾਕਾ ! ਮੈਂ ਚੱਲਿਐਂ। ਜਦੋਂ ਵਾਹਣ ਵੇਹਲੇ ਹੋਗੇ, ਅਸੀਂ ਵਾਹਾਂਗੇ ਹੁਣ। ਸਿਆਣਾ ਐਂ ਤੂੰ, ਐਵੇਂ ਤਣਿਆਂ ਦੇ ਚੱਕਰ 'ਚ ਨਾ ਪੈ ਜੀਂ।' ਆਖਕੇ ਚੇਤ ਸਿੰਘ ਵੱਟੋ-ਵੱਟ ਤੁਰਦਾ ਮੁੜ ਗਿਆ।ਚੇਤ ਸਿੰਘ ਦੀ ਹੁਕਮ ਵਰਗੀ ਗੱਲ ਸੁਣਕੇ, ਰਣਜੀਤ ਖੜ੍ਹ ਗਿਆ। ਫ਼ਿਕਰਵਾਨ ਹੋ ਕੇ ਸੋਚਣ ਲੱਗਾ; ਇਹ ਚੇਤ ਸਿੰਘ ਦੀ ਕੋਈ ਚਾਲ ਹੈ, ਜਾਂ ਸੱਚਮੁੱਚ ਹੀ ਬਾਪੂ ਬੈਅ-ਗਹਿਣੇ ਕਰ ਗਿਆ। ਏਨੀ ਤਾਂ ਉਮੀਦ ਨਹੀਂ ਸੀ ਉਹਦੇ ਕੋਲੋਂ? ਅਸੀਂ ਤਾਂ ਏਹੀ ਸੋਚਦੇ ਰਹੇ, ਜਦੋਂ ਕਿਸੇ ਪਾਸਿਉਂ ਰੋਟੀਆਂ ਨਾ ਮਿਲੀਆਂ ਤਾਂ ਆਪੇ ਮੁੜ ਆਊ ਭੁੱਖਾ ਮਰਦਾ। ਚੇਤ ਸਿੰਘ ਕਹਿੰਦੈ, ਮੈਂ ਤਿੰਨ ਲੱਖ ਦਿਤਾ ਐ ਉਹਨੂੰ। ਐਨੇ ਪੈਸੇ ਲੈ ਕੇ ਕਿਧਰ ਗਿਆ ਹੋਇਆ ? ਖਾ ਗਿਆ ਹੋਊ? ਠੱਗਾਂ ਦੇ



ਹੱਥ ਈ ਨਾਂ ਚੜ੍ਹ ਗਿਆ ਹੋਵੇ ? ...ਤਿੰਨ ਮਹੀਨੇ ਹੋਗੇ ਗੱਲ ਨੂੰ ? ਚੇਤ ਸਿੰਘ ਨੇ ਵੀ ਧੂੰਆ ਨੀ ਕੱਢਿਆ। ਅੰਦਰ ਖਾਤੇ ਈ ਖਿਚੜੀ ਪੱਕਗੀ। ਜ਼ਮੀਨ ਵੀ ਗਈ ਤੇ ਪੈਸੇ ਵੀ ਗਏ...।'

ਰਣਜੀਤ, ਜਾਂਦੇ ਚੇਤ ਸਿੰਘ ਨੂੰ ਕਿੰਨਾ ਚਿਰ ਵੇਹੰਦਾ ਰਿਹਾ। ਕਣਕ ਵਢਾਉਣ ਦਾ ਸਾਰਾ ਆਨੰਦ ਕਿਰਕਿਰਾ ਹੋ ਗਿਆ। ਉਸਨੇ ਉਚੇਚੇ ਤੌਰ 'ਤੇ ਕੰਬਾਈਨ ਵਾਲਿਆਂ ਨੂੰ ਕਿਸੇ ਹੋਰ ਦਾ ਨੰਬਰ ਭੰਨ ਕੇ ਮਨਾਇਆ ਹੋਇਆ ਸੀ। ਆਥਣ ਵੇਲੇ ਦੇਸੀ ਸ਼ਰਾਬ ਨਾਲ ਉਹਨਾਂ ਦੀ ਸੇਵਾ ਕਰਨੀ ਸੀ। ਪਰ ਉਸ ਕੋਲੋਂ ਤਿੰਨ ਕਿੱਲੇ ਖੁੱਸ ਰਹੇ ਸਨ। ਖੁੱਸ ਰਹੇ ਕੀ, ਖੁੱਸ ਹੀ ਗਏ ਸਨ। ਇਕ ਕਿੱਲਾ ਬੈਅ ਵਾਲਾ ਤਾਂ ਸਦਾ ਲਈ ਤੇ ਗਹਿਣੇ ਵਾਲੇ ਦੋ ਕਿੱਲੇ ਵੀ ਪਤਾ ਨਹੀਂ... ਉਸ ਕੋਲੋਂ ਛੁਡਵਾਏ ਜਾਣਗੇ ਕੀ ਨਹੀਂ। ਉਹ ਉਦਾਸ ਹੋਇਆ ਮੋਟਰ ਵਾਲੀ ਕੋਠੜੀ ਵੱਲ ਮੁੜ ਪਿਆ ਤੇ ਡੇਕ ਦੀ ਛਾਵੇ 'ਮੰਜੇ 'ਤੇ ਬੀਮਾਰਾਂ ਵਾਂਗ ਆ ਬੈਠਾ...।

...ਇਹ ਕੀ ਕੀਤਾ ਬਾਪੂ ਨੇ? ਜੱਟ ਤਾਂ ਆਪਣੀ ਵੱਟ ਨੀ ਵੱਢਣ ਦਿੰਦਾ ਕਿਸੇ ਨੂੰ ਤੇ ਉਹਨੇ ਤਿੰਨ ਕਿੱਲੇ ਹੱਥੋਂ ਗੁਆ ਲਏ। ਉਹ ਵੀ ਚੁੱਪ-ਚਾਪ। ਘਰ ਦੀਆਂ ਕੰਧਾਂ ਤੱਕ ਨੂੰ ਖ਼ਬਰ ਨਹੀਂ... ? ਹੁਣ ਪਤਾ ਨੀ ਕਿੱਥੇ ਹੋਊ? ਠੀਕ ਐ ਉਸ ਦਿਨ ਮੈਥੋਂ ਥੋੜੀ ਜਿਹੀ ਜ਼ਿਆਦਤੀ ਹੋ ਗਈ ਪਰ ਇਹਦਾ ਮਤਲਬ ਇਹ ਤਾਂ ਨੀ... ? ਜੇ ਕੱਲ੍ਹ ਨੂੰ ਸਾਰੀ ਵੇਚ ਦੇਵੇ... ? ਘਰ ਵੇਚ ਦੇਵੇ... ? ਫੇਰ... ? ਸਾਰੇ ਟੱਬਰ ਨੂੰ ਮੰਗਤੇ ਬਣਾ ਦਊ। ਉਹਨੂੰ ਤਾਂ ਲੱਭਣਾ ਪਊਗਾ। ਰਿਸ਼ਤੇਦਾਰੀਆਂ ਵਿਚ ਤਾਂ ਹੋਣਾ ਨੀ। ਨਹੀਂ ਤਾਂ ਹੁਣ ਨੂੰ ਪਤਾ ਲੱਗ ਜਾਂਦਾ। ਜੇ ਦਿੱਲੀ ਦੱਖਣ ਨੂੰ ਤੁਰ ਗਿਆ ਹੋਇਆ ਫੇਰ... ? ਇਹਨਾਂ ਗਿਣਤੀਆਂ ਮਿਣਤੀਆਂ ਵਿਚ ਹੀ ਆਥਣ ਵੇਲੇ ਬਣਾਏ ਪ੍ਰੋਗਰਾਮਾਂ ਦਾ ਸਾਰਾ ਚਾਅ ਮੱਠਾ ਪੈ ਗਿਆ ਤੇ ਉਹ ਆਪਣੇ ਬਾਪੂ ਨੂੰ ਲੱਭਣ ਦੀਆਂ ਵਿਉਂਤਾਂ ਬਣਾਉਣ ਲੱਗਾ।

ਬਾਕੀ ਦਾ ਸਾਰਾ ਦਿਨ ਰਣਜੀਤ ਉਖੜਿਆ ਉਖੜਿਆ ਰਿਹਾ। ਕੰਬਾਈਨ ਦਾ ਡਰਾਈਵਰ ਤੇ ਇਕ ਕਰਿੰਦਾ, ਉਸਨੂੰ ਕਦੇ ਕਦੇ ਛੇੜ ਜਾਂਦੇ :

- ਕੀ ਗੱਲ ਝਾੜ ਘੱਟ ਨਿਕਲਿਐ ਸਰਦਾਰ ?

- ਨਹੀਂ? ਰਣਜੀਤ ਹੈਰਾਨ ਹੋਇਆ।

- ਫੇਰ ਦਾਰੂ ਪਿਆਉਣ ਦਾ ਮਾਰਾ ਤਾਂ ਨੀ ਚੁੱਪ ਵੱਟੀ ਬੈਠਾ ?

ਰਣਜੀਤ ਓਪਰਾ ਤੇ ਫਿੱਕਾ ਜਿਹਾ ਹੱਸਿਆ।

ਆਥਣੇ ਰੋਟੀ ਲੈ ਕੇ ਆਉਣ ਲਈ, ਪਿੰਡ ਜਾਣ ਲੱਗਿਆਂ, ਉਹ ਆਪਣੇ ਸੀਰੀ ਨੂੰ ਉਹਨਾਂ ਦੀ ਸੇਵਾ ਕਰਨ ਵਾਸਤੇ ਸਮਝਾ ਗਿਆ।

ਘਰ ਆ ਕੇ ਉਸਦਾ ਨਹਾਉਣ ਨੂੰ ਜੀਅ ਨਾ ਕੀਤਾ। ਰੋਟੀ ਤਿਆਰ ਹੋਣ ਦੀ ਉਡੀਕ ਵਿਚ, ਉਹ ਨਿੰਮੋਝੂਣਾ ਜਿਹਾ ਵਿਹੜੇ ਵਿਚ ਬੈਠ ਗਿਆ। ਉਸ ਦੀ ਘਰ ਵਾਲੀ ਛਿੰਦੋ, ਹੈਰਾਨ ਹੋਈ ਉਸ ਵੱਲ ਵਾਰ ਵਾਰ ਝਾਕੀ। ਇਸਨੂੰ ਕੀ ਹੋ ਗਿਆ ? ਕਿਸੇ ਨਾਲ ਲੜ ਤਾਂ ਨੀ ਪਿਆ ? ਬੇਬੇ ਨੂੰ ਚੌਂਕੇ ਦੀ ਨਿਗਾਹ ਰੱਖਣ ਲਈ ਕਹਿਕੇ, ਛਿੰਦੋ ਉਹਦੇ ਕੋਲ ਆ ਗਈ।

- ਕੀ ਗੱਲ ਹੋਗੀ? ਐਂ ਬੈਠੇ ਐਂ ਤੁਸੀਂ ?

- ਹੋਰ ਕਿਵੇਂ ਬੈਠਾਂ ? ਰਣਜੀਤ ਮੂਹਰੋਂ ਰੁੱਖਾ ਬੋਲਿਆ। 'ਨੱਚਣ ਲੱਗ ਜਾਂ?

-ਤੁਸੀਂ ਤਾਂ ਗਲ ਪੈਨੇ ਐਂ...।' ਛਿੰਦੋ ਨੇ ਰੋਸਾ ਕੀਤਾ।

ਗਲ ਨਾਂ ਪਵਾਂ ਤਾਂ ਕੀ ਕਰਾਂ ? ਬਾਪੂ ਜਿਹੜੀਆਂ ਭਦਰਕਾਰੀਆਂ ਕਰੀਂ ਬੈਠੈ। ਹੁਣ ਮੈਂ ਕੀ ਕਹਾਂ ਉਹਨੂੰ? ਗਾਲ੍ਹਾਂ ਕੱਢਦਾ ਚੰਗਾ ਲਗਦੈਂ ਮੈਂ?'

ਬੇਬੇ ਓਕੜ ਕੇ ਕੰਧੋਲੀ ਉਪਰੋਂ ਦੀ ਦੋਹਾਂ ਵੱਲ ਝਾਕੀ। ਬਾਪੂ ਦਾ ਨਾਂ ਆਏ ਤੋਂ ਉਹ ਕੁਝ ਸਾਵਧਾਨ ਹੋ ਗਈ।

- ਕੀ ਕਰਤੀਆਂ ਭਦਰਕਾਰੀਆਂ ਉਹਨੇ? ਹੈ ਕਿੱਥੇ? ਮਿਲਿਆ ਸੀ ਤੈਨੂੰ?' ਛਿੰਦੋ ਕਈ ਸਵਾਲ ਕਰ ਗਈ।

- ਜੇ ਮਿਲ ਪੈਂਦਾ ਤਾਂ ਲੱਤਾਂ ਨਾਂ ਵੱਢ ਦਿੰਦਾ ਉਹਦੀਆਂ ? ਗੁੱਸੇ ਨਾਲ ਰਣਜੀਤ ਦਾ ਚਿਹਰਾ ਭਖ਼ਣ ਲੱਗਾ।

ਬੇਬੇ ਆਟੇ ਦੇ ਲਿਬੜੇ ਹੱਥ ਲਈ ਉਹਨਾਂ ਦੇ ਕੋਲ ਆਣ ਖੜ੍ਹੀ।

- ਹੁਣ ਕੀ ਕਰਤਾ ਉਹਨੇ ਭਾਈ ? ਤੂੰ ਕਪੜਿਉਂ ਬਾਹਰ ਹੋਇਆ ਬੈਠੈਂ। ਤਿੰਨ ਮਹੀਨੇ ਹੋਗੇ ਘਰੋਂ ਨਿਕਲੇ ਨੂੰ। ਉਹ ਬਾਹਰ ਧੱਕੇ ਖਾਂਦਾ ਫਿਰਦਾ ਵੀ ਥੋੜੇ ਦੰਦੀਆਂ ਵੱਢਦੈ ?' ਬੇਬੇ ਅੰਦਰੋ-ਅੰਦਰ ਤਪੀ ਹੋਈ ਸੀ।

- ਬੇਬੇ ਬਾਹਰ ਧੱਕੇ ਖਾਂਦੇ ਫਿਰਦੇ ਨੇ ਵੀ, ਦੋ ਕਿੱਲੇ ਗਹਿਣੇ ਕਰਤੇ, ਇਕ ਬੈਅ ਕਰਤਾ। ਤਿੰਨ ਲੱਖ ਲੈ ਕੇ ਪਤਾ ਨੀ ਕਿਥੇ ਬੈਠਾ ਹੋਊ ? ਮੈਂ ਕਿਸੇ ਕੰਜਰ ਨੂੰ ਵੱਟ 'ਤੇ ਨੀ ਸੀ ਖੜ੍ਹਨ ਦਿੰਦਾ। ਹੁਣ ਅਗਲੇ ਆ ਕੇ ਕਹਿਗੇ - 'ਅਸੀਂ ਵਾਹਾਂਗੇ-।' ਐਹੋ ਜੀਆਂ ਕਰਤੂਤਾਂ ਕਰਦਾ ਫਿਰਦਾ ਐ ਉਹ। ਮੈਨੂੰ ਤਾਂ ਇਹ ਸਮਝ ਨੀ ਆਉਂਦੀ, ਉਸਨੇ ਜ਼ਮੀਨ ਵੇਚਣ ਦੀ ਸੋਚੀ ਕਿਵੇਂ ?

- ਥੋਨੂੰ ਈ ਭਾਈ ਘਰੇ ਤੁਰਿਆ ਫਿਰਦਾ ਬੁਰਾ ਲਗਦਾ ਸੀ। ਆਹ ਰਕਾਨ ਕਹਿੰਦੀ ਸੀ, ਮੇਰੇ ਵੱਲ ਝਾਕਦਾ ਰਹਿੰਦੈ। ਮੈਂ ਤਾਂ ਬੋਲੀ ਨੀ ਭਾਈ! ਉਹ ਤਾਂ ਬੰਦਾ ਐ, ਕਿਤੇ ਚਾਰ ਦਿਨ ਕੱਟ ਲੂ। ਮੈਂ ਕਿਧਰ ਜਾਊਂ ?

ਬੇਬੇ ਦੀ ਖਰ੍ਹਵੀਂ ਤੇ ਵੱਢਵੀਂ ਗੱਲ 'ਤੇ ਛਿੰਦੋ ਤਮਕ ਗਈ।

- ਕਿਉਂ ਕੁਫਰ ਤੋਲਦੀ ਐਂ ਬੇਬੇ? ਤੇਰੇ ਪੁੱਤ ਦਾ ਈ ਸਿਆਪਾ ਪਾਇਐ ਸਾਰਾ। ਇਹ ਕਿਸੇ ਨਾਲ ਮਿਲ ਕੇ ਕੱਟਣ ਵੀ? ਕਦੇ ਇਹਨੂੰ ਬਾਪੂ ਖੇਤ ਗਿਆ ਬੁਰਾ ਲਗਦਾ ਸੀ। ਕਦੇ ਘਰ ਬੈਠਾ ਬੁਰਾ ਲਗਦਾ ਸੀ।' ਆਖ ਕੇ ਛਿੰਦੋ ਤਵੇ 'ਤੇ ਪਈ ਸੜਦੀ ਰੋਟੀ ਦਾ ਮੁਸ਼ਕ ਆਏ ਤੋਂ ਚੌਂਕੇ ਵੱਲ ਵਗ ਗਈ।

- ਆਹੋ! ਹੁਣ ਤਾਂ ਸਾਰਾ ਕਸੂਰ ਮੇਰਾ ਈ ਐ। ਬੇਬੇ ਤੈਨੂੰ ਪਤੈ, ਇਹਦਾ ਭਰਾ ਆਏ ਤੋਂ, ਉਹਦੇ ਸਾਹਮਣੇ ਮੈਨੂੰ ਕੀ ਆਵਾ ਤਵਾ ਬੋਲਦਾ ਸੀ। ਗੱਲ ਤਾਂ ਐਨੀ ਸੀ, ਬਈ ਮੱਝ ਨੂੰ ਪੱਠੇ ਪਾਉਣੇ ਸੀ। ਕਿੰਨੀਆਂ ਗਾਲ੍ਹਾਂ ਕੱਢੀਆਂ ਉਹਨੇ? ਮੇਰਾ ਰਿਸ਼ਤੇਦਾਰ ਕੀ ਸੋਚਦਾ ਹੋਊ? ਬੇਜ਼ਤੀ ਨੀ ਹੁੰਦੀ ਬੰਦੇ ਦੀ?

- ਭਾਈ ਕਾਕਾ! ਪਤਾ ਐ ਮੈਨੂੰ। ਮੱਝ ਅੜਿੰਗੀ ਜਾਂਦੀ ਸੀ ਤੇ ਤੁਸੀਂ ਦੋਵੇਂ ਦਾਰੂ ਪੀਣ 'ਚ ਮਸਤ ਸੀਗੇ। ਉਹਨੇ ਏਨਾ ਹੀ ਕਿਹਾ ਸੀ - 'ਫੇਰ ਮਰ ਲਿਉ ਦਾਰੂ। ਪਹਿਲਾਂ ਬੇਜ਼ਬਾਨ ਨੂੰ ਪੱਠੇ ਪਾ ਦਿਉ। ਕੀ ਬੁਰਾ ਕਹਿਤਾ? ਬੋਲੋ ਜੇ ਕਹਿ ਵੀ ਦਿੱਤਾ, ਤੇਰਾ ਪਿਉ ਸੀ, ਐਨਾ ਵੀ ਹੱਕ ਨੀ ਉਹਦਾ? ਤੂੰ ਮੂਹਰੋਂ ਕਿੰਨਾਂ ਅੜਬ ਬੋਲਿਆ? ਯਾਦ ਹੋਣੈ ਤੈਨੂੰ?''

ਬੇਬੇ ਦੀਆਂ ਗੱਲਾਂ ਸੁਣਕੇ ਰਣਜੀਤ ਨੀਵੀਂ ਪਾ ਗਿਆ। ਫੇਰ ਕੌੜਾ ਕੌੜਾ ਝਾਕਿਆ, ਪਰ ਬੋਲਿਆ ਕੁਝ ਨਾ। ਛਿੰਦੋ ਫੇਰ ਕੋਲੇ ਆਣ ਖੜ੍ਹੀ।

- ਮੈਨੂੰ ਯਾਦ ਐ ਪੁੱਤ। ਤੇਰਾ ਇਕ ਇਕ ਬੋਲ ਯਾਦ ਐ। ਤੂੰ ਆਖਿਆ ਸੀ, ਬੁੜ੍ਹਿਆਂ ਨੂੰ ਜਾਂ ਤਾਂ ਆਪ ਮਰ ਜਾਣਾ ਚਾਹੀਦੈ, ਜਾਂ ਟੀਕੇ ਲਾਕੇ ਮਾਰ ਦੇਣੇ ਚਾਹੀਦੇ ਐ। ਇਹਨਾਂ ਤੋਂ ਚੁੱਪ ਕਰਕੇ ਬੈਠਿਆ ਈ ਨੀ ਜਾਂਦਾ। ਪੱਕੀਆਂ ਪਕਾਈਆਂ ਰੋਟੀਆਂ ਨੀ ਖਾਧੀਆਂ ਜਾਂਦੀਆਂ।' ਏਹੀ ਕੁਸ਼



ਆਖਿਆ ਸੀ ਨਾ? ਪੁੱਤ ਉਹ ਤੇਰੇ ਬਰਾਬਰ ਕੰਮ ਕਰਦਾ ਸੀ ਤੇ ਮੈਂ ਤੇਰੀ ਰੰਨ ਦੇ ਬਰਾਬਰ ਕੰਮ ਕਰਦੀ ਐਂ। ਪੱਕੀਆਂ ਪਕਾਈਆਂ ਕੀਹਨੂੰ ਮਿਲਦੀਐਂ ਅੱਜ ਕੱਲ?

ਗੁੱਸੇ ਵਿਚ ਬੇਬੇ ਦੀਆਂ ਕੱਲੀਆਂ ਡੰਡੀਆਂ ਹਿੱਲ ਰਹੀਆਂ ਸਨ। ਛਿੰਦੋ ਤੇ ਰਣਜੀਤ ਇਕ ਦੂਸਰੇ ਵੱਲ ਝਾਕਦੇ ਤਾਂ ਰਹੇ, ਪਰ ਬੇਬੇ ਦੀਆਂ ਗੱਲਾਂ ਦਾ ਉਹਨਾਂ ਕੋਲ ਕੋਈ ਜਵਾਬ ਨਹੀਂ ਸੀ।

ਬੇਬੇ ਦੋ-ਢਾਈ ਮਹੀਨਿਆਂ ਦੀ ਭਰੀ-ਪੀਤੀ ਫਿਰਦੀ ਸੀ। ਉਹ ਫੇਰ ਬੋਲੀ - 'ਚਲੋ ਜੇ ਹਰਖ਼ 'ਚ ਆਕੇ ਉਸਨੇ ਕਹਿਤਾ - ਬਈ, ਜੇ ਮਾੜੇ ਲਗਦੇ ਐ ਤਾਂ ਮੈਂ ਘਰੋਂ ਨਿਕਲ ਜਾਨੈਂ। ਕੀ ਆਖਿਆ ਸੀ ਤੂੰ ਉਦੋਂ, 'ਘਰੋਂ ਜਾਣਾ ਐ ਤਾਂ ਜਾਹ-।' ਤੇ ਉਹ ਭਾਈ ਕਾਕਾ ਤੁਰ ਗਿਆ।'

- ਪਹਿਲਾਂ ਤਾਂ ਬੇਬੇ ਉਹਨੇ ਈ ਕਿਹਾ ਸੀ : ਬੁਰਾ ਲਗਦੈਂ ਤਾਂ ਨਿਕਲ ਜਾਨੈਂ-।' ਰਣਜੀਤ ਨੇ ਸਫਾਈ ਦੇਣੀ ਚਾਹੀ।

- ਤੇ ਤੂੰ ਕਹਿਤਾ ਜਾਹ।' ਬੇਬੇ ਵਿਅੰਗ ਨਾਲ ਹੱਸੀ। 'ਏਹੀ ਐ ਪਿਉ-ਪੁੱਤ ਦਾ ਰਿਸ਼ਤਾ?

- ਹੋਰ ਕੀ ਕਹਿੰਦਾ, ਜੁੜ ਪਾ ਲੈਂਦਾ ਉਹਦੇ? ਰਣਜੀਤ ਖਿਝ ਗਿਆ।

- ਹੁਣ ਤਪੀ ਕਿਉਂ ਜਾਨੈਂ ਫਿਰ? ਤੁਰਿਆ ਫਿਰਨ ਦੇ ਜਿੱਥੇ ਤੁਰਿਆ ਫਿਰਦੈ। ਮੈਂ ਤਾਂ ਤੈਨੂੰ ਅਲਫ ਤੋਂ ਬੇ ਨੀ ਕਹੀ?'

ਤੂੰ ਵੀ ਹੱਦ ਕਰਦੀ ਐਂ ਬੇਬੇ। ਜ਼ਮੀਨ ਵੇਚ ਕੇ ਐਂ ਕਿਵੇਂ ਤੁਰਿਆ ਫਿਰੂਗਾ ਉਹ? ਰਣਜੀਤ ਪੂਰੇ ਹਰਖ਼ ਨਾਲ ਬੋਲਿਆ।

- ਕੀ ਕਰਲੇਂਗਾ ਤੂੰ ਜੇ ਬਾਕੀ ਦੀ ਵੀ ਗਹਿਣੇ ਬੈਅ ਕਰ ਗਿਆ?

- ਐਂ ਕਿਵੇਂ ਕਰਜੂ-?

ਜਿਵੇਂ ਅੱਗੇ ਕਰ ਗਿਆ। ਹੁਣ ਵੀ ਕਰਜੂ। ਉਹਦੀ ਜ਼ਮੀਨ ਐਂ, ਉਹ ਕਰ ਸਕਦੈ। ਨਾਲੇ ਜਦੋਂ ਬੰਦੇ ਨੂੰ ਚੇਹ ਚੜ੍ਹ ਜਾਵੇ ਨਾ, ਫੇਰ ਕਿਸੇ ਗੁਰ-ਪੀਰ ਦਾ ਨੀ ਹੁੰਦਾ।'

ਬੇਬੇ ਦੀ ਇਸ ਕੌੜੀ ਸਚਾਈ ਨਾਲ ਰਣਜੀਤ ਨੂੰ ਆਪਣੇ ਪੈਰਾਂ ਹੇਠੋਂ ਧਰਤੀ ਖਿਸਕਦੀ ਜਾਪੀ। ਉਹ ਸੱਚਮੁੱਚ ਫ਼ਿਕਰਵਾਨ ਹੋ ਗਿਆ। ਅੱਜ ਤਿੰਨਾਂ ਕਿੱਲਿਆ ਤੋਂ ਹੱਥ ਧੋਣਾ ਪਿਐਂ, ਕੱਲ੍ਹ ਨੂੰ ਸਾਰਾ ਕੁਝ ਈ ਹੱਥੋਂ ਨਾ ਜਾਵੇ। ਭੌਲੀ-ਮਾਮਲੇ 'ਤੇ ਲੈ ਕੇ ਵਾਹੁਣੀ ਪਈ ਤਾਂ ਸ਼ਰੀਕਾਂ ਦੇ ਥੱਲੇ ਲੱਗਣਾ ਪਊ।

ਦੁਖੀ ਮਨ ਨਾਲ ਰੋਟੀ ਲੈ ਕੇ ਉਹ ਖੇਤ ਚਲਿਆ ਗਿਆ।

ਉਥੇ ਦਾਰੂ ਵੀ ਪੀਤੀ, ਪਰ ਅੱਜ ਉਸਨੂੰ ਨਸ਼ਾ ਨਹੀਂ ਸੀ ਚੜ੍ਹ ਰਿਹਾ। ਦਿਮਾਗ ਵਿਚ ਬਾਪੂ ਦਾ ਤਿੰਨ ਲੱਖ ਅਤੇ ਬਾਕੀ ਰਹਿੰਦੀ ਜ਼ਮੀਨ ਦਾ ਫ਼ਿਕਰ ਹੀ ਘੁੰਮਦਾ ਰਿਹਾ।

ਰਾਤ ਨੂੰ ਵੀ ਉਸਨੂੰ ਨੀਂਦ ਨਾ ਆਈ। ਕਦੇ ਉਸਨੂੰ ਆਪਣੇ 'ਤੇ ਖਿੱਝ ਆਉਂਦੀ, ਕਦੇ ਛਿੰਦੋ 'ਤੇ ਗੁੱਸਾ ਆਉਂਦਾ। ਉਸਨੇ ਹੀ ਬਹੁਤਾ ਸਿਆਪਾ ਪੁਆਇਐ। ਆਖਦੀ ਸੀ ਇਹਦੇ ਰੋਟੀ ਪਸਿੰਦ ਨੀ ਆਉਂਦੀ। ਕਦੇ ਆਖੂ ਦਾਲ 'ਚ ਲੂਣ ਬਹੁਤਾ ਐ, ਕਦੇ ਆਖੂ ਐਨਾ ਘੱਟ ਕਾਹਤੋਂ ਪਾਇਐ? ਕਹਿੰਦੀ ਸੀ, ਮੇਰੇ ਵੱਲ ਵੀ ਚੋਰ-ਅੱਖਾਂ ਨਾਲ ਝਾਕਦਾ ਰਹਿੰਦੈ। ਇਕ ਦਿਨ ਬੇਬੇ ਦੇ ਨਾਲ ਲੱਗਿਆ ਖੜ੍ਹਾ ਸੀ। ਇਹਨੂੰ ਤਾਂ ਪਾਸੇ ਕਰੀਏ ਆਪਾਂ'

ਕਰਲਾ ਹੁਣ ਪਾਸੇ। ਮੰਗਤੇ ਬਣਾ ਕੇ ਛੱਡੂ ਆਪਾਂ ਨੂੰ। ਹੁਣ ਚੇਤ ਸਿੰਘ ਨੇ ਆਕੇ ਕਿਹਾ... ਤਿੰਨ ਕਿੱਲੇ ਨਾ ਵਾਹੀਂ। ਜੇ ਕੱਲ ਨੂੰ ਕੋਈ ਹੋਰ ਆ ਗਿਆ... ਫੇਰ? ਭਾਲਾਂ ਤਾਂ ਸਹੀ ਉਹਨੂੰ ਕੰਜਰ ਨੂੰ ਕਿੱਥੇ ਐ? ਗਲਤੀ ਮੰਨ ਕੇ ਇਕ ਵਾਰ ਪਿੰਡ ਲੈ ਆਈਏ। ਗਹਿਣੇ ਵਾਲੀ ਤਾਂ ਛੁਡਾ ਵੀ ਲਵਾਂਗੇ। ਬਾਕੀ ਦੀ ਬੈਅ ਹੋਣੋਂ ਤਾਂ ਬਚ ਜਾਊ।...'

ਤੜਕੇ ਜਿਹੇ ਉਸਦੀ ਅੱਖ ਲੱਗੀ। ਜਾਪਿਆ, ਬਾਪੂ ਸਿਰਹਾਣੇ ਖੜ੍ਹਾ ਐ। ਉਹ ਤ੍ਰਭਕ ਕੇ ਉਠਿਆ।

ਉਸਦਾ ਸੀਰੀ ਉਸਨੂੰ ਜਗਾ ਰਿਹਾ ਸੀ।

- ਬਾਈ! ਚਾਹ ਲੈ ਕੇ ਮੈਂ ਆਵਾਂ ਕਿ ਤੂੰ ਜਾਏਂਗਾ...?'

- ਮੈਂ ਈ ਜਾਨੈਂ। ਰਣਜੀਤ ਨੇ ਉਬਾਸੀ ਲਈ। ਦੇਸੀ ਦਾਰੂ ਦੀ ਹਵਾੜ ਦੂਰ ਤੱਕ ਆਈ। ਸਿਰ ਭਾਰਾ ਭਾਰਾ ਲੱਗਿਆ। ਅਣਮੰਨੇ ਜਿਹੇ ਮਨ ਨਾਲ ਉਠਕੇ ਬਾਕੀ ਰਹਿੰਦੀ ਕਣਕ ਵੱਲ ਝਾਕਿਆ ਤੇ ਸੀਰੀ ਵੱਲ ਝਾਕ ਕੇ ਬੋਲਿਆ-ਲੈ ਲਿਆ ਕੰਮ।'

- ਬੱਸ ਦੋ-ਤਿੰਨ ਘੰਟਿਆਂ ਦਾ ਕੰਮ ਐ।'

- ਚੱਲ ਨਿਬੜਿਆ ਜੱਬ੍ਹ। ਫੇਰ ਸ਼ਹਿਰ ਵੀ ਜਾਣੈ ਅੱਜ।' ਆਖ ਕੇ ਉਹ ਚਾਹ ਲੈਣ ਪਿੰਡ ਨੂੰ ਤੁਰ ਪਿਆ।

ਰਾਹ ਵਿਚ ਇਹੀ ਸੋਚਦਾ ਗਿਆ, 'ਕਿੱਥੋਂ ਭਾਲਾਂ ਬਾਪੂ ਨੂੰ? ਜਦੋਂ ਭੇਤ ਈ ਨਾ ਹੋਵੇ, ਭਾਵੇਂ ਕੰਧ ਉਹਲੇ ਬੈਠਾ ਹੋਵੇ। ਕੀ ਕਰ ਲਊ ਬੰਦਾ? ਫੇਰ ਉਸਨੂੰ ਚੇਤ ਸਿੰਘ ਦਾ ਖ਼ਿਆਲ ਆਇਆ। ਉਹਨੂੰ ਪਤਾ ਹੋਊ।' ਜ਼ਮੀਨ ਦਾ ਸੌਦਾ ਕਿੱਥੇ ਹੋਇਆ? ਕਿੱਥੇ ਪੈਸੇ ਦਿੱਤੇ? ਕੀ ਪਤਾ ਉਹਦੇ ਕੋਲ ਆਉਂਦਾ ਜਾਂਦਾ ਵੀ ਹੋਵੇ?

ਪਹਿਲਾਂ ਆਪਣੇ ਘਰ ਜਾਣ ਦੀ ਬਜਾਏ, ਉਹ ਚੇਤ ਸਿੰਘ ਦੇ ਘਰ ਵੱਲ ਹੀ ਤੁਰ ਪਿਆ।

ਏਨੇ ਸਾਝਰੇ ਆਉਣ 'ਤੇ ਪਹਿਲਾਂ ਤਾਂ ਚੇਤ ਸਿੰਘ ਉਸ ਵੱਲ ਘਬਰਾ ਕੇ ਝਾਕਿਆ। ਪਰ ਉਸਦੇ ਆਉਣ ਦਾ ਸਬੱਬ ਸੁਣਕੇ ਉਸਨੇ ਚੱਲਵੀਂ ਜਿਹੀ ਗੱਲ ਕੀਤੀ;

- ਮੇਰੇ ਕੋਲ ਤਾਂ ਕਾਕਾ, ਥੋਡੇ ਆੜ੍ਹਤੀਏ ਦੀ ਦੁਕਾਨ 'ਤੇ ਹੀ ਗੱਲ ਹੋਈ ਸੀ! ਦੋ-ਤਿੰਨ ਵਾਰੀ ਉਥੇ ਹੀ ਮਿਲਿਆ ਸੀ। ਰਹਿੰਦਾ ਕਿੱਥੇ ਐ, ਇਹਦਾ ਨੀ ਮੈਂ ਪਤਾ ਕੀਤਾ। ਨਾਲੇ ਸੌਦਾ ਹੋਏ ਨੂੰ ਤਾਂ ਦੋ-ਢਾਈ ਮਹੀਨੇ ਹੋਗੇ। ਐਨੇ ਚਿਰ 'ਚ ਤਾਂ ਬੰਦਾ ਰੱਬ ਦੀ ਪੂਛ ਨੂੰ ਹੱਥ ਲਾਕੇ ਮੁੜ ਆਉਂਦੈ-।'

ਦੁਪਹਿਰੇ ਰਣਜੀਤ ਆੜ੍ਹਤੀਏ ਕੋਲ ਬੈਠਾ ਸੀ।

- ਰਹਿੰਦਾ ਤਾਂ ਐਥੇ ਈ ਐ। ਦੂਏ ਤੀਏ ਗੇੜਾ ਵੀ ਮਾਰਦਾ ਹੁੰਦੈ। ਸਰਦਾਰ ਨੂੰ ਨਰਾਜ ਕਾਂਹਤੋਂ ਕਰੀ ਫਿਰਦੇ ਐ'? ਆੜ੍ਹਤੀਏ ਨੂੰ ਸਾਰਾ ਭੇਤ ਵੀ ਸੀ, ਪਰ ਉਹ ਸੇਠਾਂ ਵਾਲੀ ਚਲਾਕੀ ਨਾਲ ਅਣਜਾਣ ਬਣਿਆ ਰਹਿਣਾ ਚਾਹੁੰਦਾ ਸੀ। ਉਸ ਲਈ ਤਾਂ ਦੋਵੇਂ ਅਸਾਮੀਆਂ ਸਨ। ਉਹ ਕੀਹਦੇ ਨਾਲ ਵਿਗਾੜੇ?

- ਨਰਾਜ਼ਗੀ ਤਾਂ ਐਵੇਂ ਹੋਗੀ ਲਾਲਾ ਜੀ। ਸਾਨੂੰ ਕੀ ਪਤਾ ਸੀ ਇਹ ਐਂ ਕਰਨ ਲੱਗ ਜੂ? ਹੁਣ ਦੋ ਕਿੱਲੇ ਗਹਿਣੇ ਕਰਤੇ, ਇਕ ਬੈਅ ਕਰਤਾ। ਸਾਨੂੰ ਪਤਾ ਕੋਈ ਨੀ। ਅਗਲੇ ਕਬਜ਼ਾ ਲੈਣ ਆਗੇ। ਇਹ ਤਿੰਨ ਲੱਖ ਲੈ ਕੇ ਸ਼ਹਿਰ 'ਚ ਬੈਠੈ, ਪਿੰਡ 'ਚ ਸਾਨੂੰ ਕਿਸੇ ਨਾਲ ਲੜਾਕੇ ਮਰਵਾ ਦਊ। ਮੈਨੂੰ ਤਾਂ ਡਰ ਐ, ਕਿਤੇ ਬਾਕੀ ਦੀ ਵੀ ਐਂ ਈ ਨਾ ਕਰੀ ਬੈਠਾ ਹੋਵੇ।' ਰਣਜੀਤ ਦਾ ਬੇਬਸੀ ਵਿਚ ਹਉਕਾ ਨਿਕਲ ਗਿਆ।

- ਦੇਖ ਸਰਦਾਰ, ਸਾਡੇ ਲਈ ਤਾਂ ਤੁਸੀਂ ਦੋਵੇਂ ਇਕੋ ਜਿਹੇ ਐਂ। ਵੱਡਾ ਸਰਦਾਰ ਜਿਸ ਦਿਨ ਆਇਆ ਸਮਝਾਵਾਂਗੇ। ਤਿੰਨ ਲੱਖ ਦਾ ਤਾਂ ਸਾਨੂੰ ਵੀ ਪਤਾ ਨੀ ਹੈ। ਨਾ ਉਸਨੇ ਸਾਡੇ ਪਾਸ ਕੋਈ ਰਕਮ ਰੱਖੀ ਐ। ਹਾਂ ਇਕ ਗੱਲ ਜ਼ਰੂਰ ਐ। ਅੱਗੇ ਨਾਲੋਂ ਪੂਰੀ ਟੌਹਰ 'ਚ ਰਹਿੰਦੈ ਹੁਣ।' ਆੜ੍ਹਤੀਆ ਮੀਸਣੀ ਹਾਸੀ ਹੱਸਿਆ।



- ਫੇਰ ਕਿਵੇਂ ਪਤਾ ਲੱਗੂ ਉਹਦਾ? ਰਣਜੀਤ ਨੇ ਫ਼ਿਕਰ ਨਾਲ ਪੁੱਛਿਆ।

- ਪਤਾ ਲੱਗਣ ਨੂੰ ਕੀ ਹੈ, ਭਲਾ ਦੀ ਹੁਣ ਆ ਜਾਵੇ। ਜੇ ਨਹੀਂ ਆਇਆ ਤਾਂ ਚਾਰ ਦਿਨ ਨਾ ਆਵੇ।

- ਚੰਗਾ ਲਾਲਾ ਜੀ! ਮੈਂ ਤਾਂ ਚਲਦਾਂ ਪਿੰਡ ਨੂੰ। ਕਣਕ ਸਾਂਭਣੀ ਐ ਜਾ ਕੇ। ਕੱਲ੍ਹ ਨੂੰ ਫੇਰ ਆਊਂ। ਜੇ ਉਹ ਆਵੇ ਤਾਂ ਉਹਦੇ ਥਾਂ ਟਿਕਾਣੇ ਦਾ ਪਤਾ ਕਰਿਉ।' ਆਖ ਕੇ ਰਣਜੀਤ ਬਾਹਰ ਆ ਗਿਆ।

ਆੜ੍ਹਤੀਏ ਦੇ ਨੌਕਰ ਨੇ, ਬਾਹਰ ਨਿਕਲਦੇ ਨੂੰ ਇਸ਼ਾਰੇ ਨਾਲ ਰੋਕ ਲਿਆ ਤੇ ਇਕ ਪਾਸੇ ਲਿਜਾਕੇ ਹੌਲੀ ਜਿਹੀ ਬੋਲਿਆ;

- ਮੈਨੂੰ ਪਤੈ, ਕਿੱਥੇ ਰਹਿੰਦਾ ਹੈ ਸਰਦਾਰ।'

- ਕਿੱਥੇ ਰਹਿੰਦਾ ਐ?' ਰਣਜੀਤ ਨੇ ਕਾਹਲੀ ਨਾਲ ਪੁੱਛਿਆ।

ਨੌਕਰ ਪਹਿਲਾਂ, ਅੰਦਰ ਗੱਦੀ ਬੈਠੇ ਲਾਲਾ ਜੀ ਵੱਲ ਝਾਕਿਆ, ਫਿਰ ਕਿਹਾ,

- ਬੱਸ ਸਟੈਂਡ ਦੇ ਪਿਛਲੇ ਪਾਸੇ ਇਕ ਗਲੀ 'ਚ ਚੁਬਾਰਾ ਉਹਨੇ ਕਿਰਾਏ 'ਤੇ ਲਿਆ ਹੋਇਐ। ਮੇਰੇ ਚਾਚੇ ਦਾ ਮੁੰਡਾ, ਨੌਕਰ ਰੱਖਿਐ ਉਹਨੇ।'

- ਚੱਲੇਂਗਾ ਮੇਰੇ ਨਾਲ?'

- ਨਾ ਮੈਂ ਨੀ ਜਾਣਾ। ਉਹਨੇ ਮਨ੍ਹਾਂ ਕੀਤਾ ਹੋਇਐ ਕਿਸੇ ਨੂੰ ਨਹੀਂ ਦੱਸਣਾ। ਬੱਸ ਸਟੈਂਡ ਦੇ ਸਾਰੇ ਕੁਲੀ ਜਾਣਦੇ ਐ। ਉਹਨਾਂ ਨੂੰ ਪੁੱਛ ਲਈਂ ਜਾਕੇ। ਉਹਨਾਂ ਕੋਲੋਂ ਸਸਤੀ ਸ਼ਰਾਬ ਖਰੀਦਦਾ ਹੁੰਦੈ।'

- ਤੈਨੂੰ ਕਿਵੇਂ ਪਤੈ? ਰਣਜੀਤ ਨੂੰ ਉਹਦੀਆਂ ਗੱਲਾਂ 'ਤੇ ਇਤਬਾਰ ਨਹੀਂ ਸੀ ਆ ਰਿਹਾ।

- ਮੇਰੇ ਚਾਚੇ ਦਾ ਮੁੰਡਾ ਈ ਦੱਸਦਾ ਹੁੰਦੈ।'

ਉਦੋਂ ਹੀ ਅੰਦਰੋਂ ਵਾਜ ਪਈ ਤਾਂ ਨੌਕਰ ਕਾਹਲੀ ਨਾਲ ਅੰਦਰ ਚਲਿਆ ਗਿਆ।

ਬੱਸ ਅੱਡੇ ਵੱਲ ਤੁਰੇ ਆਉਂਦੇ ਰਣਜੀਤ ਨੇ ਸੋਚਿਆ... ਤਿੰਨ ਲੱਖ ਫੂਕਤਾ ਹੋਊ। ਬੱਸ ਅੱਡਿਆਂ ਦਾ ਚਸਕਾ ਪੈ ਗਿਆ ਬੁੜ੍ਹੇ ਨੂੰ। ਕੀ ਪਤਾ ਰਾਤ ਨੂੰ ਤੀਵੀਆਂ ਵੀ ਚਬਾਰੇ 'ਚ ਆਉਂਦੀਆਂ ਹੋਣਗੀਆਂ। ਬੇਬੇ ਇਹਨੂੰ ਕਿੱਥੇ ਚੰਗੀ ਲੱਗਣੀ ਐ?

ਜਦੋਂ ਉਹ ਪੁੱਛਦਾ ਪਛਾਉਂਦਾ ਪਉੜੀਆਂ ਚੜ੍ਹਕੇ ਉਪਰ ਗਿਆ ਤਾਂ ਚੁਬਾਰੇ ਦੇ ਵਿਹੜੇ ਵਿਚ ਬੈਠਾ ਨੌਕਰ ਕਪੜੇ ਧੋਈ ਜਾਂਦਾ ਸੀ।

- ਬਾਪੂ?' ਉਸਨੇ ਇੰਨਾ ਹੀ ਪੁੱਛਿਆ।

ਪਹਿਲਾਂ ਤਾਂ ਨੌਕਰ ਸ਼ੱਕੀ ਜਿਹਾ ਝਾਕਿਆ, ਫਿਰ ਅੰਦਰ ਵੱਲ ਇਸ਼ਾਰਾ ਕਰਕੇ ਬੋਲਿਆ 'ਸੁੱਤੇ ਪਏ ਨੇ।'

ਰਣਜੀਤ ਅੰਦਰ ਲੰਘ ਗਿਆ।

ਕੂਲਰ ਦੀ ਮਿੱਠੀ ਗੂੰਜ ਵਿਚ, ਸਰਦਾਰ ਬਣਿਆ ਹੋਇਆ ਬਾਪੂ ਸੁੱਤਾ ਪਿਆ ਸੀ। ਮਲਮਲ ਦਾ ਪਤਲਾ ਕੁੜਤਾ ਹਵਾ ਵਿਚ ਉੱਡਣ ਉੱਡਣ ਕਰਦਾ ਸੀ। ਉਹੋ ਜੇਹਾ ਹੀ ਚਿੱਟਾ ਚਾਦਰਾ ਸੀ। ਚੁਬਾਰੇ ਦੀ ਇਕ ਨੁੱਕਰ ਵਿਚ ਮੇਜ਼ ਉਪਰ ਅੱਧੀ ਬੋਤਲ ਸ਼ਰਾਬ ਦੀ ਤੇ ਦੋ ਖ਼ਾਲੀ ਸੋਢੇ ਪਏ ਸਨ। ਮੇਜ਼ 'ਤੇ ਹੇਠਾਂ ਇਕ ਪਲੇਟ ਵਿਚ ਮੁਰਗੇ ਦੀਆਂ ਚੂੰਡੀਆਂ ਹੱਡੀਆਂ ਪਈਆਂ ਸਨ। ਚੁਬਾਰੇ ਦੀ ਇਕ ਅਲਮਾਰੀ ਨੂੰ ਨਵਾਂ ਨਕੋਰ ਲੱਗਿਆ ਜਿੰਦਾ ਲਟਕ ਰਿਹਾ ਸੀ। ਮੰਜੇ ਕੋਲ ਹੀ ਨਵੀਂ ਕੱਢਵੀਂ ਜੁੱਤੀ ਪਈ ਸੀ।

ਕੱਪੜੇ ਧੋਣੇ ਵਿਚੇ ਈ ਛੱਡ ਕੇ, ਨੌਕਰ ਅੰਦਰ ਆਇਆ ਤੇ ਮੇਜ਼ ਉਪਰੋਂ ਖ਼ਾਲੀ ਸੋਢੇ, ਪਲੇਟਾਂ ਤੇ ਹੋਰ ਨਿਕਸੁਕ ਚੁੱਕਣ ਲੱਗਾ।

ਖੜਕਾ ਹੋਣ 'ਤੇ ਸਰਦਾਰ ਦੀ ਅੱਖ ਖੁੱਲ੍ਹੀ ਤਾਂ ਰਣਜੀਤ ਨੂੰ ਖੜ੍ਹਾ ਵੇਖਕੇ, ਪਹਿਲਾਂ ਤਾਂ ਸਰਦਾਰ ਝਟਕੇ ਨਾਲ ਉਠਣ ਲੱਗਾ, ਪਰ ਜਦੇ ਹੀ ਸੰਭਲ ਗਿਆ। ਪਿਆ ਰਿਹਾ। ਚਿਹਰੇ 'ਤੇ ਹੌਲੀ ਹੌਲੀ ਮੁਸਕਾਨ ਫੈਲ ਗਈ ਤੇ ਬੋਲਿਆ, 'ਕਿਉਂ ਕੀ ਲੋੜ ਪੈਗੀ ਬੁੜ੍ਹੇ ਕੰਜਰ ਦੀ?'

- ਅਸੀਂ ਤਾਂ ਤੈਨੂੰ ਤਿੰਨਾਂ ਮਹੀਨਿਆਂ ਦੇ ਭਾਲੀ ਜਾਨੇ ਐਂ ਬਾਪੂ?

- ਸਭ ਝੂਠ। ਤਿੰਨਾਂ ਮਹੀਨਿਆਂ ਦੇ ਨੀ ਭਾਲਦੇ, ਤਿੰਨਾਂ ਕੁ ਦਿਨਾਂ ਦੇ ਭਾਲਦੇ ਹੋਵੋਂਗੇ?' ਬਾਪੂ ਵਿਅੰਗ ਨਾਲ ਹੱਸਿਆ -'ਜਦੋਂ ਬਗਾਨੇ ਪੁੱਤਾਂ ਨੇ ਕਿਹਾ ਹੋਣੈ ਤਿੰਨਾਂ ਕਿੱਲਿਆਂ 'ਚੋਂ ਬਾਹਰ ਹੋ ਜੋ।'

ਬਾਪੂ ਦੀ ਚੁਭਵੀਂ ਗੱਲ ਦਾ ਰਣਜੀਤ ਨੂੰ ਕੋਈ ਬਣਦਾ ਮੋੜ ਨਾ ਸੁੱਝਿਆ। ਉਹ ਬੋਲਿਆ 'ਐਂ ਫਿਰ ਐਥੇ ਰਹਿਕੇ ਸਰਜੂ ਹੁਣ-?

- ਮੇਰਾ ਤਾਂ ਸਰੀ ਜਾਂਦੈ। ਦੇਖ ਲਾ! ਆਹ ਦਾਰੂ ਦੀ ਬੋਤਲ ਪਈ ਐ, ਹੁਕਮ ਕੀਤੇ ਤੋਂ, ਮੰਜੇ 'ਤੇ ਬੈਠੇ ਨੂੰ ਰੋਟੀ ਮਿਲਦੀ ਐ। ਕਪੜੇ ਨੌਕਰ ਧੋ ਦਿੰਦੈ। ਮੈਂ ਤਾਂ ਭੁੱਲਿਆ ਹੀ ਰਿਹਾ। ਘਰ ਦਾ ਮਾਲਕ ਮੈਂ। ਜ਼ਮੀਨ ਦਾ ਮਾਲਕ ਮੈਂ। ਜੈਦਾਤ ਮੈਂ ਬਣਾਈ। ਫੇਰ ਵੀ ਨਰਕ ਭੋਗਦਾ ਰਿਹਾ। ਥੋਨੂੰ ਵਿਹੜੇ 'ਚ ਬੈਠਾ ਬੁਰਾ ਲਗਦਾ ਰਿਹਾ। ਤੇਰੀ ਘਰਵਾਲੀ ਮੇਰੇ 'ਤੇ ਤੁਹਮਤਾਂ ਲਾਉਂਦੀ ਰਹੀ। ਸ਼ਰਮ ਨੀ ਆਈ ਉਹਨੂੰ ਇਉਂ ਗੱਲਾਂ ਕਰਦੀ ਨੂੰ। ਅਕੇ ਮੇਰੇ ਵੱਲ ਝਾਕਦੈ। ਮਾਂ-ਪਿਉ ਆਪਣੇ ਧੀ-ਪੁੱਤ ਵੱਲ ਨੀ ਝਾਕ ਸਕਦਾ-?

ਰਣਜੀਤ ਨੀਵੀਂ ਪਾਈ ਖੜ੍ਹਾ ਰਿਹਾ।

- ਬਾਪੂ ਤੂੰ ਤਾਂ ਐਵੇਂ ਲੱਸੀ 'ਚ ਪਾਣੀ ਪਾਉਣ ਆਂਗੂ ਗੱਲ ਵਧਾਈ ਐ। ਜਿਵੇਂ ਤੈਨੂੰ ਘਰੋਂ ਨਿਕਲਣ ਨੂੰ ਕੋਈ ਬਹਾਨਾ ਚਾਹੀਦਾ ਹੁੰਦੈ।'

- ਚੱਲ ਬਹਾਨਾ ਹੀ ਸਹੀ। ਐਥੇ ਕੋਈ ਮੈਨੂੰ ਕੰਜਰ ਤਾਂ ਨੀ ਕਹਿੰਦਾ। ਪੂਰੀ ਟੌਹਰ 'ਚ ਰਹਿੰਨੈ। 100 ਕਿੱਲੇ ਦਾ ਮਾਲਕ ਵੀ ਇਉਂ ਐਸ਼ ਨੀ ਕਰ ਸਕਦਾ। ਕੱਲ੍ਹ ਨੂੰ ਟੈਲੀਵੀਜ਼ਨ ਵੀ ਲੈ ਕੇ ਆਉਣੈ ਤੇ ਇਕ ਫਰਿੱਜ ਵੀ ਲਿਆਊਂ। ਦੋ ਪੈਗ ਲਾਕੇ ਬੱਸ ਸਟੈਂਡ 'ਤੇ ਘੁੰਮ ਆਈਦਾ। ਆਉਂਦੀ ਜਾਂਦੀ ਖ਼ਲਕਤ ਵੇਖੀਦੀ ਐ ਤੇ ਆਕੇ ਹੋਟਲ ਤੋਂ ਰੋਟੀਆਂ ਖਾ ਲਈ ਦੀਆਂ। ਹੋਰ ਕੀ ਚਾਹੀਦੈ ਬੰਦੇ ਨੂੰ? ਮੂਰਖ਼ ਨੇ ਲੋਕ..., ਪੁੱਤ-ਪੋਤਿਆਂ ਲਈ ਜੈ-ਦਾਤਾਂ ਬਣਾਉਂਦੇ ਬਣਾਉਂਦੇ ਪ੍ਰਾਣ ਛੱਡ ਜਾਂਦੇ ਐ।' ਬਾਪੂ ਕੁਝ ਰੁਕ ਗਿਆ, ਜਿਵੇਂ ਅਚਾਨਕ ਕੁਝ ਯਾਦ ਆ ਗਿਆ ਹੋਵੇ। '...ਖੜ੍ਹਾ ਕਿਉਂ ਐਂ, ਬੈਠਣਾ ਨਹੀਂ? ਬਹਿਜਾ ਅੱਜ ਮੰਜੇ 'ਤੇ ਈ ਬਹਿਜਾ, ਅਗਲੀ ਵਾਰ ਆਇਆ ਤਾਂ ਕੁਰਸੀ 'ਤੇ ਬਿਠਾਊਂ। ਕੱਲ੍ਹ ਨੂੰ ਚਾਰ ਕੁਰਸੀਆਂ ਲੈ ਕੇ ਆਊਂਗਾ। ਮੇਰੇ ਕੋਲ ਵੀ ਹੁਣ ਮਿਲਣ-ਗਿਲਣ ਵਾਲੇ ਬਥੇਰੇ ਆ ਜਾਂਦੇ ਐ...'।

- ਬਥੇਰੇ ਆਉਣਗੇ ਮਿਲਣ-ਆਲੇ ਬਾਪੂ, ਜਿੰਨਾ ਚਿਰ ਉਹਨਾਂ ਨੂੰ ਤੇਰੇ ਕੋਲ ਤਿੰਨ ਲੱਖ ਦੀਂਹਦੈ। ਪਰ ਇਹ ਕਿੰਨਾ ਕੁ ਚਿਰ ਚੱਲਣਗੇ?'

- ਬਥੇਰਾ ਚਿਰ ਚੱਲਣਗੇ। ਪਰ ਜੇ ਮੁੱਕ ਵੀ ਗਏ, ਅਜੇ ਬਾਰਾਂ ਕਿੱਲੇ ਹੈਗੇ ਆ ਮੇਰੇ ਕੋਲ। ਘਰ ਹੈਗਾ। ਬਥੇਰਾ ਕੁਝ ਐ ਅਜੇ। ਬੰਦੇ ਦਾ ਤਾਂ ਕੱਲ੍ਹ ਦਾ ਭਰੋਸਾ ਨੀ! ਹੁਣ ਪੁੱਤਰਾ! ਥੱਲੇ ਲੱਗ ਕੇ ਨੀ ਗੱਡੀ ਚੱਲਣੀ। ਹੁਣ ਤਾਂ ਐਂ ਈ ਨੌ ਤੀਏ ਬਾਈ ਹੋਊਗਾ। ਜਾ ਕੇ ਆਪਣੀ ਬੇਬੇ ਨੂੰ ਕਹੀਂ, ਜੇ ਚਾਰ ਦਿਨ ਐਸ਼ ਕਰਨੀ ਐਂ ਤਾਂ ਉਹ ਵੀ ਏਥੇ ਆਜੇ ਮੇਰੇ ਕੋਲ! ਬਥੇਰਾ ਨਰਕ ਭੋਗ ਲਿਆ ਸਾਰੀ ਉਮਰ। ਮਰਨ ਤੋਂ ਪਹਿਲਾਂ ਪਹਿਲਾਂ ਉਹਨੂੰ ਸੁਰਗ ਤਾਂ ਵਖਾ ਦੀਏ?'



ਰਣਜੀਤ ਉਵੇਂ ਖੜ੍ਹਾ ਰਿਹਾ।

- ਲਾਉਣੈ ਪੈਗ?' ਬਾਪੂ ਨੇ ਵਿਅੰਗ ਨਾਲ ਪੁੱਛਿਆ।

ਰਣਜੀਤ ਉਸ ਵੱਲ ਝਾਕ ਕੇ ਨੀਵੀਂ ਪਾ ਗਿਆ।

- ਐਂ ਨਾ ਕਹੀਂ, ਬਾਪੂ ਕੋਲ ਗਿਆ ਸੀ, ਸੁਲਾਹ ਵੀ ਨੀ ਮਾਰੀ...।' ਆਖਕੇ ਉਸਨੇ ਨੌਕਰ ਨੂੰ ਆਵਾਜ਼ ਮਾਰ ਕੇ ਪੈਗ ਪਾਉਣ ਲਈ ਕਿਹਾ।

- ਪਿੰਡ ਨੀ ਜਾਣਾ-? 'ਰਣਜੀਤ ਨੇ ਪੁੱਛਿਆ।

- ਪਿੰਡ ? ਕੀਹਦਾ ਪਿੰਡ? ਮੇਰਾ ਉਥੇ ਕੀ ਐ? ਘਰ 'ਚ ਰਹੂੰਗਾ ਤਾਂ ਥੋਨੂੰ ਭੈੜਾ ਲੱਗੂ।' ਬਾਪੂ ਫੇਰ ਵਿਅੰਗ ਨਾਲ ਹੱਸਿਆ।

ਨੌਕਰ ਗਲਾਸ ਵਿਚ ਪੈਗ ਪਾ ਲਿਆਇਆ। ਰਣਜੀਤ ਨੇ ਹੱਥ ਦੇ ਇਸ਼ਾਰੇ ਨਾਲ ਮਨ੍ਹਾ ਕਰ ਦਿੱਤਾ।

- ਪੀ ਲਾ, ਪੀ ਲਾ, ਅੰਗਰੇਜ਼ੀ ਐ। ...ਪਿੰਡ 'ਚ ਤਰਸਦੇ ਐ ਐਹੋ ਜੀ ਦਾਰੂ ਨੂੰ।' ਰਣਜੀਤ ਨੂੰ ਚੁੱਪ ਖੜ੍ਹਾ ਵੇਖ ਕੇ ਫਿਰ ਬੋਲਿਆ -'ਲਿਆ ਇਧਰ ਲਿਆ ਉਏ, ਏਹਨਾਂ ਦੇ ਕਰਮਾਂ 'ਚ ਹੈਨੀ...।' ਤੇ ਉਹ ਨੌਕਰ ਤੋਂ ਗਲਾਸ ਫੜਕੇ ਪੈਗ ਪੀ ਗਿਆ।

- ਬਾਪੂ! ਸਾਡੇ ਵੱਲੋਂ ਜੋ ਮਰਜ਼ੀ ਕਰ, ਪਰ ਜ਼ਮੀਨ ਨੀ ਅਸੀਂ ਤੈਨੂੰ ਵੇਚਣ ਦੇਣੀ...।' ਰਣਜੀਤ ਨੇ ਇਕ ਤਰ੍ਹਾਂ ਨਾਲ ਚੇਤਾਵਨੀ ਦਿੱਤੀ।

- ਹਾਂਅ! ਹੁਣ ਆਇਐ ਅਸਲ ਗੱਲ 'ਤੇ। ਏਸੇ ਕਰਕੇ ਮੈਨੂੰ ਲੱਭਣ ਦੀ ਲੋੜ ਪੈਗੀ। ਨਹੀਂ, ਤਾਂ, ਚੰਗਾ ਹੋਇਆ ਸੀ, ਬੁੜ੍ਹਾ ਕੰਜਰ ਘਰੋਂ ਨਿਕਲ ਗਿਆ। ਮੈਂ ਠੀਕ ਆਖਦਾ ਐਂ ਨਾ?' ਬਾਪੂ ਰਣਜੀਤ ਵੱਲ ਸਿੱਧਾ ਝਾਕਿਆ।

- ਆਹੋ ਠੀਕ ਈ ਐ, ਸਾਨੂੰ ਮੰਗਤੇ ਬਣਾਉਨੈ-? ਰਣਜੀਤ ਵੀ ਅਸਲੀ ਮੁੱਦੇ 'ਤੇ ਆ ਗਿਆ।

- ਦੇਖ ਕਾਕਾ! ਸਾਰੀ ਜ਼ਮੀਨ, ਵਿਚੋਂ ਇਕ ਮਰਲਾ ਵੀ ਤੂੰ ਖਰੀਦੀ ਐ? ਨਹੀਂ ਨਾ? ਘਰ 'ਤੇ ਕਦੇ ਇਕ ਇੱਟ ਵੀ ਲਾਈ ਐ? ਇਹ ਜ਼ਮੀਨ, ਇਹ ਘਰ, ਢਿੱਡ 'ਤੇ ਕਪੜਾ ਬੰਨ੍ਹ ਕੇ, ਇਕ ਡੰਗ ਦੀ ਰੋਟੀ ਖਾ ਖਾ ਕੇ ਬਣਾਏ ਨੇ, ਤੇ ਹੁਣ? ਤੁਸੀਂ ਇਸਦੇ ਮਾਲਕ ਬਣਗੇ। ਮੈਂ ਹੋ ਗਿਆ ਥੋਡਾ ਸੀਰੀ। ਵਿਹੜੇ 'ਚ ਤੁਰਿਆ ਫਿਰਦਾ ਵੀ ਥੋਨੂੰ ਬੁਰਾ ਲਗਦੈਂ।' ਬਾਪੂ ਫੇਰ ਹੱਸਿਆ।

- ਥੋਡੇ ਤੋਂ ਮੁਫ਼ਤ ਦੀ ਮਿਲੀ ਵੀ ਨੀ ਖਾਧੀ ਗਈ। ਗੁਰਬਾਣੀ ਕਹਿੰਦੀ ਐ ਕੁੱਤੇ ਨੂੰ ਭਾਵੇਂ ਗੱਦੀ 'ਤੇ ਬਿਠਾ ਦਿਉ, ਪਰ ਉਹ ਚੱਕੀ ਚੱਟਣੋਂ ਨੀ ਹਟਦਾ। ਦੇਖ ਪੁੱਤਰਾ। ਮੇਰੀ ਜ਼ਮੀਨ ਬਣਾਈ ਐ, ਮੇਰਾ ਘਰ ਬਣਾਇਐ। ਮੈਂ ਇਹਨੂੰ ਭਾਵੇਂ ਵੇਚਾਂ ਤੇ ਭਾਂਵੇਂ ਰੱਖਾਂ। ਤੇਰਾ ਕੋਈ ਹੱਕ ਨੀ ਵਿਚ ਦਖ਼ਲ ਦੇਣ ਦਾ। ਥੋਡੇ 'ਚ ਹਿੰਮਤ ਐ ਆਪਦੀ ਬਣਾ ਲੋ। ਮੇਰੇ ਕੋਲ ਜਦੋਂ ਮਰਜ਼ੀ ਆਉ ਜਾਉ। ਪਰ ਜੇ ਜ਼ਮੀਨ ਦੀ ਖ਼ਾਤਰ ਮੇਰੇ ਕੋਲ ਆਉਣੈ ਤਾਂ ਕੋਈ ਲੋੜ ਨੀ ਆਉਣ ਦੀ।' ਆਖਕੇ ਬਾਪੂ ਰਣਜੀਤ ਵੱਲ ਕੌੜਾ ਝਾਕਿਆ ਤੇ ਫੇਰ ਨੌਕਰ ਨੂੰ ਰੋਅਬ ਨਾਲ ਆਵਾਜ਼ ਮਾਰੀ, 'ਲਿਆ ਉਏ ਇਕ ਪੈਗ ਹੋਰ ਲਿਆ।'

ਬਾਪੂ ਦੀਆਂ ਗੱਲਾਂ ਸੁਣ ਕੇ ਰਣਜੀਤ ਸੁੰਨ ਹੋ ਗਿਆ। ਉਸਨੂੰ ਪਿੱਛੇ ਮੁੜਨਾ ਵੀ ਔਖਾ ਲੱਗਿਆ। ਬਾਪੂ ਨੂੰ ਕਿਸ ਢੰਗ ਨਾਲ ਪੱਠੇ ਪਾਏ ਜਾਣ? ਇਹੀ ਸਮਝ ਨਹੀਂ ਸੀ ਆਉਂਦੀ। ਚੁੱਪ ਕਰਕੇ ਮੁੜਿਆਂ ਵੀ ਹਤਕ ਸੀ। ਕੀ ਆਖੂਗਾ ਇਹ - ? ਠੰਢਾ ਕਰਕੇ ਮੋੜ-ਤਾ। ਫਿਰ ਸੋਚਿਆ,

ਚੁੱਪ ਈ ਭਲੀ ਐ। ਕਿਸੇ ਸਿਆਣੇ ਦੀ ਰਾਇ ਲੈਣੀ ਚਾਹੀਦੀ ਐ। ਹੁਣ ਤਾਂ ਸ਼ਹਿਰ ਵਿਚ ਬੈਠਾ ਐ, ਜੇ ਕਿਧਰੇ ਹੋਰ ਤੁਰ ਗਿਆ। ਫੇਰ - -?

ਤੇ ਰਣਜੀਤ ਬਿਨਾਂ ਕੁਝ ਬੋਲਿਆਂ, ਵਾਪਸ ਮੁੜ ਆਇਆ।

- ਕੁੱਤੇ, ਹੁਣ ਆਉਂਦੈਂ ਐ। ਬਾਪੂ ਘਰੇ ਨੀ ਚੱਲਣਾ' ? ਮੈਂ ਘਰੋਂ ਈ ਆਇਐਂ, ਥੋੜਾ ਕੱਢਿਆ ਹੋਇਆ। ਪਹਿਲਾਂ ਸਾਲਾ ਬਘਿਆੜ ਆਂਗੂ ਘੁਰਕਦਾ ਹੁੰਦਾ ਸੀ। ਹੁਣ ਇਕੋ ਝਟਕੇ ਨਾਲ ਭਿੱਜੀ ਬੱਕਰੀ ਆਂਗੂ ਖੜ੍ਹਾ ਰਿਹਾ। ਸਭ ਮਤਲਬੀ ਨੇ। ਕੋਈ ਭੈਣ ਨੀ, ਕੋਈ ਭਰਾ ਨੀ, ਕੋਈ ਮਾਂ ਨੀ, ਕੋਈ ਪਿਉ ਨੀ। ਪੈਸਾ ਤੇ ਜੈਦਾਤ ਈ ਸਭ ਕੁਝ ਐ। ਹੁਣ ਜਦੋਂ ਪੂਛ ਨੂੰ ਅੱਗ ਲਾਈ ਐ - ਤਾਂ ਪੁੱਛਦੈ ਘਰ ਨੀ ਚੱਲਣਾਂ ? ਕੰਜਰ ਦਿਆ। ਓਥੇ ਤੇਰੀ ਰੰਨ ਹੋਊਗੀ। ਮੈਂ ਉਹਦੇ ਵੱਲ ਝਾਕੂੰਗਾ। - - - ਹੂੰਅ। ਉਸ ਨੂੰ ਆਪਣੇ ਆਪ 'ਤੇ ਹਾਸਾ ਆਇਆ।

ਬਾਹਰ, ਤਾਰ ਉਪਰ ਉਸਦੇ ਚਿੱਟੇ ਨੀਲ ਲੱਗੇ ਕਪੜੇ ਲਟਕ ਰਹੇ ਸਨ। 'ਐਹੋ ਜੇਹੇ ਤਾਂ ਮੈਂ ਕਦੇ ਕਿਸੇ ਦੀ ਜੰਨ ਵਿਚ ਵੀ ਨੀ ਪਾ ਕੇ ਗਿਆ ਹੋਣਾ' ਉਸਨੇ ਸੋਚਿਆ, ਫਿਰ ਨੌਕਰ ਨੂੰ ਆਵਾਜ਼ ਮਾਰੀ; - ਲਿਆ ਉਏ ਮੁੰਡਿਆ ਪੀਈਏ ਭੋਰਾ। ਅੱਜ ਈ ਸੁਆਦ ਆਇਐ ਪਿੰਡੋਂ ਆਉਣ ਦਾ। ਪਹਿਲਾਂ ਹਰਖ਼ 'ਚ ਪੀਂਦਾ ਸੀ। ਹੁਣ ਚਾਅ ਨਾਲ ਪੀਊਂਗਾ।

- - -

ਪਿੰਡ ਆ ਕੇ ਰਣਜੀਤ ਪਹਿਲਾਂ ਬੇਬੇ ਨਾਲ ਲੜਿਆ। ਫੇਰ ਆਪਣੀ ਘਰ ਵਾਲੀ ਨਾਲ।

- ਤੇਰੇ ਡੰਗ ਮਾਰਦਾ ਸੀ ਉਹ ? ਅਕੇ ਮੇਰੇ ਵੱਲ ਝਾਕਦੈ। ਗਰਜਾਂ ਦੀਆਂ ਮਾਰੀਆਂ, ਤੇਰੇ ਅਰਗੀਆਂ, ਐਹੋ ਜੇ ਬੁੜ੍ਹਿਆਂ ਦਾ ਪਸ਼ਾਬ ਛੰਨਿਆਂ 'ਚ ਕਰੋਂਦੀਆ ਫਿਰਦੀਐਂ।'

- ਇਹ ਰਵਾਜ ਥੋਡੇ ਖਾਨਦਾਨ 'ਚ ਹੁੰਦਾ ਹੋਊ। ਸਾਡੇ ਨੀ ਹੈ।' ਅੱਗੋਂ ਛਿੰਦੋ ਸੂਈ ਕੁੱਤੀ ਆਂਗੂ ਘੁਰਕੀ।

- ਹੁਣ ਚੀਕਦੀ ਕਿਉਂ ਐਂ ਫਿਰ ? ਭੁਗਤੇ ਸਾਰਾ ਟੱਬਰ। ਕਹਿੰਦਾ ਐ, ਸਾਰੀ ਵੇਚ ਦੂੰ। ਘਰ ਵੇਚ ਦੂੰ।'

ਕਾਕਾ ਕਿਉਂ ਆਂਢ ਗੁਆਂਢ ਤਮਾਸ਼ਾ ਦਖੌਨੈ। ਕੱਲ੍ਹ ਨੂੰ ਆਪਣੇ ਵੱਡੇ ਮਾਮੇ ਨੂੰ ਲੈ ਕੇ ਆ। ਉਹਦੀ ਝੇਪ ਮੰਨਦੈ। ਮੈਂ ਵੀ ਚੱਲੂੰ ਤੇਰੇ ਨਾਲ। ਐਂ ਕਿਵੇਂ ਉਹਨੂੰ ਜੱਦੀ ਜਮੀਨ - ਜੈਦਾਤ ਵੇਚਣ ਦੇਵਾਂਗੇ ? ਉਹਦਾ ਤਾਂ ਮਗਜ ਹਿੱਲ ਗਿਆ। ਬੁੱਢੇ ਵਾਰੇ ਹੁਣ ਅਣੋਖੀ ਜਵਾਨੀ ਚੜ੍ਹੀ ਐ ਏਹਦੇ 'ਤੇ ?' ਬੇਬੇ ਨੇ ਦੋਹਾਂ ਨੂੰ ਠੰਢਾ ਕਰਨ ਦਾ ਯਤਨ ਕੀਤਾ।

- ਬੇਬੇ ਤੈਨੂੰ ਨੀ ਪਤਾ ਉਹਦਾ। ਉਹਨੇ ਕਿਸੇ ਦੇ ਆਖੇ ਨੀ ਲੱਗਣਾ, ਦੇਖ ਲੀਂ।' ਨਿਰਾਸਤਾ ਵਿਚ ਰਣਜੀਤ ਝੂਰਿਆ।.

- ਆਖੇ ਕਿਵੇਂ ਨੀ ਲੱਗਣਾ ? ਅੱਬਲ ਤਾਂ ਤੂੰ ਪਹਿਲਾਂ ਕਣਕ ਸਾਂਭ। ਤੇਰੇ ਮਾਮੇ ਕੋਲ ਮੈਂ ਜਾਨੀ ਐਂ। ਚੱਲ ਉਠ, ਮੂੰਹ-ਹੱਥ ਧੋ। ਨੀ ਬਹੂ, ਰੋਟੀ ਦੇਹ ਏਹਨੂੰ। ਹੁਣ ਪੈ ਜੇ ਖਾ ਪੀ ਕੇ। ਮੈਂ ਜਾਊਂ ਸਾਝਰੇ ਈ।' ਆਖ ਕੇ ਬੇਬੇ ਰਾਤ ਦੀ ਰੋਟੀ ਵਾਲੇ ਭਾਂਡੇ ਮਾਂਜਣ ਜਾ ਲੱਗੀ।

ਅਗਲੇ ਦਿਨ, ਬੇਬੇ, ਰਣਜੀਤ ਤੇ ਉਹਦਾ ਮਾਮਾ, ਜਦੋਂ ਚੁਬਾਰੇ ਦੀਆਂ ਪਉੜੀਆਂ ਚੜ੍ਹ ਕੇ ਉਪਰ ਗਏ ਤਾਂ ਬੂਹੇ ਨੂੰ ਜੰਦਰਾ ਵੱਜਿਆ ਹੋਇਆ ਸੀ।

ਲੈ ਭਾਈ। ਇਹ ਤਾ ਕਿਤੇ ਫੇਰ ਨਿਕਲ ਗਿਆ?' ਬੇਬੇ ਨੇ ਦੋਹਾਂ ਹੱਥਾਂ ਦੀ ਤਾੜੀ ਮਾਰਕੇ ਫਿਕਰ ਕੀਤਾ। ਤਿਨਾਂ ਮਹੀਨਿਆਂ ਬਾਅਦ ਉਸਨੂੰ ਵੇਖਣ ਦਾ ਚਾਅ ਵੀ ਵਿਚੇ ਰਹਿ ਗਿਆ।

- ਜਾਣਾ ਕਿੱਥੇ ਐ। ਆੜ੍ਹਤੀਆਂ ਦੇ ਬੈਠਾ ਹੋਊ ਜਾਂ ਦਾਰੂ ਲੈਣ ਗਿਆ ਹੋਊ। ਆ ਜੋ ਥੱਲੇ



ਆਪਾਂ ਚਾਹ ਪੀਨੇ ਐਂ ਉਨਾਂ ਚਿਰ।' ਰਣਜੀਤ ਉਹਨਾਂ ਨੂੰ ਹੇਠਾਂ ਉਤਾਰ ਕੇ ਇਕ ਢਾਬੇ ਵਿਚ ਲੈ ਵੜਿਆ।

- ਐਥੇ ਠੀਕ ਐ, ਨਿਗਾਹ ਵੀ ਰਹੂਗੀ।' ਅੰਦਰ ਬੈਠਿਆਂ, ਉਹਨਾਂ ਨੂੰ ਚੁਬਾਰੇ ਦੀਆਂ ਪਉੜੀਆਂ ਦਿਸਦੀਆਂ ਸਨ।

ਅਜੇ ਉਹਨਾਂ ਨੇ ਚਾਹ ਦੇ ਗਲਾਸ ਖਾਲੀ ਨਹੀਂ ਸਨ ਕੀਤੇ, ਚੁਬਾਰੇ ਦੀਆਂ ਪਉੜੀਆਂ ਕੋਲ ਇਕ ਰਿਕਸ਼ਾ ਆ ਕੇ ਰੁਕਿਆ। ਰਣਜੀਤ ਦੇ ਮਾਮੇ ਨੇ ਵੇਖ ਲਿਆ। 'ਆਹ ਆਉਂਦੈ ਕਿਤੋਂ ਬਗਲਾ ਬਣਿਆ।' ਉਸਨੇ ਭਾਣਜੇ ਦੇ ਕੂਹਣੀ ਮਾਰ ਕੇ ਦੱਸਿਆ।

ਰਣਜੀਤ ਨੇ ਵੇਖਿਆ। ਬਾਪੂ ਚਿੱਟੇ ਨੀਲ ਲੱਗੇ ਕਪੜੇ ਪਾਈ ਖੜ੍ਹਾ ਰਿਕਸ਼ੇ ਵਾਲੇ ਨੂੰ ਪੈਸੇ ਦੇ ਰਿਹਾ ਸੀ। ਬੇਬੇ ਤਾਂ ਵੇਖਦੀ ਰਹਿ ਗਈ। ਇਹ ਉਹੀ ਰਣਜੀਤ ਦਾ ਬਾਪੂ ਐ ? ਇਹਦੇ ਤਾਂ ਗਿੱਟਿਆਂ ਤੋਂ ਮੈਲ ਨੀ ਸੀ ਲੱਥਦੀ ਹੁੰਦੀ। ਇਹ ਤਾਂ ਕਨੇਡਾ ਆਲਿਆਂ ਦੇ ਬੁੜ੍ਹੇ ਨਾਲੋਂ ਵੀ ਜਾਦੇ ਨਿਖਰਿਆ ਫਿਰਦੈ। ਊਂ ਤਾਂ ਸੋਹਣਾ ਲਗਦੈ। - - - ਬੇਬੇ ਦੇ ਚਿਹਰੇ 'ਤੇ ਰੌਣਕ ਆ ਗਈ, - ਐਹੋ ਜਾ ਤਾਂ ਇਹ ਆਪਣੇ ਵਿਆਹ ਵਾਲੇ ਦਿਨ ਨੀ ਸੀ ਨਿੱਖਰ ਕੇ ਆਇਆ, ਉਹ ਅੰਦਰੋਂ ਖੁਸ਼ ਪਰ ਉਪਰੋਂ ਵਿਅੰਗ ਦੇ ਲਹਿਜੇ 'ਚ ਬੋਲੀ।

- ਬੇਬੇ, ਤਿੰਨ ਲੱਖ ਕੋਲੇ ਹੋਵੇ ਤਾਂ ਗਧੇ ਵੀ ਗਲ 'ਚ ਮੋਤੀ ਪਾ ਕੇ ਤੁਰੇ ਫਿਰਨਗੇ।'

ਬੇਬੇ ਨੂੰ ਰਣਜੀਤ ਦੀ ਇਹ ਗੱਲ ਭੈੜੀ ਲੱਗੀ। ਪਰ ਉਹ ਬੋਲੀ ਕੁਝ ਨਾ। ਬਾਪੂ ਚੁਬਾਰੇ ਦੀਆਂ ਪਉੜੀਆਂ ਚੜ੍ਹ ਗਿਆ। - ਭਾਣਜੇ! ਤਿੰਨ ਲੱਖ ਚੋਂ ਅੱਧ-ਪਚੱਧ ਤਾਂ ਖੁਰਦ-ਬੁਰਦ ਕਰਤਾ ਹੋਊ ਹੁਣ ਤਾਈਂ। ਟੌਹਰ ਈ ਦੱਸਦੀ ਐ। ਪਟਿਆਲੇ ਆਲਾ ਭੂਪਾ ਬਣਿਆ ਫਿਰਦੈ।'

- ਚੱਲੀਏ?' ਰਣਜੀਤ ਉਠ ਖੜ੍ਹਾ ਹੋਇਆ।

ਪਉੜੀਆਂ ਚੜ੍ਹਦਿਆਂ ਬੇਬੇ ਦੇ ਚਿਹਰੇ 'ਤੇ ਸੰਕੋਚ ਅਤੇ ਸੰਗ ਜਿਹੀ ਸੀ।

ਚੁਬਾਰੇ ਵਿਚੋਂ ਆ ਰਹੀ ਖੁਸ਼ਬੂਦਾਰ ਤੇਲ ਦੀ ਮਹਿਕ ਬਾਹਰ ਤਕ ਫੈਲੀ ਹੋਈ ਸੀ।

ਪਹਿਲਾਂ ਮਾਮਾ ਅਗਾਂਹ ਹੋਇਆ।

ਬਚਨ ਸਿੰਘ ਪੱਗ ਲਾਹਕੇ ਸਿਰ ਵਿਚ ਕੰਘਾ ਫੇਰ ਰਿਹਾ ਸੀ ਤੇ ਸਾਰਾ ਚੁਬਾਰਾ ਮਹਿਕ ਨਾਲ ਭਰਿਆ ਹੋਇਆ ਸੀ।

- ਆ ਬਈ ਰਿਸ਼ਤੇਦਾਰਾ।' ਬਚਨ ਸਿੰਘ ਨੇ ਦਾੜ੍ਹੀ ਵਿਚ ਕੰਘਾ ਫੇਰਦਿਆਂ ਕਿਹਾ - 'ਤੈਨੂੰ ਭੇਜਤਾ ਹੁਣ ਉਂਗਲ ਲਾ ਕੇ। ਮੈਨੂੰ ਪਤਾ ਸੀ, ਵਾਰੀ ਵਾਰੀ ਸਾਰੇ ਆਉਣਗੇ ਹੁਣ।'

- ਨਾਲ ਈ ਆਏ ਐ, ਬਚਨ ਸਿਹਾਂ।' ਮਾਮਾ ਢਿੱਲਾ ਜਿਹਾ ਬੋਲਿਆ।

- ਬਾਹਰ ਕਾਹਤੋਂ ਖੜ੍ਹੇ ਐ ਫੇਰ? ਸੱਦ ਉਹਨਾਂ ਨੂੰ।'

ਪਹਿਲਾਂ ਹੌਲੀ ਹੌਲੀ ਝਕਦੀ ਜਿਹੀ ਬੇਬੇ ਅੰਦਰ ਲੰਘੀ ਤੇ ਫੇਰ ਰਣਜੀਤ।

- ਬੱਲੇ ! ਸਰਦਾਰਨੀ ਵੀ ਆਈ ਐ? ਫੇਰ ਤਾਂ ਬਚਨ ਸਿੰਘਾ ਖ਼ੈਰ ਨੀ ਤੇਰੀ ਅੱਜ। ਬਹਿਜੋ ! ਮੈਂ ਕੱਲ੍ਹ ਈ ਥੋਡੇ ਬੈਠਣ ਦਾ ਬੰਦੋਬਸਤ ਕਰ ਲਿਆ ਸੀ। ਕੱਲ੍ਹ ਕਾਕਾ ਸਾਹਬ ਖੜ੍ਹੇ ਖੜ੍ਹੇ ਈ ਮੁੜਗੇ।' ਉਹ ਰਣਜੀਤ ਵੱਲ ਝਾਕਿਆ। ਰਣਜੀਤ ਨੀਵੀਂ ਪਾ ਗਿਆ।

ਨਵੀਆਂ ਚਾਰ ਕੁਰਸੀਆਂ ਲਿਆ ਕੇ ਰੱਖੀਆਂ ਸਨ। ਤਿੰਨੋਂ ਬੈਠ ਗਏ।

ਬੇਬੇ ਤਾਂ ਕਦੇ ਚੁਬਾਰੇ ਵੱਲ ਤੇ ਕਦੇ ਬਚਨ ਸਿੰਘ ਦੇ ਨਿੱਖਰੇ ਰੰਗ-ਰੂਪ ਵੱਲ ਹੀ ਝਾਕੀ ਗਈ।

- ਕੀ ਸੇਵਾ ਕਰਾਂ ?' ਉਹਨਾਂ ਨੂੰ ਚੁੱਪ ਬੈਠੇ ਵੇਖਕੇ, ਬਚਨ ਸਿੰਘ ਨੇ ਪੁੱਛਿਆ।

ਰਣਜੀਤ ਦਾ ਮਾਮਾ ਉਸ ਵੱਲ ਵੇਖ ਕੇ ਮੁਸਕੜੀਏ ਹੱਸਿਆ ਤੇ ਪੂਰੀ ਨੀਝ ਨਾਲ ਉਸ ਵੱ ਇਕ ਟੱਕ ਤੱਕਣ ਲੱਗਾ। ਐਂ ਵੇਖਦੈ ਰਿਸ਼ਤੇਦਾਰਾ, ਜਿਵੇਂ ਪਹਿਲਾਂ ਕਦੇ ਦੇਖਿਆ ਨੀ ਹੁੰਦਾ ਮੈਨੂੰ

- ਦੇਖਿਆ ਤਾਂ ਪਹਿਲਾਂ ਵੀ ਐ। ਪਰ ਆਹ ਬਚਨ ਸਿਉਂ ਜਿਹੜਾ ਮੇਰੇ ਮੂਹਰੇ ਬੈਠੈ, ਅੱਜ ਈ ਵੇਖਿਐ।' ਮਾਮਾ ਫੇਰ ਹੱਸਿਆ।

ਬਚਨ ਸਿੰਘ ਦੇ ਮੂੰਹ 'ਤੇ ਵੀ ਫਿੱਕਾ ਜਿਹਾ ਖੇੜਾ ਆਇਆ।

- ਬਚਨ ਸਿੰਹਾਂ ਦੇਖ! ਤੇਰਾ ਗੁੱਸਾ ਗਿਲਾ ਹੋਊ ਰਣਜੀਤ ਨਾਲ। ਜ਼ਮੀਨ ਜੈਦਾਤ ਨਾਲ ਤਾਂ ਨੀ। ਏਹਨੂੰ ਕਾਹਤੋਂ ਵੇਚੀ ਜਾਨੈਂ?' ਮਾਮਾ ਵਲ ਫੇਰ ਨਾ ਪਾਕੇ ਆਪਣੇ ਆਉਣ ਵਾਲੇ ਮਨੋਰਥ 'ਤੇ ਆ ਗਿਆ।

- ਜੇ ਤੂੰ ਇਹਦੀ ਧਿਰ ਬਣਕੇ ਆਇਐਂ-' ਬਚਨ ਸਿੰਘ ਨੇ ਰਣਜੀਤ ਵੱਲ ਇਸ਼ਾਰਾ ਕਰਦਿਆਂ ਕਿਹਾ, -'ਤਾਂ ਗੁੱਸਾ ਨਾ ਕਰੀਂ, ਤੇਰੀ ਮੇਰੇ ਨਾਲ ਕੋਈ ਵੀ ਰਿਸ਼ਤੇਦਾਰੀ ਨੀ ਹੈ। ਜੇ ਸਾਂਝੀ ਗੱਲ ਕਰੇਂਗਾ, ਜੋ ਮਰਜ਼ੀ ਪੁੱਛਲਾ।'

- ਬਚਨ ਸਿਹਾਂ, ਮੈਂ ਕਿਸੇ ਦਾ ਪੱਖ ਨੀ ਪੂਰਨ ਆਇਆ। ਮੈਂ ਤਾਂ ਸਮਝਾਉਣ ਆਇਐਂ ਬਈ ਲਹੂ ਡੋਲ੍ਹ ਕੇ ਜ਼ਮੀਨ ਬਣਾਈ ਐ; ਐਂ ਨਾ ਵੇਚ।'

- ਇਹਨੇ ਲਹੂ ਡੋਲ੍ਹਿਐ?' ਉਸਨੇ ਫੇਰ ਰਣਜੀਤ ਵੱਲ ਬਾਂਹ ਕੀਤੀ, 'ਇਹਨੇ ਮਰਲਾ ਵੀ ਖਰੀਦਿਐ? ਇਹਨੂੰ ਪੁੱਛ ਕਦੇ ਦਾਤੀ ਵੀ ਮੁੱਲ ਲੈ ਕੇ ਵੇਖੀ ਐ? ਇਹਨੂੰ ਮੈਂ ਬਣਾਤਾ ਸਰਦਾਰ। ਟਰੈਕਟਰ ਦਾ ਮਾਲਕ ਇਹ। ਖੇਤ ਵਿਚ ਲੱਗੀਆਂ ਦੋ ਮੋਟਰਾਂ ਦਾ ਮਾਲਕ ਇਹ। ਆੜ੍ਹਤੀਆਂ ਕੋਲ ਉਨੀਂ ਕਰੇ ਇੱਕੀ ਕਰੇ, ਮੈਨੂੰ ਪੁੱਛਣ ਦੀ ਲੋੜ ਨੀ ਸੀ। ਗਲਤੀ ਤਾਂ ਮੇਰੀ ਸੀ, ਇਹਨੂੰ ਮੁਖਤਿਆਰੀ ਬਣਾਤਾ। ਮੈਂ ਹੋ ਗਿਆ ਘਰ 'ਚ ਵਾਧੂ, ਫਾਲਤੂ, ਪੰਜਵਾਂ ਟੈਰ। ਘਰੇ ਬੈਠਾ ਬੁਰਾ ਲੱਗਣਾ ਈ ਸੀ ਇਹਨੂੰ। ਇਹਦੀ ਘਰਵਾਲੀ ਨੂੰ ਵੀ। ਆਹ ਬੈਠੀ ਐ ਤੇਰੀ ਭੈਣ, ਜੇ ਇਕ ਗੱਲ ਵੀ ਝੂਠ ਹੋਵੇ ਤਾਂ। ਪੁੱਛ ਲਾ ਇਹਨੂੰ।'

- ਪੁੱਛਣ ਨੂੰ ਕੀ ਐ। ਪਤਾ ਈ ਐ ਮੈਨੂੰ। ਉਹਨਾਂ ਗੱਲਾਂ ਦੀ ਮਾਫ਼ੀ ਵੀ ਮੰਗਦਾ ਐ ਹੁਣ। ਕਹਿੰਦਾ ਐ, ਹੁਣ ਨੀ ਬਾਪੂ ਨੂੰ ਫਿਟਕਾਰਦੇ। 'ਮਾਮੇ ਨੇ ਬਚਨ ਸਿੰਘ ਦੀ ਗਰਮੀ ਦੇ ਪਾਰੇ ਨੂੰ ਹੇਠਾਂ ਕਰਨਾ ਚਾਹਿਆ।

- ਹੁਣ ਇਹਨਾਂ ਨੂੰ ਬਾਪੂ ਥੋੜ੍ਹਾ ਈ ਦੀਂਹਦੈ? ਇਹਨਾਂ ਨੂੰ ਤਾਂ ਬਾਕੀ ਦੇ ਕਿੱਲੇ ਦਿੱਸਦੇ ਐ।' ਬਚਨ ਸਿੰਘ ਹਰਖ਼ ਕੇ ਬੋਲਿਆ।

- ਕੋਈ ਨਾ ਬਚਨ ਸਿਹਾਂ, ਤੂੰ ਸਿਆਣੈਂ। ਘਰ ਚੱਲ।'

- ਇਹ ਝੂਠ ਬਾਤ ਐ।' ਬਚਨ ਸਿੰਘ ਕਾਹਲੀ ਨਾਲ ਬੋਲਿਆ। 'ਮੈਂ ਘਰ ਨੀ ਜਾਣਾ।'

- ਬਾਪੂ ਜਿਹੜੀ ਹੋਗੀ, ਹੋਗੀ। ਅਸੀਂ ਤੈਨੂੰ ਲੈਣ ਆਏ ਐਂ।'ਰਣਜੀਤ ਬੋਲਿਆ।

- ਫੇਰ ਤੇਰੀ ਰਕਾਨ ਆਖੂ ਮੇਰੇ ਵੱਲ ਝਾਕਦੈ।'

- ਬਾਪੂ ਉਸ ਗੱਲ ਨੂੰ ਬਾਰ ਬਾਰ ਕਹਿਣ ਦਾ ਕੋਈ ਫਾਇਦੈ?' ਰਣਜੀਤ ਹਤਕ ਮੰਨ ਗਿਆ।

- ਉਹਨਾਂ ਗੱਲਾਂ ਕਰਕੇ ਤਾਂ ਮੈਂ ਐਥੇ ਬੈਠਾਂ। ਤੂੰ ਆਖਦੈਂ ਇਹਨਾਂ ਦਾ ਫਾਇਦਾ ਕੋਈ ਨੀ।' ਬਾਪੂ ਹੱਸਿਆ।

- ਤੈਨੂੰ ਕੋਈ ਕੁਝ ਨੀ ਆਖਦਾ। ਅਸੀਂ ਤੈਨੂੰ ਲੈ ਕੇ ਜਾਣੈ। ਤਾਂ ਹੀ ਮੈਂ ਕੰਮ ਛੱਡਕੇ



ਆਇਐਂ।' ਮਾਮੇ ਨੇ ਫੈਸਲਾ ਸੁਣਾਇਆ।

- ਚਾਹੇ ਇਕ ਵਾਰੀ ਕਹੋ, ਚਾਹੇ ਪੰਜਾਹ ਵਾਰੀ ਕਹੋ। ਘਰ ਨੀ ਮੈਂ ਜਾਣਾ। ਖਾਣੀਆਂ ਤਾਂ ਚਾਰ ਰੋਟੀਆਂ ਈ ਐ ਨਾ? ਮੈਂ ਕਾਹਨੂੰ ਐਵੇਂ ਧੰਦ ਪਿੱਟਾਂ, ਨਾਲੇ ਥੋਡੀਆਂ ਤੋਹਮਤਾਂ ਝੱਲਾਂ। ਤੇਰੀ ਭੈਣ ਸਿਆਣੀ ਬਣੇ ਤਾਂ ਆਵਦਾ ਨਿੱਕ-ਸੁੱਕ ਚੁੱਕ ਕੇ ਆ ਜੇ ਏਥੇ ਤੇ ਇਹਨਾਂ ਕੱਲਿਆਂ ਨੂੰ ਕਰਨ ਦੇਵੇ ਐਸ਼। ਤਿੰਨ ਕਰਨ ਤੇਰਾਂ ਕਰਨ। ਜੇ ਸਾਰੀ ਉਮਰ ਗੁਲਾਮ-ਪੁਣਾ ਕਰਨੈ ਤਾਂ ਏਹਦੀ ਮਰਜ਼ੀ ਐ।'

ਬਚਨ ਸਿੰਘ ਦੀਆਂ ਗੱਲਾ ਸੁਣਕੇ ਰਣਜੀਤ ਦੀ ਮਾਂ ਤੋਂ ਚੁੱਪ ਰਿਹਾ ਨਾ ਗਿਆ, ਬੋਲੀ; - 'ਸਿਆਣਾ ਬਣ। ਘਰ ਚੱਲ। ਹੁਣ ਆਪਾਂ ਚੰਗੇ ਲਗਦੇ ਐਂ, ਪਾਸੇ ਰਹਿੰਦੇ?'

- ਜਦੋਂ ਘਰੇ ਰਹਿੰਦੇ ਬੁਰੇ ਲਗਦੇ ਐਂ ਤਾ ਪਾਸੇ ਈ ਰਹਿਣਾ ਪਊ।'

- ਤੂੰ ਤਾਂ ਇਕੋ ਗੱਲ 'ਤੇ ਈ ਕੁੱਜੀ 'ਚ ਕਾਨਾ ਪਾਈ ਬੈਠੈਂ।' ਹੁਣ ਰਣਜੀਤ ਦੀ ਮਾਂ ਵੀ ਖਿੱਝ ਗਈ।

- ਬਚਨ ਸਿਹਾਂ, ਉਠ ਤਿਆਰ ਹੋ। ਆਪਾਂ ਚੱਲਣੈ।' ਮਾਮੇ ਨੇ ਪੂਰੇ ਮਾਣ ਨਾਲ ਉਸਦੀ ਬਾਂਹ ਫੜਕੇ ਉਠਾਉਣਾ ਚਾਹਿਆ।

- ਨਾ! ਉੱਕਾ ਈ ਨੀ। ਏਸ ਗੱਲ ਦੀ ਤਾਂ ਘਾਣੀ ਮੁਕਾ ਦਿਉ-।' ਉਸਨੇ ਝਟਕੇ ਨਾਲ ਆਪਣੀ ਬਾਂਹ ਛੁਡਾ ਲਈ। ਫਿਰ ਗੜ੍ਹਕੇ ਨਾਲ ਬੋਲਿਆ -'ਇਕ ਗੱਲ ਮੇਰੀ ਹੋਰ ਸੁਣ ਲੋ! ਪੈਲੀ ਮੈਂ ਦੇਊਂ ਮਾਮਲੇ 'ਤੇ। ਜੇ ਇਹ ਵਾਹੂ ਤਾਂ ਠੀਕ ਐ। ਨਹੀਂ ਤਾਂ ਹੋਰ ਬਥੇਰੇ ਲੋੜਵੰਦ ਹੈਗੇ ਆ। ਪਰ ਮਾਮਲਾ ਲਊਂ ਠੋਕ ਕੇ, ਹਾੜ੍ਹੀ-ਸਾਉਣੀ। ਜਿਵੇਂ ਦੂਸਰੇ ਲੈਂਦੇ ਐਂ।'

ਸੁਣਕੇ ਤਿੰਨੋ ਦੰਗ ਰਹਿ ਗਏ।

- ਇਹ ਆਪਣਾ ਸਕਾ ਪੁੱਤ ਲੋਕਾਂ 'ਚ ਰਲ ਗਿਆ ਹੁਣ।' ਮਾਂ ਨੇ ਮੇਹਣਾ ਮਾਰਿਆ।

- ਜਦੋਂ ਇਹ ਪਿਉ ਨਾਲ ਲੋਕਾਂ ਆਂਗੂ ਵਿਹਾਰ ਕਰਦੈ, ਤਾਂ ਮੇਰੇ ਲਈ ਵੀ ਲੋਕਾਂ ਅਰਗਾ ਈ ਐ।' ਬਚਨ ਸਿੰਘ ਨੇ ਦ੍ਰਿੜ੍ਹਤਾ ਨਾਲ ਕਿਹਾ।

ਕਿਸੇ ਨੂੰ ਵੀ ਕੋਈ ਗੱਲ ਨਹੀਂ ਸੀ ਆਉੜ ਰਹੀ। ਪਰ ਤਿੰਨੋ ਸ਼ਸ਼ੋਪੰਜ ਵਿਚ ਸਨ। ...ਇਹਨੂੰ ਕਿਵੇਂ ਮਨਾਈਏ?

- ਜਿੱਦ ਨੀ ਕਰੀਦੀ ਹੁੰਦੀ ਬਚਨ ਸਿਹਾਂ। ਘਰ 'ਚ ਵੀਹ ਆਰੀ ਭਾਂਡੇ ਖੜਕਦੇ ਹੁੰਦੇ ਐ। ਐਂ ਥੋੜ੍ਹਾ ਕਰੀਦੈ, ਬਈ ਜਵਾਂ ਈ ਟੁੱਟ ਕੇ ਬਹਿ ਜੀਏ-।' ਮਾਮੇ ਨੇ ਫੇਰ ਮਨਾਉਣ ਦੀ ਕੋਸ਼ਿਸ਼ ਕੀਤੀ।

- ਕਾਕਾ ਰਣਜੀਤ ਸਿਹਾਂ! ਮੈਨੂੰ ਇਹ ਦੱਸ ਤੂੰ ਜ਼ਮੀਨ ਵਾਹ ਸਕਦੈਂ ਕਿ ਨਹੀਂ?' ਮਾਮੇ ਦੀ ਗੱਲ ਨੂੰ ਅਣਸੁਣੀ ਕਰਦਿਆਂ, ਬਚਨ ਸਿੰਘ ਸਖ਼ਤੀ ਨਾਲ ਬੋਲਿਆ।

- ਵਾਹੁਣ ਨੂੰ ਅੱਗੇ ਵਾਹੁੰਦਾ ਈ ਐਂ। 'ਰਣਜੀਤ ਉਸਦੇ ਵਤੀਰੇ 'ਤੇ ਹੈਰਾਨ ਸੀ।

- ਨਹੀਂ ਮਾਮਲੇ 'ਤੇ ਵਾਹੇਂਗਾ?'

- ਮਾਮਲੇ 'ਤੇ? ਰਣਜੀਤ ਨੂੰ ਬਾਪੂ ਦੀਆਂ ਗੱਲਾਂ 'ਤੇ ਯਕੀਨ ਨਹੀਂ ਸੀ ਆ ਰਿਹਾ।

- ਹਾਂ! ਮਾਮਲੇ 'ਤੇ।

- ਪੁੱਤ ਤੋਂ ਮਾਮਲਾ ਲੈਂਦੇ ਨੂੰ ਸ਼ਰਮ ਨਾ ਆਊ?' ਬੇਬੇ ਬੋਲੀ।

- ਤੂੰ ਵਿਚ ਨਾ ਬੋਲ ।' ਬਚਨ ਸਿੰਘ ਨੇ ਰੋਹਬ ਨਾਲ ਵਰਜਿਆ । ਫਿਰ ਰਣਜੀਤ ਵੱਲ ਹੋਇਆ -'ਮੈਂ ਕੀ ਪੁੱਛਿਆ?'

ਰਣਜੀਤ ਮਾਂ ਵੱਲ ਝਾਕ ਕੇ, ਮਾਮੇ ਵੱਲ ਝਾਕਿਆ । ਬੋਲਿਆ ਕੁਝ ਨਾ ।

- ਤਾਂ ਇਹਦਾ ਮਤਲਬ ਐ, ਤੂੰ ਨਹੀਂ ਵਾਹੁਣੀ ਚਾਹੁੰਦਾ? ਦੇ ਦਿਆਂ ਫਿਰ ਮਾਮਲੇ 'ਤੇ?' ਬਚਨ ਸਿੰਘ ਨੇ ਧਮਕੀ ਦੇਣ ਵਾਂਗ ਪੁੱਛਿਆ ।

- ਇਹ ਕੀ ਕਰੂਗਾ ਫੇਰ?' ਮਾਮੇ ਨੇ ਨਿਹੱਥਾ ਹੋ ਕੇ ਪੁੱਛਿਆ ।

- ਇਹ ਕਿਸੇ ਹੋਰ ਦੀ ਲੈ ਕੇ ਵਾਹ ਲੂ । ਵਾਹੁੰਦੇ ਈ ਨੇ ਲੋਕ । ਨਾਲੇ ਪਤਾ ਲੱਗ ਜੂ । ਮਾਮਲੇ 'ਤੇ ਕਿਵੇਂ ਵਾਹੀਦੀ ਐ । ਟਰੈਕਟਰ ਇਹਨੂੰ ਮਾਫ਼ । ਐਤਕੀਂ ਦੀ ਸਾਰੀ ਫ਼ਸਲ ਵੀ ਇਹਨੂੰ ਮਾਫ਼ । ਫੇਰ ਵੀ ਪੁੱਤ ਐ । ਆਪਣਾ ਲਹੂ ਐ । 'ਬਚਨ ਸਿੰਘ ਉਸ ਵੱਲ ਝਾਕ ਕੇ ਵਿਅੰਗ ਨਾਲ ਹੱਸਿਆ ।

ਤਿੰਨੋ ਸੋਚੀਂ ਪੈ ਗਏ ।

ਕੁਝ ਦੇਰ ਬਾਅਦ ਬੇਬੇ ਫ਼ਿਕਰ ਨਾਲ ਬੋਲੀ -'ਮੈਨੂੰ ਤਾਂ ਭਾਈ ਲਗਦੈ, ਤੇਰਾ ਪਿਉ ਕਮਲਾ ਹੋ ਗਿਆ?'

- ਕਮਲਾ ਨੀ ਹੋ ਗਿਆ? ਪਹਿਲਾਂ ਕਮਲਾ ਸੀ । ਹੁਣ ਅਕਲ ਆਈ ਐ ।' ਫਿਰ ਰਣਜੀਤ ਵੱਲ ਝਾਕਿਆ -'ਪੁੱਤ ਜੀ! ਜੇ ਵਾਹੁਣੀ ਐਂ ਤਾਂ ਟੈਮ ਨਾਲ ਮਾਮਲਾ ਦੇ ਜੀਂ । ਪੁੱਛਲੀਂ ਪਿੰਡ 'ਚ ਜਿਹੜਾ ਭਾਅ ਹੋਇਆ । ਜੇ ਅੰਦਰਲਾ ਨਾ ਮੰਨੇ ਤਾਂ ਕੋਈ ਹੋਰ ਘਰ ਦੇਖ ਲੀਂ । ਇਸ ਤੋਂ ਦੂਸਰੀ ਗੱਲ ਨੀ ਮੇਰੇ ਕ਼ੋਲ ਤੇ ਨਾ ਹੀ ਕਰਿਉ । ਹੁਣ ਸੇਵਾ ਦੱਸੋ ਥੋਡੀ ਕੀ ਕਰਾਂ?'

ਰਣਜੀਤ ਹਰਖ਼ 'ਚ ਉਠ ਖੜ੍ਹਾ ਹੋਇਆ । ਮਾਮੇ ਦੇ ਚਿਹਰੇ 'ਤੇ ਵੀ ਰੋਸਾ ਸੀ । ਬੇਬੇ ਵੀ ਦੁਚਿੱਤੀ 'ਚ ਉਠ ਖੜ੍ਹੀ ।

- ਸਾਡੇ ਆਇਆਂ ਦਾ ਮਾਣ ਵੀ ਨੀ ਰੱਖਣਾ?' ਮਾਮੇ ਨੇ ਆਖ਼ਰੀ ਹਥਿਆਰ ਵਰਤਿਆ ।

- ਕਿਉਂ ਨੀ ? ਪੂਰਾ ਮਾਣ ਕਰੂੰਗਾ ਰਿਸ਼ਤੇਦਾਰਾ । ਦਾਰੂ ਪਈ ਐ, ਅਲਮਾਰੀ 'ਚ । ਕਿਤੋਂ ਲੈਣ ਨੀ ਜਾਣੀ । ਤੇਰੀ ਭੈਣ ਜੋ ਹੁਕਮ ਕਰੇ, ਕੈਂਪੇ, ਸੋਢੇ, ਦੁੱਧ ਐਥੇ ਈ ਆਜੂ । ਨੌਕਰ ਆਉਣ ਵਾਲੈ ਹੁਣੇ ਈ-।'

- ਤੇਰੀ ਕਿਸੇ ਚੀਜ਼ ਦੀ ਲੋੜ ਨੀ ਹੈ । ਜ਼ਮੀਨ ਮੁੰਡਾ ਈ ਵਾਹੂਗਾ ।' ਮਾਮੇ ਨੇ ਸਖ਼ਤੀ ਨਾਲ ਕਿਹਾ ।

- ਤੇ ਮਾਮਲਾ?'

- ਮਾਮਲਾ ਵੀ ਦੇਊਂਗਾ । ਕਿਉਂ ਬਈ?' ਮਾਮੇ ਨੇ ਰਣਜੀਤ ਨੂੰ ਪੁੱਛਿਆ ।

- ਜਿਵੇਂ ਤੂੰ ਕਹੇਂਗਾ ਮਾਮਾ, ਕਰ ਲਾਂਗੇ ।' ਆਖਕੇ ਰਣਜੀਤ ਚੁਬਾਰੇ ਵਿਚੋਂ ਬਾਹਰ ਆ ਗਿਆ ।

ਜਦੋਂ ਮਾਮਾ ਤੇ ਬੇਬੇ ਬਾਹਰ ਨਿਕਲਣ ਲੱਗੇ ਤਾਂ ਪਿਛੋਂ ਬਚਨ ਸਿੰਘ ਬੋਲਿਆ, -'ਆਵਦੀ ਭੈਣ ਨੂੰ ਕਹੀਂ, ਰਹੀ ਤਾਂ ਭਾਵੇਂ ਪਿੰਡ ਜਾਵੇ, ਪਰ ਕਦੇ ਕਦੇ ਆ ਜਿਆ ਕਰੇ ਏਥੇ ।'

ਬੇਬੇ ਯਕਦਮ ਪਿੱਛੇ ਮੁੜਕੇ ਬਚਨ ਸਿੰਘ ਵੱਲ ਝਾਕੀ । ਪਲ ਕੁ ਲਈ ਚਿਹਰੇ 'ਤੇ ਰੌਣਕ ਆ ਗਈ । ਫਿਰ ਤਿੰਨੋਂ ਅੱਗੜ-ਪਿੱਛੜ ਪਉੜੀਆਂ ਉਤਰ ਗਏ ।

(1419/20 ਕ੍ਰਿਸ਼ਨਾ ਨਗਰ, ਮੋਗਾ - 142001)



# ਥੇਹ

ਅਜਮੇਰ ਸਿੱਧੂ

ਅੱਜ ਮੇਰਾ ਹਸਪਤਾਲੋਂ ਆਏ ਦਾ ਨੌਵਾਂ ਦਿਨ ਏ । ਡਾਕਟਰ ਦਿਮਾਗ ਦਾ ਕੈਂਸਰ ਦੱਸਦੇ ਨੇ । ਓਪਰੇਸ਼ਨ ਕਰਨ ਤੋਂ ਬਾਅਦ ਵੀ ਚੌਵੀ ਪੱਚੀ ਦਿਨ ਰੱਖੀ ਛੱਡਿਆ । ਵੈਸੇ ਮੈਂ ਹਸਪਤਾਲ ਰਹਿਣਾ ਨਈਂ ਚਾਹੁੰਦਾ ਸੀ । ਉਥੇ ਰਹਿਣ ਨਾਲ ਤਾਂ ਮੇਰਾ ਰੋਗ - - - । ਉਥੇ ਗੱਲਾਂ ਈ ਆਲੇ-ਦੁਆਲੇ ਇੱਦਾਂ ਦੀਆਂ - - - । ਮਨ ਘਬਰਾ ਜਾਂਦਾ ਸੀ । ਮੈਂ ਕਈ ਵਾਰ ਭੱਜਣ ਦੀ ਕੋਸ਼ਿਸ਼ ਕੀਤੀ। ਪਰ - - - ।

ਮਸਾਂ ਜਾ ਕੇ ਛੁੱਟੀ ਦਿੱਤੀ । ਪਰ ਮੇਰੀ ਹਾਲਤ ਨੂੰ ਬਹੁਤਾ ਫ਼ਰਕ ਨਹੀਂ ਪਿਆ । ਮੈਂ - - - । ਮੈਨੂੰ ਡਰ ਲੱਗੀ ਜਾਂਦੈ । ਅਜੇ ਤੜਕੇ ਪਾਠੀ ਬੋਲਿਆ ਸੀ ਜਦੋਂ ਮੇਰੀਆਂ ਅੱਖਾਂ ਸਾਮ੍ਹਣੇ - - -। ਪਹਿਲਾਂ ਤਾਂ ਸਾਰੀ ਰਾਤ ਮੇਰੇ ਸਰੀਰ 'ਤੇ ਕੀੜੀ ਘੁੰਮਦੀ ਰਹੀ । ਸੌਣ ਨਾ ਦਿੱਤਾ । ਫੜਨ ਦੀ ਕੋਸ਼ਿਸ਼ ਵੀ ਕੀਤੀ ਪਰ ਹੱਥੇ ਨ੍ਹੀਂ ਆਈ । - - - ਪਰ ਇਹ ਸ਼ਰੇਆਮ ਸਾਮ੍ਹਣੇ ਘੁੰਮੀ ਜਾਂਦਾ ।

ਪਰਸੋਂ ਵੀ ਬਹੂ ਨੇ ਬਚਾ ਲਿਆ । ਇਹ ਤਾਂ ਡੰਗ ਮਾਰਨ ਲੱਗਾ ਸੀ । ਖ਼ੈਰ - - -। ਹੁਣ ਤਾਂ ਕੰਧ ਉਤੇ ਘੁੰਮੀ ਜਾਂਦਾ । ਕਾਲਾ ਸ਼ਾਹ ਕੋਡੀਆਂ ਆਲਾ ਏ । ਮੈਨੂੰ ਲਗਦੈ - - - । ਇਹ ਆਪਣੀ ਪੁਰਾਣੀ ਜਗ੍ਹਾ ਲੱਭਦਾ । ਪਹਿਲਾਂ ਇਥੇ ਸ਼ਿਵਜੀ ਭਗਵਾਨ ਦਾ ਕਲੈਂਡਰ ਹੁੰਦਾ ਸੀ । ਉਹਦੇ ਉਤੇ ਫਨ ਖਿਲਾਰ ਕੇ ਬੈਠਾ ਹੁੰਦਾ ਸੀ । ਉਦੋਂ ਤਾਂ ਇਹਨੇ ਕਹਿਰੇ ਕਰ ਤਾ । ਇਹਦੇ ਵਿਚ ਜਾਨ ਆ ਗਈ ਸੀ । ਸਿੱਧਾ ਮੇਰੇ ਮੰਜੇ 'ਤੇ - - - । ਰਜਾਈ 'ਚੋਂ ਲੱਭਿਆ ਨਹੀਂ ਸੀ । ਮੈਂ ਚੀਕਾਂ ਮਾਰਦਾ ਰਹਿ ਗਿਆ ਸੀ ।

ਬੁੜ੍ਹਾ ਆਤੂ ਕਹਿੰਦਾ ਸੀ ਸੱਪਾਂ ਨੂੰ ਧਰਤੀ ਵਿਹਲ ਦੇ ਦਿੰਦੀ ਏ । ਨ੍ਹੀਂ ਤਾਂ - - - । ਹੁਣ ਫੇ ਕੰਧ ਤੋਂ ਮੇਰੇ ਵੱਲ ਫਨ ਖਿਲਾਰੀ ਆਉਂਦਾ । - - - ਇਹ ਤਾਂ ਨੇੜੇ ਪਹੁੰਚ ਗਿਆ । ਦੌਣ ਵਾਲੇ ਪਾਸੇ ਆ ਚੜ੍ਹਿਆ । ਮੈਂ - - - । ਮੈਂ - - - । ਇਹਦੀ ਜੀਭ - - - ।

"ਨ੍ਹੀਂ - - -।"

"ਕੀ ਹੋਇਆ - - - ਚਾਚਾ ਜੀ ।"

"ਆਜਾ ਪੁੱਤ - - - ਆਜਾ, ਅੱਜ ਤੂੰ ਮੈਨੂੰ ਫੇ' ਬਚਾ ਲਿਆ । ਨ੍ਹੀਂ ਤਾਂ ਏਹ - - -। ਜੀਉਂਦੀ ਵਸਦੀ ਰਹੁ ।"

"ਸੌਂ 'ਜੋ, ਚਾਚਾ ਜੀ । 'ਰਾਮ ਕਰੋ । ਨਾਲੇ ਅਜੇ ਧੁੱਪ ਨੀਂ ਨਿਕਲੀ ।"

ਇਹ ਬਹੂ ਬੜੀ ਚੰਗੀ ਏ । ਮੇਰੀਆਂ ਚੀਕਾਂ ਸੁਣ ਕੇ ਭੱਜੀ ਆਈ । ਨਾਲੇ ਇਹਨੂੰ ਦੇਖਕੇ ਕੌਡੀਆਂ ਵਾਲਾ ਵੀ ਹਰਨ ਸੂੰਹ ਹੋ ਗਿਆ । ਇਹ ਬੜੀ ਦਲੇਰ ਏ । ਕਈ ਵਾਰ ਡਰ ਵੀ ਜਾਂਦੀ ਏ । ਇਹ ਵੱਡੇ ਦੀ ਨੂੰਹ ਏ ।

ਮੈਤੋਂ ਵੱਡਾ ਸੇਵਾ ਸੂੰਹ ਏ । ਇਹਨੇ ਆਪਣਾ ਮੁੰਡਾ ਨਰਭਿੰਦਰ ਤਾਂ ਵਿਆਹ ਲਿਆ ਸੀ । ਬਹੂ ਵੱਲੋਂ ਜ਼ਮੀਨ ਰਲਦੀ ਸੀ । ਅਜੇ ਕੁੜੀ ਕੁਆਰੀ ਬੈਠੀ ਏ । ਮੇਰਾ ਖ਼ਿਆਲ - - - ਸਤਾਈਆਂ ਨੂੰ ਢੁੱਕਣ ਡਹੀਓ ਏ । ਕੁੜੀ ਮੇਰੇ ਨੇੜੇ ਨੀਂ ਆਂਦੀ । ਇਕ ਵਾਰੀ ਮੈਤੋਂ ਜ਼ਿਆਦਾ ਕੁੱਟ ਹੋ ਗਈ ਸੀ । ਪਤਾ ਨੀਂ ਲੱਗਿਆ ਮੇਰੇ ਦਿਮਾਗ ਨੂੰ ਕੀ ਹੋਇਆ । ਬੱਸ - - । ਏਹੋ ਜਹੀਆਂ ਕੁੜੀਆਂ ਦੇਖ ਕੇ ਮੇਰਾ ਤਾਂ ਸਿਰ ਫ਼ਟਣ ਨੂੰ ਕਰਦੈ । - - ਫੇ' ਦੌਰਾ ਪੈ ਜਾਂਦੈ । ਹਾਏ ! ਧੀਆਂ ਧਿਆਣੀਆਂ - - ।

ਕਿੱਡਾ ਪਾਪ - - । ਨਈਂ - - ।

ਹੁਣ ਬਾਹਰ ਧੁੱਪ ਨਿਕਲ ਆਈ ਏ ।

"ਚਾਚਾ ਜੀ, ਰੋਟੀ ਖਾ' ਲੋ ।" ਬਹੂ ਰੋਟੀ ਲੈ ਆਈ ਏ । ਟੇਬਲ 'ਤੇ ਰੋਟੀ ਰੱਖ ਕੇ ਮੁੜਵੇਂ ਪੈਰੀਂ ਅਖ਼ਬਾਰ ਵੀ ਰੱਖ'ਗੀ । ਮੈਂ ਮੋਟੀ-ਮੋਟੀ ਖ਼ਬਰ ਦੇਖਣ ਲੱਗ ਪਿਆ ਹਾਂ । ਤੀਜੇ ਸਫ਼ੇ 'ਤੇ ਜਾ ਕੇ ਮੇਰਾ ਹੱਥ ਰੁਕ ਗਿਆ ਹੈ । - - - ਮੇਰਾ ਸਾਹ ਫੁੱਲਣ ਲੱਗ ਪਿਆ ਹੈ । ਮੈਂ - - - ਕਾਹਲੀ ਨਾਲ ਪੜ੍ਹਨ ਲੱਗ ਪਿਆ ਹਾਂ । - - - ਲੱਛਣ - - - ਭਾਰ ਘਟਣ ਲੱਗਦਾ ਹੈ । ਬੁਖਾਰ, ਦਸਤ - - -। ਮੇਰਾ ਸਾਹ ਧੌਂਕਣੀ ਵਾਂਗੂੰ ਚੱਲਣ ਲੱਗ ਪਿਆ ਹੈ ।

ਮੇਰੀਆਂ ਪੁੜ-ਪੁੜੀਆਂ ਦੀਆਂ ਨਾੜਾਂ ਉਭਰ ਆਈਆਂ ਨੇ । ਇਹ ਫਟ ਜਾਣਾ ਚਾਹੁੰਦੀਆਂ ਨੇ । ਮੈਂ ਘੁੱਟ ਕੇ ਫੜ ਲਈਆਂ ਨੇ । ਅੱਖਾਂ ਅੱਗੇ ਹਨੇਰਾ ਆ ਗਿਆ ਹੈ । ਜ਼ੋਰ ਦੀ ਖੜਾਕਾ ਹੋਇਆ ਹੈ ।

ਹੁਣ ਮੈਂ ਠੀਕ ਹਾਂ । ਮਸਾਂ ਸ਼ਾਂਤ ਹੋਇਆਂ । ਰੋਟੀ ਵਾਲਾ ਥਾਲ ਪਰ੍ਹਾਂ ਡਿੱਗਿਆ ਪਿਆ ਹੈ । ਅਖ਼ਬਾਰ ਆਲੂ ਮਟਰਾਂ ਦੀ ਸਬਜ਼ੀ ਨਾਲ ਲਿਬੜੀ ਪਈ ਹੈ । ਬਹੂ ਕਿਚਨ ਓਹਲੇ ਖੜ੍ਹੀ ਦੇਖ ਰਹੀ ਏ । ਬਚਾਰੀ ਡਰੀ ਪਈ ਏ । ਪਰ ਮੈਨੂੰ ਪਤਾ ਨ੍ਹੀਂ ਕੀ ਹੋ ਜਾਂਦਾ । ਆਪਣੇ ਬੱਚਿਆਂ ਨਾਲ - - । ਮੈਨੂੰ ਕੀ ਲੋੜ ਏ ਅਖ਼ਬਾਰ ਦੇ ਏਹੋ ਜਿਹੇ ਲੇਖ ਪੜ੍ਹਨ ਦੀ । ਮੈਂ ਕਿਹੜਾ ਪੜ੍ਹ ਕੇ ਅਫ਼ਸਰ ਲੱਗਣਾ ।

"ਆਜਾ ਧੀਏ । ਚੱਕ ਲੈ ਭਾਂਡੇ । ਪਤਾ ਨੀ ਦਿਮਾਗ - - ।" ਮੈਂ ਬਹੂ ਨੂੰ ਆਪਣੀ ਹਾਲਤ ਦੱਸਦਾ ਹਾਂ । ਉਹ ਭਾਂਡੇ ਟੀਂਡੇ ਚੁੱਕ ਕੇ ਰਸੋਈ 'ਚ ਲੈ ਜਾਂਦੀ ਏ । ਮੁੜਵੇਂ ਪੈਰੀਂ ਪੋਚਾ ਵੀ ਲਾ ਦਿੰਦੀ ਏ । ਮੈਂ ਬਹੂ ਦੀ ਦੁਬਾਰਾ ਲਿਆਂਦੀ ਰੋਟੀ ਖਾ ਕੇ ਉਹਤੋਂ ਮਾਫ਼ੀ ਮੰਗਦਾ ਹਾਂ ।

"ਪਤਾ ਨੀ ਅਕਲ 'ਤੇ ਕੀ ਪਰਦਾ ਪੈ ਗਿਆ, ਧੀਏ । ਮੈਂ ਤਾਂ - - ।"

"ਰੋਂਦੇ ਕਿਓਂ ਓ, ਚਾਚਾ ਜੀ । ਮੈਂ ਤੁਹਾਡੀ ਹਾਲਤ - - । ਹੁਣ ਤੁਸੀਂ ਠੀਕ ਓ । ਡਾਕਟਰ ਸਾਹਿਬ ਕਹਿੰਦੇ ਸੀ ਤੁਸੀਂ ਬਿਲਕੁਲ ਠੀਕ ਓ । ਅੱਗੇ ਨਾਲੋਂ ਦੇਖੋ ਚਿਹਰੇ 'ਤੇ ਕਿੰਨਾ ਨੂਰ - - । ਬੱਸ ਦੁਆਈ ਖਾਈ ਜਾਓ । ਫ਼ੇ' - - ।" ਬਹੂ ਮੈਨੂੰ ਦਿਲਾਸਾ ਦੇ ਰਹੀ ਹੈ । ਪਰ ਮੈਨੂੰ ਇਹ ਝੂਠਾ ਝੂਠਾ ਲਗਦਾ । ਮੈਨੂੰ ਮੇਰੀ ਜ਼ਿੰਦਗੀ ਦਾ - - -।

"ਕਿਹੜੀਆਂ ਸੋਚਾਂ 'ਚ ਪੈ 'ਗੇ, ਚਾਚਾ ਜੀ । - - - ਮੈਨੂੰ ਪਤੈ । ਮੈਂ ਅੱਜੇ ਜਸਪਿੰਦਰ ਨੂੰ ਚਿੱਠੀ ਲਿਖਦੀ ਆਂ । ਉਹ ਤੁਹਾਨੂੰ - - - ।"

"ਨਈਂ - - ਨਈਂ - - ।" ਮੇਰਾ ਸਾਹ ਤੇਜ਼ ਹੋ ਗਿਆ ਹੈ । ਸਿਰ ਫਟਣ ਨੂੰ ਕਰ ਰਿਹੈ । ਮੈਂ ਮੰਜੇ 'ਤੇ ਪੈ ਗਿਆ ਹਾਂ । ਬਹੂ ਜਸਪਿੰਦਰ ਨੂੰ ਚਿੱਠੀ ਲਿਖਣ ਲਈ ਪੈੱਨ ਲੱਭਣ ਲੱਗ ਪਈ ਹੈ ।

ਬਹੂ ਦਾ ਸੁਭਾਅ ਤਾਂ ਵਧੀਆ । ਇਹਦੇ ਪਰਿਵਾਰ ਨੂੰ ਅੱਤਵਾਦੀਆਂ ਨੇ ਮਾਰ ਦਿੱਤਾ ਸੀ । ਬੱਸ ਇਹੋ ਬਚੀ ਸੀ । ਉਂਝ ਇਹਦੇ ਵਿਚਾਰ ਬੜੇ ਨੇਕ ਨੇ । ਮੈਨੂੰ ਥੋੜ੍ਹਾ-ਥੋੜ੍ਹਾ ਸਮਝਦੀ ਏ । ਮੇਰੀ ਸੇਵਾ ਪੂਰੀ ਕਰਦੀ ਏ । ਮੇਰੇ ਦੁੱਖਾਂ ਦੀ ਦਾਰੂ - - - ।

ਮੈਂ ਕਨੇਡਾ ਤੋਂ ਵਾਪਸ ਆਇਆ ਸੀ । ਚੁੱਪ ਰਹਿੰਦਾ ਸੀ । ਮਨ ਬੁਝਿਆ ਜਿਹਾ । ਮੇਰੇ ਦੁੱਖ ਨੂੰ ਕੋਈ ਸਮਝ ਨਹੀਂ ਰਿਹਾ ਸੀ । ਅਜੇ ਮਹੀਨਾ ਹੀ ਟੱਪਿਆ ਸੀ । ਜਦੋਂ ਉਹ ਘਟਨਾ ਵਾਪਰ ਗਈ। ਮੈਨੂੰ ਆਪੇ ਤੋਂ ਭੈਅ ਆਉਣ ਲੱਗਾ । ਲੋਕਾਚਾਰੀ ਦਾ ਡਰ - - । ਜੇ ਲੋਕਾਂ ਨੂੰ ਪਤਾ ਲੱਗ ਗਿਆ। ਮੈਂ ਕਿਸੇ ਨੂੰ ਮੂੰਹ ਦਿਖਾਣ ਜੋਗਾ ਨਈਂ ਰਹਾਂਗਾ । ਮੇਰੇ ਅੰਦਰਲੇ ਡਰ ਨੇ ਮੈਨੂੰ ਪਾਗਲਾਂ ਵਰਗਾ ਕਰ 'ਤਾ ਸੀ ।



ਹੁਣ ਤਾਂ ਮੈਂ ਕੁਝ ਠੀਕ ਆਂ । ਉਦੋਂ ਮੇਰੀ ਹਾਲਤ ਜ਼ਿਆਦਾ ਖ਼ਰਾਬ ਸੀ । ਮੈਨੂੰ ਕੀੜੀਆਂ ਤੇ ਸੱਪਣੀਆਂ ਬਹੁਤ ਤੰਗ ਕਰਦੀਆਂ ਸਨ । ਮੇਰੇ ਪਿੰਡੇ 'ਤੇ - - - । ਮੇਰਾ ਦਿਲ ਕਰਦਾ ਸੀ ਮੈਂ ਪੰਜਾਂ ਮਿੰਟਾਂ ਬਾਅਦ ਸੂਟ ਬਦਲ ਦਿਆਂ । ਮੈਨੂੰ ਸੁੱਚਮ ਰੱਖਣਾ ਚੰਗਾ ਲਗਦਾ । ਦਿਹਾੜੀ ਦੇ ਚਾਰ ਪੰਜ ਸੂਟ ਬਦਲਦਾ ਸੀ । ਧੋਂਦਾ ਵੀ ਆਪੇ ਸੀ । ਔਰਤ ਤਾਂ ਮੇਰੇ ਕੱਪੜਿਆਂ ਨੂੰ ਹੱਥ ਨਹੀਂ ਲਾ ਸਕਦੀ । ਮੈਂ ਤਾਂ ਕਮਰੇ ਅੰਦਰ ਵੀ ਨ੍ਹੀਂ ਵੜਨ ਦਿੰਦਾ । ਜੇ ਆ ਵੀ ਜਾਏ । ਮੈਨੂੰ ਸਾਰਾ ਕਮਰਾ ਧੋਣਾ ਪੈਂਦਾ । ਕਈ ਵਾਰ ਤਾਂ ਸਾਰਾ ਦਿਨ ਕੰਧਾਂ ਧੋਂਦਿਆਂ ਲੱਗ ਜਾਂਦਾ ਤੇ ਉਹ - - ।

ਉਦੋਂ ਮੈਨੂੰ ਨੀਂਦ ਬਿਲਕੁਲ ਨਈਂ ਆਉਂਦੀ ਸੀ । ਨਾਏਂ ਭੁੱਖ ਲਗਦੀ ਸੀ । ਬੱਸ ਜਸਪਿੰਦਰ ਮੋਹਰੇ ਆ ਖੜ੍ਹਦੀ ਸੀ । ਉਹ ਤਾਂ ਹੁਣ ਵੀ ਪਿੱਛਾ ਨੀ ਛੱਡਦੀ । ਹਾਏ ਓਏ - - ।

ਮੈਨੂੰ ਆਪ ਨ੍ਹੀਂ ਪਤਾ ਲਗਦਾ । ਇਸ ਮੱਤ ਨੂੰ ਕੀ ਹੋ ਗਿਆ । ਉਂਝ ਸੇਵਾ ਸੂੰਹ ਨੇ ਮੇਰੀ ਦੇਖ ਭਾਲ ਪੂਰੀ ਕੀਤੀ । ਧਰਮੀ ਬੰਦਾ ਏ । ਨਾਲੇ ਨਾਲ ਦਾ ਜੰਮਿਆ ਭਰਾ । ਮੈਨੂੰ ਦੋ ਤਿੰਨ ਸਾਲ ਤੋਂ ਡਾਕਟਰਾਂ ਕੋਲ ਲੈ ਕੇ ਫਿਰ ਰਿਹਾ ।

ਮੇਰੀ ਬਿਮਾਰੀ ਕਦੇ ਵੀ ਡਾਕਟਰਾਂ ਦੀ ਸਮਝ 'ਚ ਨਹੀਂ ਪਈ । ਬੱਸ - - । ਦਵਾਈਆਂ ਨਾਲੇ ਵਾਹ ਵਾਸਤਾ ਰਿਹਾ । ਮੈਨੂੰ ਬਹੁਤੇ ਡਾਕਟਰਾਂ 'ਤੇ ਤਰਸ ਵੀ ਆਉਂਦਾ । ਜਦੋਂ ਉਹ ਅੱਧ ਦੀਆਂ ਪਤਾਲ ਮਾਰਦੇ । ਮੇਰਾ ਗੁੱਸਾ - - । ਡਾਕਟਰ ਘੰਟਿਆਂ ਬੱਧੀ ਮੇਰੇ ਦੁਆਲੇ ਲੱਗੇ ਰਹਿੰਦੇ । ਬਿਮਾਰੀ ਬਾਰੇ ਪੁੱਛਦੇ । ਮੈਨੂੰ ਤਾਂ ਆਪ ਨਹੀਂ ਪਤਾ । ਉਂਝ ਮੇਰੀ ਬਿਮਾਰੀ ਬਾਰੇ ਚਾਰ ਗੱਲਾਂ ਕਾਊਂਟ ਕਰਦੀਆਂ ਨੇ ।

ਪਹਿਲੀ ਗੱਲ ਇਹ ਮੈਂ ਕਿਸੇ ਨੂੰ ਵੀ ਆਪਣੇ ਨਾਲ ਟੱਚ ਨਈਂ ਕਰਨ ਦੇਣਾ ਚਾਹੁੰਦਾ । ਆਪਣੇ ਸਰੀਰ ਨੂੰ ਸਾਫ ਰੱਖਣਾ ਚਾਹੁੰਦਾ ਹਾਂ । ਮੇਰਾ ਚਿੱਤ ਕਰਦੈ ਪਾਣੀ ਵਿਚ ਵੜਿਆ ਰਹਾਂ । ਬੇਸ਼ੱਕ ਚੌਵੀ ਘੰਟੇ - - - । ਬੌਡੀ 'ਤੇ ਸਾਬਣ ਮਲੀ ਜਾਵਾਂ । ਪਾਣੀ ਪਾਈ ਜਾਵਾਂ ।

ਸੇਵਾ ਸੂੰਹ ਤੇ ਨਰਭਿੰਦਰ ਮੇਰੇ 'ਤੇ ਬੜਾ ਖਿਝਦੇ ਨੇ । ਅਖੇ ਸਾਬਣ ਮਲੀ ਜਾਨਾਂ । - - - ਪਾਣੀ ਅਜਾਈਂ ਗੁਆਈ ਜਾਨਾਂ । ਜਦੋਂ ਕੋਈ ਔਰਤ ਮੇਰੇ ਕੋਲੋਂ ਲੰਘ ਜਾਂਦੀ ਏ । ਮੈਨੂੰ - - - । ਮੈਂ ਨਹਾਉਣ ਲੱਗ ਪੈਂਦਾ ਆਂ । ਫ਼ੇਰ ਮੈਂ ਮਲ - ਮਲ ਕੇ ਨਹਾਉਂਦਾ ਹਾਂ ।

ਦੂਜੀ ਗੱਲ ਮੈਂ ਜ਼ਨਾਨੀ ਨੂੰ ਨੇੜੇ ਨਈਂ ਢੁੱਕਣ ਦੇਣਾ ਚਾਹੁੰਦਾ । ਬਸ ਇਕ ਬਹੂ ਤੋਂ - - । ਮੈਨੂੰ ਜ਼ਨਾਨੀਆਂ ਨਾਲ ਬੜੀ ਨਫ਼ਰਤ ਏ । ਜਾਣ-ਬੁੱਝ ਕੇ ਮੇਰੇ ਕੋਲ ਨੂੰ ਆਉਣਗੀਆਂ । '- - -ਅਖੇ ਚਾਚਾ ਜੀ ਹੁਣ ਸਿਹਤ ਕਿੱਦਾਂ ।' ਬਈ ਚਾਚੇ ਤੋਂ - - - । ਮੇਰੇ ਕੋਲੋਂ ਜ਼ਨਾਨੀ ਲੰਘੀ ਨਹੀਂ ਤੇ ਮੈਂ - - - । ਮੈਨੂੰ ਬਹੁਤੀਆਂ ਔਰਤਾਂ ਦੀ ਸ਼ਕਲ ਗੋਰਖਣ ਵਰਗੀ ਲਗਦੀ ਏ । ਵੈਸੇ ਉਹ ਗਰੇਟ ਪਰਸਨੈਲਟੀ ਸੀ । ਪਰ ਉਹਦੀ ਉਹ ਹਾਲਤ - - - । ਚੇਤੇ ਆਉਂਦਿਆਂ ਈ - - - । ਹੋਰ ਤਾਂ ਹੋਰ - - -। ਮੈਂ ਅੰਗ ਨਹੀਂ ਦੇਖਣੇ ਚਾਹੁੰਦਾ । ਮੇਰੇ ਮੋਹਰੇ 'ਉਹ ਦ੍ਰਿਸ਼' ਘੁੰਮਣ ਲਗਦੇ ਹਨ ।

ਤੀਜੀ ਗੱਲ ਮੈਨੂੰ ਭੁੱਖ ਬਹੁਤ ਘੱਟ ਲਗਦੀ ਏ । ਨੀਂਦ ਵੀ ਨਹੀਂ ਆਉਂਦੀ। ਰਾਤ ਦੇ ਨ੍ਹੇਰੇ ਵਿਚ ਔਰਤਾਂ ਦੇ ਡਰਾਉਣੇ-ਡਰਾਉਣੇ ਚਿਹਰੇ ਮੇਰੇ ਮੋਹਰੇ ਘੁੰਮਦੇ ਰਹਿੰਦੇ ਨੇ । ਫ਼ੇਰ ਉਹ ਸੱਪ ਜਾਂ ਸ਼ੱਪਣੀਆਂ ਬਣ ਜਾਂਦੇ ਨੇ ਤੇ ਮੈਨੂੰ - - -।

ਚੌਥੀ - - - । ਮੈਂ ਭੁੱਲੇ ਗਿਆ ।

ਮੈਂ ਡਾਕਟਰਾਂ ਨੂੰ ਸਾਰਾ ਕੁਝ ਦੱਸਦਾਂ ਵੀ ਆਂ । ਪਰ - - - । ਡਾਕਟਰ ਵੀ ਨਾ - - - । ਉਂਝ ਡਾਕਟਰ ਢੀਂਡਸਾ ਕਾਬਲ ਬੰਦਾ ਲੱਗਿਆ । ਵੈਸੇ ਤਾਂ ਉਹ ਖਚਰੀ ਹਾਸੀ ਹੱਸਦਾ । ਉਹਨੇ ਸੇਵਾ

ਸੂੰਹ ਨੂੰ ਦੱਸਿਆ ਸੀ।

"ਇਹ ਅਬਸੈਸਿਵ ਕੰਪਲਸਿਵ ਨਿਊਰੋਸਿਸ ਦਾ ਮਰੀਜ਼ ਹੈ। ਇਹ ਅਲਰਜੀ ਪਲੱ ਟੈਨਸ਼ਨ ਕੇਸ ਹੈ। ਇਹਦੀ ਦਵਾਈ ਘੱਟ ਕਰੋ। ਰੋਗੀ ਨੂੰ ਰੈਸਟ ਦਿਓ। ਟੈਨਸ਼ਨ ਦੂਰ ਹੋਣ ਨਾ ---।"

ਉਹਨੇ ਭੁੱਖ, ਨੀਂਦ ਤੇ ਟੈਨਸ਼ਨ ਤੋਂ ਕੈਪਸੂਲ ਤੇ ਗੋਲੀਆਂ ਦਿੱਤੇ ਵੀ ਸਨ। ਮੈਂ ਕੁਝ-ਕੁ ਠੀਕ ਹੋਣ ਲੱਗ ਪਿਆ ਸੀ। ਪਰ ਫ਼ੇਰ ਬਿਮਾਰੀ ਵੱਧਣ ਲੱਗ ਪਈ। ਹੋਰ ਕਈ ਡਾਕਟਰਾਂ ਨੂੰ ਦਿਖਾਲਿਆ।

ਮੈਨੂੰ ਦੋ ਕੁ ਮਹੀਨੇ ਸੁੱਖਾ ਨੰਦ ਦੇ ਡੇਰੇ ਤੋਂ ਅਰਾਮ ਰਿਹਾ। ਪਰ ਮੈਨੂੰ ਕਾਣਤ ---। ਸਾਬਣ ਮਲਦਾ ਰਹਿੰਦਾ। ਪਾਣੀ ਨਾਲ ਅੰਗ ਪੈਰ ਧੋਂਦਾ ---। ਹੌਲੀ-ਹੌਲੀ ਮੇਰੀ ਹਾਲਤ ਪਹਿਲੇ ਵਰਗੀ ਹੋ ਗਈ। ਮਨ ਉਚਾਟ ਰਹਿਣ ਲੱਗ ਪਿਆ ਸੀ। ਮੈਂ ਸਹਿਮ ਗਿਆ ਸੀ।

ਡਾਕਟਰਾਂ ਨੇ ਸੇਵਾ ਸੂੰਹ ਨੂੰ ਸੇਵਾ ਕਰਨ ਲਈ ਕਹਿ ਦਿੱਤਾ।

"ਸਰਦਾਰ ਜੀ, ਇਹ ਤਾਂ ---। ਹੁਣ ਉਪਰ ਵਾਲੇ ਦੇ ਵੱਸ ਏ। ਇਹ ਆਪਣੇ ਆਪ ਨੂੰ ਸਲੋਅ ਡੈੱਥ ਵੱਲ ਲੈ ਤੁਰਿਆ। ਸਾਡੇ ਕੰਟਰੋਲ ਤੋਂ ---"

ਜਦੋਂ ਇਹ ਗੱਲ ਮੇਰੇ ਤਕ ਪੁੱਜੀ, ਮੈਂ ਹੱਸ ਪਿਆ ਸੀ। ਸੇਵਾ ਸੂੰਹ ਤੇ ਨਰਭਿੰਦਰ ਮੇਰੀ ਸੇਵਾ ਵਿਚ ਜੁੱਟ ਗਏ। ਉਨ੍ਹਾਂ ਬਹੂ ਨੂੰ ਮੇਰੀ ਹਰ ਇੱਛਾ ਪੂਰੀ ਕਰਨ ਦਾ ਹੁਕਮ ਚਾੜ੍ਹ ਦਿੱਤਾ।

ਦਿਨ-ਬ-ਦਿਨ ਮੇਰੀ ਹਾਲਤ ਵਿਗੜਦੀ ਗਈ। ਇਕ ਦਿਨ ਮੈਂ ਟੈਲੀਵੀਜ਼ਨ ਮੂਹਰੇ ਬੈਠਾ ਫ਼ਿਲਮ ਦੇਖ ਰਿਹਾ ਸੀ। ਬਹੂ ਦੁੱਧ ਲੈ ਆਈ। ਪਹਿਲਾਂ ਕੰਡਮ ਦੀ ਮਸ਼ਹੂਰੀ ਆਈ। ਮੈਨੂੰ --। ਮੇਰਾ ਸਾਹ ਤੇਜ਼ ਹੋ ਗਿਆ ਸੀ। ਫੇਰ ਅੱਗੇ ਸਿਹਤ ਵਿਭਾਗ ਵਾਲਿਆਂ ਦੀ ਸਿੱਖਿਆ ਆ ਗਈ।

"ਬਚੋ- - - ਲੱਛਣ - -।" ਮੇਰਾ ਸਾਹ ਤੇਜ਼ ਹੋ ਗਿਆ ਸੀ। ਪੁੜਪੁੜੀਆਂ ਦੀਆਂ ਨਾੜਾਂ ਉਭਰੀਆਂ। ਗਲਾਸ ਫ਼ਰਸ਼ 'ਤੇ ਡਿੱਗ ਪਿਆ। ਖੜਾਕ- -। ਫੇਰ ਮੈਂ ਅੰਨ੍ਹਾ ਈ ਹੋ ਗਿਆ ਸੀ। ਨ੍ਹੇਰਾ ਨ੍ਹੇਰਾ ---।

ਮੈਨੂੰ ਅੱਧੇ ਘੰਟੇ ਬਾਅਦ ਸੁਰਤ ਆਈ ਸੀ। ਟੈਲੀਵੀਜ਼ਨ ਖਿੱਲਰਿਆ ਪਿਆ ਸੀ। ਬਹੂ ਮੇਰੇ ਉਤੇ ਰਜਾਈ ਦੇ ਕੇ ਕੋਲ ਖੜ੍ਹੀ ਸੀ। ਬਚਾਰੀ ਪਸੀਨੋ ਪਸੀਨੀ ਹੋਈ ਪਈ ਸੀ। ਮੇਰੀ ਧਾਹ ਨਿਕਲ ਗਈ ਸੀ। ਉਹ ਮੈਨੂੰ ---।

ਬਹੂ ਦੇ ਘਰੋਂ ਮੇਰਾ ਭਤੀਜਾ ਨਰਭਿੰਦਰ ਸੂੰਹ ਕੋਈ ਸਿਆਣਾ ਲੈ ਆਇਆ ਸੀ। ਬਹੂ ਉਹਨੂੰ ਦੇਖ ਕੇ ਸੇਵਾ ਸੂੰਹ ਤੇ ਨਰਭਿੰਦਰ ਨੂੰ ਸ਼ੇਰਨੀ ਵਾਂਗ ਪੈ ਗਈ ਸੀ।

"ਤੁਹਾਡਾ ਦਿਮਾਗ ਟਿਕਾਣੇ ਹੈ ਜਾਂ ਨੀਂ। ਤੁਹਾਨੂੰ ਚਾਰ ਮ੍ਹੀਨੇ ਹੋ 'ਗੇ ਠੱਗਾਂ ਮਗਰ ਘੁੰਮਦਿਆਂ ਨੂੰ। ਜੇ ਚਾਚਾ ਜੀ ਨੂੰ ਕੁਸ਼ ਹੋ ਗਿਆ। ਲੋਕਾਂ ਨੂੰ ਕੀ ਮੂੰਹ ਦਿਖਾਓਗੇ। ਬੰਦਿਆਂ ਆਂਗ ਚੰਡੀਗੜ੍ਹ ਚੱਕ ਕੇ ਲੈ ਜੋ। ਪੀ. ਜੀ. ਆਈ. ਦਾਖਲ ਕਰਾ ਦਿਓ। ਜੇ ਤੁਸੀਂ --- ਤਾਂ ਮੈਂ 'ਕੱਲੀ ਲੈ ਜਾਨੀ ਆਂ।"

ਅਗਲੇ ਦਿਨ ਮੈਨੂੰ ਚੰਡੀਗੜ੍ਹ ਲੈ ਗਏ। ਡਾਕਟਰ ਕਹਿੰਦੇ ਦਿਮਾਗ ਦਾ ਕੈਂਸਰ ਏ। ਪਹਿਲਾਂ ਤਾਂ ਬਿਮਾਰੀ ਪੱਲੇ ਹੀ ਨਹੀਂ ਪੈਂਦੀ ਸੀ। ਕਈ ਮਸ਼ੀਨਾਂ ਲਾ-ਲਾ ਦੇਖੀਆਂ। ਛੋਟੇ ਬੜੇ ਕਈ ਡਾਕਟਰ ਆਏ। ਅੰਤ ਉਨ੍ਹਾਂ ਓਪ੍ਰੇਸ਼ਨ ਕਰਕੇ ਘਰ ਨੂੰ ਤੋਰ ਦਿੱਤਾ। ਪਰ ਮੇਰੀ ਹਾਲਤ ਪਹਿਲਾਂ ਵਾਲੀ ਏ। ਇਹ ਤਾਂ ਬਹੂ ---।



ਹੁਣ ਤੇ ਇਹ ਪਰਿਵਾਰ ਮੇਰੀ ਸੇਵਾ ਬੜੀ ਕਰਦਾ। ਪਹਿਲਾਂ ਸੇਵਾ ਸੂੰਹ ਨੇ ਸ਼ਰੀਕੇਬਾਜ਼ੀ ਪੂਰੀ ਕੀਤੀ ਸੀ। ਉਹਦਾ ਵਿਆਹ ਕਰਕੇ ਬਾਪੂ ਬੇਬੇ ਦੁਨੀਆਂ ਤੋਂ ਚਲਦੇ ਹੋਏ। ਮੇਰੀ ਵਾਰੀ ਸੱਪ ਸੁੰਘ ਗਿਆ ਸੀ। ਦੋਨਾਂ ਭਰਾਵਾਂ ਨੂੰ ਦੋ-ਦੋ ਕਿੱਲੇ ਜ਼ਮੀਨ ਦੇ ਆਂਦੇ ਸਨ। ਭਰਾ ਭਰਜਾਈ ਮੇਰੇ ਵਾਲੀ ਹੜੱਪਣੀ ਚਾਹੁੰਦੇ ਸਨ।

"ਦੇਖ ਕਰਨੈਲ ਸਿਆਂ, ਵਿਆਹ 'ਚ ਕੀ ਧਰਿਆ। ਨਾਲੇ ਦਿਓਰ ਭਾਬੀ ---। ਤੈਨੂੰ ਇਸ ਘਰ 'ਚ ਪੂਰਾ ਮਾਣ ਇੱਜ਼ਤ ਮਿਲੂ। ਮੈਂ ਦਊਂ। ਚੰਗੀ ਰੋਟੀ ---। ਬਾਕੀ ਮੈਂ --- ਹੈਗੀ ਆਂ।" ਭਰਜਾਈ ਨੇ ਹਿੱਕ ਠੋਕੀ ਸੀ।

ਮੈਂ ਭਰਜਾਈ ਦੇ ਇਨ੍ਹਾਂ ਬੋਲਾਂ ਨਾਲ ਦੋ ਕੁ ਸਾਲ ਲੰਘਾਏ ਵੀ। ਪਰ ਹੌਲੀ-ਹੌਲੀ ਮੈਨੂੰ ਲੱਗਿਆ ਮੈਂ ਘਰ 'ਚ ਇੱਕਲਾ ਹਾਂ। ਮੈਨੂੰ ਕੰਮ ਅੱਗੇ ਜੋੜੀ ਰੱਖਿਆ ਜਾਂਦਾ ਜਾਂ ਕਿਤੇ ---। ਮੈਂ ਵਿਆਹ ਕਰਾਉਣ ਦੀ ਠਾਣ 'ਲੀ। ਜਦੋਂ ਵੀ ਕੋਈ ਰਿਸ਼ਤਾ ਆਂਦਾ। ਭਰਜਾਈ ਭਾਨੀ ਮਾਰ ਦਿੰਦੀ ਸੀ।

ਨੱਠ ਭੱਜ ਕੇ ਵਿਆਹ ਹੋ ਗਿਆ ਸੀ। ਕਰਤਾਰੀ ਸੁਝਵਾਨ ਜ਼ਨਾਨੀ ਟੱਕਰੀ। ਸਾਲ ਬਾਅਦੇ ਜਸਪਿੰਦਰ ਉਹਦੀ ਗੋਦੀ ਸੀ। ਘਰ ਭਰਿਆ ਭਰਿਆ ਲੱਗਣ ਲੱਗ ਪਿਆ ਸੀ। ਦੂਜਾ ਜਣੇਪਾ ਦੇਰ ਨਾਲ ਹੋਇਆ।

ਦਸਾਂ ਸਾਲਾਂ ਬਾਅਦ ਜਾ ਕੇ ਕੁੱਖ ਹਰੀ ਹੋਈ। ਪਰ ---। ਜੀਅ ਵੀ ਗਿਆ ਤੇ ਕਰਤਾਰੀ ਵੀ। ਮੇਰਾ ਘਰ ਉੱਜੜ ਗਿਆ ਸੀ। ਮੈਂ 'ਕੱਲਾ ਰਹਿ ਗਿਆ ਸੀ। ਟੁੱਟ ਗਿਆ ਸੀ। ਬੱਸ ਗਿਆਰਾਂ ਸਾਲਾਂ ਦੀ ਜਸਪਿੰਦਰ ਮੇਰੇ ਲਈ ---। ਜਿਹਦੇ ਸਹਾਰੇ ਜੀਣ ਦਾ ਉਪਰਾਲਾ ਕੀਤਾ। ਪਰ ਇੱਕ ਉਹ ਨਿੱਘ ---। ਉਹ ਨਾ ਮਿਲਦਾ। ਮੇਰੇ ਅੰਦਰ ਅੱਗ ---। ਦੋ ਤਿੰਨ ਸਾਲ ਤਾਂ ਇਧਰ ਉਧਰ ਭੱਸੜਾ ਭੰਨਾਉਂਦਾ ਰਿਹਾ। ਨਰਭਿੰਦਰ ਵੀ ਵੱਡਾ ਹੋ ਗਿਆ ਸੀ। ਮੈਂ 'ਕੱਲਾ ---।

ਮੈਂ ਘਰ ਦਾ ਕੰਮ ਨਬੇੜਦਾ। ਸ਼ਹਿਰ ਨੂੰ ਤੁਰ ਪੈਂਦਾ। ਸਾਰਾ ਦਿਨ ਤੁਰਦਾ ਫ਼ਿਰਦਾ ਰਹਿੰਦਾ। ਉਥੇ ਕਸ਼ਮੀਰ ਨਾਲ ਮੇਰਾ ਯਾਰਾਨਾ ਗਾੜ੍ਹਾ ਹੋ ਗਿਆ ਸੀ। ਉਹ ਬੰਦਾ ਬੜੇ ਕੰਮ ਦਾ ਸੀ। ਉਹ ਪਹਿਲੇ ਦਿਨੇ ਮੈਨੂੰ ਤਾੜ ਗਿਆ ਸੀ। ਵੈਸੇ ਸ਼ਿਕਾਰੀ ---। ਅਸੀਂ ਜਲਦੀ ਘੁਲ ਮਿਲ ਗਏ ਸਾਂ। ਉਹ ਮੈਨੂੰ ਰੋਜ਼ ਗੋਰਖਣ ਕੋਲ ਲੈ ਜਾਂਦਾ। --- ਪੈਸੇ ਦਿੰਦੇ। ਕੰਮ ਨਬੇੜ ਕੇ ਘਰਾਂ ਨੂੰ ਮੁੜ ਆਂਦੇ।

ਗੋਰਖਣ ਬੜੀ ਹਾਲੇ ਦੀ ਚੀਜ਼ ਸੀ। ਬਚਾਰੀ ਕਦੇਸਣ ---। ਪਹਿਲਾਂ ਪਹਿਲ ਤਾਂ ਟਾਮਾਂ-ਟਾਮਾਂ ਬੰਦਾ ਜਾਂਦਾ ਸੀ। ਹੌਲੀ - ਹੌਲੀ ਉਹਦਾ ਧੰਦਾ ਵੱਧ ਗਿਆ ਸੀ। ਪੈਸੇ ਵੀ ਘੱਟ ਲੈਣ ਲੱਗ ਪਈ ਸੀ। ਚੌਂਹ ਕੁ ਸਾਲਾਂ ਵਿਚ ਹੀ ਪੰਦਰਾਂ-ਵੀਹ ਰੁਪਏ 'ਤੇ ਆ ਗਈ ਸੀ। ਟਰੱਕ ਡਰੈਵਰਾਂ ਨਾਲ ਤੁਰੀ ਫ਼ਿਰਦੀ। ਰਿਕਸ਼ੇ ਵਾਲੇ ਖਿੱਚੀ ਫ਼ਿਰਦੇ। ਦਸ-ਦਸ, ਪੰਦਰਾਂ-ਪੰਦਰਾਂ ਮੁੰਡੇ ---।

ਮੈਂ ਉਹਦੇ ਕੋਲ ਜਾਣਾ ਘੱਟ ਕਰ 'ਤਾ ਸੀ। ਪਰ ਸ਼ਹਿਰ ਰੋਜ਼ਾਨਾ ਜਾਂਦਾ। ਕਿਤੇ-ਕਿਤੇ ਉਹਦੇ ਕੋਲ ਵੀ ਜਾ ਆਂਦਾ। ਇਕ ਵਾਰ ਉਹਦੇ ਬੀਤੇ ਦੀ ਗੱਲ ਛੇੜੀ ਤਾਂ ਉਹ ਫੁੱਟ ਪਈ ਸੀ।

"ਅਰੇ ਜੋ ਮੱਲ ਕਲਾਂ ਏ ਨਾ। ਵਹਾਂ ਕਾ ਵੋ --- ਜਥੇਦਾਰ ਨਿਹੰਗ ਸਿੰਘ ਟੱਕਰ ਸਿੰਘ ਏ ਨਾ। ਦੋ ਹਜ਼ਾਰ ਮੇਂ ਮੁਝੇ ਖਰੀਦ ਕਰ ਲਾਯਾ ਥਾ। --- ਸਾਲਾ ਰੋਟੀ ਨ੍ਹੀਂ ਦੇ ਪਾਇਆ। ਪਹਿਲੇ ਤੋ ਬੜੇ-ਬੜੇ ਸਬਜਬਾਗ ਦਿਖਾਤਾ ਥਾ। ਛੋਡ ਕਰ ਭਾਗ ਗਿਆ। ਭੂਖੀ ਮਰ ਜਾਤੀ। --- ਧੰਦਾ

ਕਰ ਲੀਆ।" ਉਹਨੇ ਬੜੀ ਸਾਰੀ ਗਾਲ੍ਹ ਕੱਢੀ। ਮੈਨੂੰ ਗੋਰਖਣ ਦਾ ਦੁੱਖ ਅਸਹਿ ਲੱਗਿਆ।

ਉਹਦੇ ਕੋਲ ਗਾਹਕ ਜਾਣੇ ਘਟ ਗਏ ਸਨ। ਮੈਂ ਚੰਡੀਗੜ੍ਹ ਰੋਡ 'ਤੇ ਦੁਕਾਨਾਂ ਉਤੇ ਸਾਰਾ ਦਿਨ ਬੈਠਾ ਰਹਿੰਦਾ। ਉਹ ਵੀ ਤੁਰੀ ਫ਼ਿਰਦੀ। ਮੈਂ ਦਸ-ਵੀਹ ਰੁਪਏ ਜ਼ਰੂਰ ਦੇ ਦਿੰਦਾ।

ਜਸਪਿੰਦਰ ਬਾਰਾਂ ਪਾਸ ਕਰ 'ਗੀ ਸੀ। ਮੇਰੇ ਵਾਂਗੂੰ ਹੱਡੀ-ਪੈਰੀਂ ਖੁੱਲ੍ਹੀ ਨਿਕਲੀ। ਜੁਆਨ ਧੀ ਦਾ ਖ਼ਿਆਲ ਆਇਆ। ਮੈਂ ਸ਼ਹਿਰ ਜਾਣਾ ਘੱਟ ਕਰ 'ਤਾ। ਜਸਪਿੰਦਰ ਸਾਰਾ ਦਿਨ ਘਰ ਦੇ ਕੰਮ ਵਿਚ ਜੁਟੀ ਰਹਿੰਦੀ। ਤੜਕੇ ਹਵੇਲੀ ਜਾ ਕੇ ਮੱਝਾਂ ਚੋਂਦੀ। ਘਰੇ ਆ ਕੇ ਦੁੱਧ ਰਿੜਕਦੀ। ਪੱਠਿਆਂ ਦਾ ਤੇ ਖੇਤਾਂ ਦਾ ਕੰਮ ਸੂਰਜ ਭਈਆ ਕਰ ਲੈਂਦਾ। ਮੈਤੋਂ ਤੜਕੇ ਘੱਟ ਹੀ ਉਠ ਹੁੰਦਾ ਸੀ।

ਇਕ ਦਿਨ ਪੀ ਜ਼ਿਆਦਾ ਹੋ 'ਗੀ ਸੀ। ਸ਼ਰਾਬ ਤਾਂ ਸੁੱਤੇ ਉਤਰ 'ਗੀ। ਤੜਕੇ ਜਾ ਕੇ ਸਰੀਰ ਟੁੱਟਣ ਲੱਗ ਪਿਆ ਸੀ। ਮੈਂ ਹਵੇਲੀ ਵੱਲ ਚਲਿਆ ਗਿਆ। ਇਕ ਮੰਜੇ 'ਤੇ ਜਸਪਿੰਦਰ ਤੇ ਭਈਏ ਨੂੰ ਦੇਖ ਕੇ ਮੇਰੇ ਤੇ ਅੱਗ ਲੱਗ 'ਗੀ। ਮੈਨੂੰ ਦੇਖ ਕੇ ਦੋਨੋਂ ਕੱਪੜੇ ਸਾਂਭਣ ਲੱਗ ਪਏ ਸਨ।

ਜਸਪਿੰਦਰ ਘਰ ਨੂੰ ਭੱਜ ਆਈ। ਭਈਆ ਮੈਂ ਲੰਮਾ ਪਾ ਲਿਆ ਸੀ। ਹਵੇਲੀ ਕੋਈ ਗੰਡਾਸੀ ਜਾਂ ਦਾਤ ਨੀ' ਮਿਲਿਆ। ਨ੍ਹੀਂ ਤਾਂ - - -। ਮੇਰੇ ਹੱਥ ਫੌੜਾ ਆ ਗਿਆ ਸੀ। ਭਈਏ ਦੀਆਂ ਚੀਕਾਂ ਉਚੀਆਂ ਹੋਈਆਂ ਤਾਂ ਮੈਂ ਫੌੜਾ ਵਗਾਹ ਮਾਰਿਆ।

"ਸਾਲਿਆ, ਜਿਸ ਥਾਲੀ ਖਾਨਾਂ। ਉਸੇ ਥਾਲੀ - - -।"

"ਸਰਦਾਰ ਜੀ, ਆਪ ਬੀ ਤੋ ਗੋਰਖਣ - - -।" ਭਈਆ ਮੋਹਰੇ ਬੋਲਣ ਲੱਗ ਪਿਆ ਸੀ। ਮੈਂ ਹਵੇਲੀਓ ਉਹਨੂੰ ਭਜਾ ਦਿੱਤਾ।

ਭਈਏ ਦੀ ਗੱਲ ਨੇ ਮੇਰੇ ਅੱਗ ਲਾ ਦਿੱਤੀ। ਉਸੇ ਪਲ ਗੋਰਖਣ ਕੋਲ ਨਾ - - -। ਘਰ ਆ ਕੇ ਜਸਪਿੰਦਰ ਦੀਆਂ ਵੀ ਹੱਡੀਆਂ ਤੋੜੀਆਂ। ਹਫ਼ਤਾ ਭਰ ਵੱਖੀ ਦੀ ਹੱਡੀ ਕਿਰਪਾਲੇ ਕੋਲੋਂ ਚੜ੍ਹਾਉਂਦੀ ਰਹੀ। ਮੈਂ ਕੁੜੀ ਦੇ ਹੱਥ ਪੀਲੇ ਕਰਨ ਲਈ ਨੱਠ-ਭੱਜ ਕਰਨ ਲੱਗਾ। ਦੋ ਮਹੀਨੇ ਵਿੱਚੇ ਗੱਲ ਬਣ 'ਗੀ। ਬੜੀ ਭੈਣ ਮਲਕਪੁਰ ਵਾਲੀ ਰਿਸ਼ਤਾ ਲੈ ਆਈ। ਮੁੰਡਾ ਕਨੇਡਾ ਸੀ। ਦਿਨਾਂ ਵਿੱਚੇ ਰਿਸ਼ਤਾ ਪੱਕਾ ਹੋ ਗਿਆ। ਮੁੰਡੇ ਨੇ ਕਾਗਜ਼ ਭਰ ਦਿੱਤੇ। ਦੋ ਕੁ ਸਾਲਾਂ ਵਿਚ ਹੀ ਜਸਪਿੰਦਰ ਕਨੇਡਾ ਜਾ ਪੁੱਜੀ। ਮੇਰੇ ਸਾਰੇ ਗੁੱਸੇ-ਗਿਲੇ ਦੂਰ ਹੋ 'ਗੇ।

ਮੈਂ ਨਵਾਂ ਭਈਆ ਰੱਖ ਲਿਆ ਸੀ। ਕੰਮ ਭਈਏ ਦੇ ਜ਼ੁੰਮੇ ਲਾ ਕੇ ਆਪ ਸ਼ਹਿਰ ਜਾ ਬਹਿੰਦਾ। ਕੁੜੀ ਵੱਲੋਂ ਸੁਰਖਰੂ ਹੋ ਗਿਆ ਸੀ। ਖੁਸ਼ੀ ਦੀਆਂ ਚਿੱਠੀਆਂ ਆਂਦੀਆਂ। ਕਿਤੇ-ਕਿਤੇ ਰਿਵਰਸ ਕਾਲ ਵੀ ਕਰ ਲੈਂਦਾ। ਦੋਸਤਾਂ ਦਾ ਘੇਰਾ ਵਧ ਗਿਆ ਸੀ। ਕਿਤੇ - ਕਿਤੇ ਸ਼ਰਾਬ ਵੀ ਪੀ ਲਈਦੀ ਸੀ।

ਗੋਰਖਣ ਦਾ ਧੰਦਾ ਬੰਦ ਹੋ ਗਿਆ ਸੀ। ਅਵਾਗੌਣ ਸੜਕਾਂ 'ਤੇ ਤੁਰੀ ਫਿਰਦੀ। ਕਿਸੇ ਨੂੰ ਪਛਾਣਦੀ ਵੀ ਨਈਂ ਸੀ। ਉੱਚੀ-ਉੱਚੀ ਚੀਕਾਂ ਮਾਰਦੀ। ਲੋਕਾਂ ਨੂੰ ਗਾਲ੍ਹਾਂ ਕੱਢਦੀ ਤੁਰੀ ਫਿਰਦੀ। ਵਾਲ ਖਿੱਲਰੇ-ਖਿੱਲਰੇ ਹੁੰਦੇ। ਲਾਲੀ ਨਾਲ ਦਗ-ਦਗ ਕਰਦਾ ਚਿਹਰਾ ਸੂਤਿਆ ਗਿਆ ਸੀ। ਪੀਲਾ ਭੂਕ ਹੋ ਗਿਆ ਸੀ। ਉਹਦੇ ਕੋਲੋਂ ਡਰ ਆਉਂਦਾ। ਜਿਹੜਾ ਵੀ ਉਹਦੇ ਕੋਲ ਜਾਂਦਾ। ਪਹਿਲਾਂ ਹੱਸਦੀ। ਫ਼ੇ' ਉੱਚੀ-ਉੱਚੀ ਗਾਲ੍ਹਾਂ ਕੱਢਣ ਲੱਗ ਪੈਂਦੀ।

"ਤੇਰੀ ਮਾਂ ਕੀ - - -। ਸਾਲਾ - - - ਨੀ।" ਹੱਸਦੀ-ਹੱਸਦੀ ਤੁਰ ਪੈਂਦੀ।

ਗੋਰਖਣ ਦੀ ਦਿਨੋ ਦਿਨ ਹਾਲਤ ਖ਼ਰਾਬ ਹੁੰਦੀ ਗਈ। ਕਈ ਵਾਰ ਸਰੀਰ 'ਤੇ ਕੱਪੜੇ ਵੀ ਨਾ ਹੁੰਦੇ। ਸਲਵਾਰ ਤਾਂ ਪਾਉਣੋਂ ਹਟ ਗਈ ਸੀ। ਭਰੇ ਬਾਜ਼ਾਰ ਵਿਚ ਲੰਮੀ ਪਈ ਹੁੰਦੀ। ਝੱਗਾ



ਚੁੱਕਦੀ। ਪੱਟਾਂ ਦੇ ਵਿਚਕਾਰ ਉਂਗਲਾਂ ਨਾਲ ਕਰੋਲਾ ਕਰਾਲੀ ਕਰਦੀ ਰਹਿੰਦੀ। ਉਹਦੇ ਵੱਲ ਦੇਖਿਆ ਨਾ ਜਾਂਦਾ। ਲੋਕੀਂ ਪਰ੍ਹਾਂ ਨੂੰ ਮੂੰਹ ਕਰਕੇ ਲੰਘ ਜਾਂਦੇ।

ਮੈਂ ਜਸਪਿੰਦਰ ਦੇ ਪੁਰਾਣੇ ਲੀੜੇ ਉਹਦੇ ਪੁਆ ਦਿੰਦਾ। ਦੋ ਕੁ ਦਿਨਾਂ ਵਿਚ ਫ਼ੇਰ ਨੰਗੀ ਹੋ ਜਾਂਦੀ। ਪਹਿਲਾਂ ਸਿਰ ਤੋਂ ਚੁੰਨੀ ਉਡ ਜਾਂਦੀ। ਫ਼ੇਰ ਸਲਵਾਰ ਗੈਬ ਹੋ ਜਾਂਦੀ। ਝੱਗਾ ਗਲਮੇ ਤੋਂ ਫੜ ਕੇ ਫਾੜ ਲੈਂਦੀ। ਲੋਕ ਨੰਗੇ ਸਰੀਰ ਵੱਲ ਦੇਖਦੇ। ਪਾਸਾ ਵੱਟ ਕੇ ਲੰਘ ਜਾਂਦੇ। ਸੜਕ 'ਤੇ ਪਈ ਕਰੋਲਾ ਕਰਾਲੀ - - -। ਮੈਨੂੰ ਕਾਣਤ ਆ ਜਾਂਦੀ। ਮੈਂ ਸ਼ਹਿਰ ਜਾਣਾ ਬੰਦ ਕਰ ਦਿੱਤਾ ਸੀ।

ਜਸਪਿੰਦਰ ਨੇ ਮੇਰੇ ਕਾਗਜ਼ ਭਰੇ ਹੋਏ ਸਨ। ਸਾਲ ਕੁ ਬਾਅਦ ਕਾਗਜ਼ਾਂ ਦੇ ਚੱਕਰ ਵਿੱਚ ਫ਼ਸ ਗਿਆ। ਸ਼ਹਿਰ ਜਾਂਦਾ ਗੋਰਖਣ ਦਿਸਦੀ ਨਾ। ਉਹਦੀ ਗੁੰਮਸ਼ੁਦੀ ਬਾਰੇ ਕਈ ਤਰ੍ਹਾਂ ਦੇ ਚਰਚੇ ਸਨ। ਕਈ ਕਹਿੰਦੇ ਉਹ ਏਡਜ਼ ਦੀ ਮਰੀਜ਼ ਸੀ। ਏਡਜ਼ ਲੈ ਬੈਠੀ। ਕਈ ਕਹਿੰਦੇ ਬਿਮਾਰੀ ਫੈਲਣ ਦੇ ਡਰੋਂ ਪ੍ਰਸ਼ਾਸਨ ਨੇ ਮਾਰ ਕੇ ਖਪਾ ਦਿੱਤੀ। ਇਸ ਲਾਇਲਾਜ ਬਿਮਾਰੀ ਦਾ ਸੁਣ ਕੇ ਮੈਂ ਕੰਬੇ ਗਿਆ। ਮੈਨੂੰ ਆਪਣਾ ਪਾਲਾ ਮਾਰ ਰਿਹਾ ਸੀ। ਏਡਜ਼ ਦਾ ਟੈਸਟ - - -।

ਅੱਧੀ ਰਾਤ ਬੀਤ ਚੁੱਕੀ ਹੈ। ਗੋਰਖਣ ਮੇਰਾ ਖਹਿੜਾ ਨਈਂ ਛੱਡ ਰਹੀ। ਜ਼ਰਾ ਕੁ ਅੱਖ ਲਗਦੀ ਹੈ। ਝੱਟ ਮੋਹਰੇ ਆ ਕੇ ਹੱਸਣ ਲੱਗ ਪੈਂਦੀ ਹੈ। ਮਿੰਟ ਵਿਚ ਸਪਣੀ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਕਦੇ - - -। ਮਿੰਟ ਵਿਚ ਸੂਟ ਬਦਲ ਲੈਂਦੀ ਹੈ। ਸੂਟ ਜਸਪਿੰਦਰ ਵਾਲੇ ਪਾ ਕੇ ਆਉਂਦੀ ਹੈ। ਜਸਪਿੰਦਰ ਤੇੜ ਵਾਲੇ ਸੂਟ ਕਨੇਡਾ ਜਾਣ ਵੇਲੇ ਛੱਡ ਗਈ ਸੀ। ਮੈਂ ਗੋਰਖਣ ਨੂੰ ਸਾਰੇ ਦੇ ਦਿੱਤੇ ਸਨ।

ਜਸਪਿੰਦਰ ਵਾਲੇ ਸੂਟ ਮੁੜ-ਮੁੜ ਮੇਰੀਆਂ ਅੱਖਾਂ ਸਾਹਮਣੇ ਆਈ ਜਾ ਰਹੇ ਨੇ। - - - ਹੈਂਅ! ਇਹ ਕੀ? ਸਿਰਫ਼ ਧੜ 'ਤੇ ਸੂਟ ਦਿਸ ਰਿਹਾ। ਗੋਰਖਣ ਦਾ ਮੂੰਹ ਉਡ ਗਿਆ ਹੈ। ਬਿਨਾਂ ਮੂੰਹ ਤੋਂ ਧੜ ਘੁੰਮੀ ਜਾ ਰਿਹੈ। ਪਰ ਸੂਟ ਜਸਪਿੰਦਰ - - -। ਇਹ ਸੂਟ ਤਾਂ ਜਸਪਿੰਦਰ ਨੇ ਉਦਣ ਪਾਇਆ ਸੀ ਜਿਦਣ ਭਈਆ - - -। ਮੈਂ ਅੰਨ੍ਹਾਂ ਕਿਉਂ ਨਹੀਂ ਹੋ ਜਾਂਦਾ।

ਇਹ ਧੜ ਹਿਲਦਾ ਕਿਉਂ ਨ੍ਹੀਂ? ਕਾਲਾ ਜੈਂਪਰ ਥੱਲੇ ਚਿੱਟੀ ਸਲਵਾਰ - - -। ਜੈਂਪਰ ਤੇ ਸਲਵਾਰ ਅਹਿੱਲ ਖੜ੍ਹ ਗਏ ਨੇ। - - - ਹੈਂਅ! ਸਲਵਾਰ ਉਤੇ - - -। ਕਾਲੇ ਜੈਂਪਰ ਤੇ ਚਿੱਟੀ ਸਲਵਾਰ ਵਾਲਾ ਧੜ ਅੱਗੇ ਵੱਧ ਰਿਹੈ। ਮੇਰੇ ਪੌਂਦੀ ਆ ਖੜ੍ਹਿਆ। ਚਿੱਟੇ-ਚਿੱਟੇ ਡੇਲੇ। ਹੱਥ ਮੇਰੇ ਵੱਲ ਵਧ ਰਹੇ ਨੇ। ਮੈਨੂੰ ਗਿੱਚੀਓਂ ਫੜ ਲਿਆ ਹੈ। ਮੈਤੋਂ ਹਿੱਲਿਆ ਨਈਂ ਜਾਂਦਾ। ਨਾਏਂ ਬੋਲਿਆ ਜਾ ਰਿਹੈ।

ਹੈਂਅ! ਇਹ ਕੀ? - - - ਧੜ ਉਤੇ ਜਸਪਿੰਦਰ ਦਾ ਚਿਹਰਾ ਲੱਗ ਗਿਆ। ਮੇਰੀ ਧੀ?

"- - - ਨ੍ਹੀਂ। ਮੇਰੀਏ ਮੋਰਨੀਏ - - -।"

"ਕੀ ਹੋਇਆ, ਚਾਚਾ ਜੀ। - - - ਬੋਲਦੇ ਕਿਉਂ ਨ੍ਹੀਂ?"

"ਬਹੂ - - -? ਸੌਂ ਜਾ ਧੀਏ। ਭੈੜਾ ਸੁਪਨਾ - - -। ਦਬਾਅ ਪਿਆ।"

ਮੈਂ, ਬਹੂ ਤੇ ਨਰਭਿੰਦਰ ਨੂੰ ਭੇਜ ਦਿੰਦਾ ਹਾਂ। ਪਰ ਮੈਨੂੰ ਇਹ ਗੱਲ ਸਮਝ ਨ੍ਹੀ ਆਉਂਦੀ ਜਸਪਿੰਦਰ ਨੇ ਇਹ ਰੂਪ ਕਿਉਂ ਧਾਰਿਆ। ਮੇਰੀ ਗਿੱਚੀ ਨੂੰ ਪੈ ਗਈ। ਇਹ ਬੜੀ ਭੈੜੀ ਬਿਮਾਰੀ ਹੈ। ਪਤਾ ਨ੍ਹੀਂ ਦਿਮਾਗ ਵਿਚ - - -। ਇਹ ਸਾਲੀ ਗੋਰਖਣ ਮਰ ਕੇ ਵੀ - - - ਸਾਲੀ ਸੱਪਣੀ - - - ਥੂ। ਮੈਂ ਸਵੇਰੇ ਡਾਕਟਰ ਰਾਣਾ ਕੋਲ ਜਾਵਾਂਗਾ। ਉਹਨੂੰ ਸਾਰੀ ਗੱਲ ਦੱਸਾਂਗਾ। ਹੁਣ ਅੱਖ ਲਾ

ਕੇ ਦੇਖ ਲੈਂਦਾ ਹਾਂ।

ਦਿਨ ਚੜ੍ਹ ਆਇਆ ਹੈ। ਬਹੂ ਚਾਹ ਦੇ ਗਈ ਹੈ। ਪਰ ਅਖ਼ਬਾਰ ਨ੍ਹੀਂ ਦੇ ਕੇ ਗਈ। ਰਾਤ ਪਤਾ ਨ੍ਹੀਂ ਕੀ-ਕੀ ਖ਼ਿਆਲ ਆਂਦੇ ਰਹੇ। ਸਾਰੀ ਰਾਤ ਸੱਪਣੀ ਗੋਰਖਣ ਮੈਨੂੰ - - -। ਹੈਰਾਨੀ ਦੀ ਗੱਲ ਤਾਂ ਇਹ ਏ ਗੋਰਖਣ ਦੀ ਜਗ੍ਹਾ ਜਸਪਿੰਦਰ - - -। ਬਿਲਕੁਲ ਗੋਰਖਣ ਵਾਂਗੂ ਸਲਵਾਰ ਖੋਲ੍ਹ ਲੈਂਦੀ ਸੀ। ਫ਼ੇਂ ਕਰੋਲਾ ਕਰਾਲੀ - - -। ਮੈਂ ਹੁਣੇ ਬਹੂ ਨੂੰ ਕਹਿ ਕੇ ਉਹਨੂੰ ਫ਼ੋਨ - - -। ਧੀ ਦੀ ਖ਼ਬਰ ਸਾਰ ਤਾਂ ਲੈਣੀ ਚਾਹੀਦੀ ਏ।

ਮੇਰੀ ਧੀ ਹੈ ਬੜੀ ਭੋਲੀ। ਹੁਣ ਮੈਂ ਕਈ ਵਾਰ ਸੋਚਦਾਂ ਉਹਦਾ ਵਿਆਹ ਸੂਰਜ ਭਈਏ ਨਾਲੇ ਕਰ ਦਿੰਦਾ। ਪਰ ਅਣਖ - - -। ਖ਼ੈਰ ਭਈਏ ਵਾਲੀ ਗੱਲ ਤਾਂ ਮੈਨੂੰ ਭੁੱਲ ਵੀ ਗਈ ਏ। ਉਸ ਸਾਲੇ ਦਾ ਚਿਹਰਾ - - -। ਸੀਗਾ ਵੀ ਕਿਹੜੇ ਕੰਮ ਦਾ। ਜਾਬ੍ਹਾਂ ਵਿਚ ਨੂੰ ਵੜੀਆ ਹੋਈਆਂ। ਪਰ ਮੇਰੀ ਧੀ ਤਾਂ ਵਾਰਿਸ ਸ਼ਾਹ ਦੀ ਹੀਰ ਵਰਗੀ ਏ।

ਜਸਪਿੰਦਰ ਦੇ ਜਾਣ ਤੋਂ ਢਾਈ ਸਾਲ ਬਾਅਦ ਮੈਂ ਵੀ ਕਨੇਡਾ ਚਲੇ ਗਿਆ ਸੀ। ਮੈਨੂੰ ਮਿਲ ਕੇ ਕੁੜਮ ਤੇ ਕੁੜਮਣੀ ਦੇ ਚਿਹਰੇ ਖਿੜ ਉੱਠੇ ਸਨ। ਹਫਤਾ ਕੁ ਸੋਹਣਾ ਮੇਲਾ ਲੱਗਾ ਰਿਹਾ। ਫ਼ੇਰ ਸਾਰੇ ਆਪਣੇ-ਆਪਣੇ ਕੰਮ ਵਿਚ ਜੁਟ ਗਏ। ਵੀਕ 'ਤੇ ਇਕ ਦੂਜੇ ਦਾ ਮੂੰਹ ਦੇਖਦੇ। ਮੈਨੂੰ ਵੀ ਜਰਾ ਦੇਰੀ ਨਾਲ ਕੰਮ ਮਿਲ ਗਿਆ ਸੀ।

ਸਾਲ ਤਾਂ ਸੋਹਣਾ ਲੰਘਿਆ। ਫ਼ੇਰ ਜੁਆਈ ਮੱਖਣ ਮੂੰਹ ਤੰਗ ਕਰਨ ਲੱਗ ਪਿਆ ਸੀ। ਮੇਰੇ ਨਾਲ ਤਾਂ ਖੁਸ਼ ਹੋ ਕੇ ਬੋਲਦਾ। ਜਸਪਿੰਦਰ ਨਾਲ ਮੂੰਹ ਵੱਟੀ ਰੱਖਦਾ। ਉਹਦੇ ਨੇੜੇ ਘੱਟ ਹੀ ਜਾਂਦਾ। ਕੁੜੀ ਦੁਖੀ ਬੜੀ ਸੀ। ਕਿਹਦੇ ਨਾਲ ਗੱਲ ਕਰਦੀ। ਜੇ ਮੈਂ ਮਾਂ ਹੁੰਦੀ। ਮੈਨੂੰ - - -। ਪਰ - - -। ਉਹ ਉਹਨੂੰ ਬਿਸਤਰ 'ਤੇ ਖਿੱਚ-ਖਿੱਚ ਲੈ ਕੇ ਜਾਂਦੀ। ਮੱਖਣ ਸੂਈ ਕੁੱਤੀ ਵਾਂਗੂੰ ਕੁੜੀ ਨੂੰ ਪੈਂਦਾ। ਉਹਤੋਂ ਬਾਂਹ ਛੁਡਾ ਇਧਰ ਉਧਰ ਨਿਕਲ ਜਾਂਦਾ। ਮੈਨੂੰ ਸ਼ੱਕ ਸੀ ਕਿਸੇ ਗੋਰੀ ਨਾਲ --। ਹੌਲੀ-ਹੌਲੀ ਆਪੇ - - -। ਪਰ ਧੀ ਧਿਆਣੀ - - -।

ਮੱਖਣ ਨੂੰ ਹਲਕਾ-ਹਲਕਾ ਬੁਖਾਰ ਰਹਿੰਦਾ ਸੀ। ਜਦੋਂ ਦੇਖੋ ਬੁਖਾਰੇ ਚੜ੍ਹਿਆ ਰਹਿੰਦਾ। ਟੁਟਦਾ ਨਈਂ ਸੀ। ਮੈਨੂੰ ਤੇ ਜਸਪਿੰਦਰ ਨੂੰ ਡਾਕਟਰ ਦੇ ਜਾਣ ਨਈਂ ਦਿੰਦੇ ਸਨ। ਜਸਪਿੰਦਰ ਨੇ ਦੱਸਿਆ ਸੀ ਕਿ ਬੁਖਾਰ ਦਾ ਤਾਂ ਪਹਿਲੋਂ ਤੋਂ ਏਹੀ ਹਾਲ ਏ। ਮਾੜਾ ਮੋਟਾ ਤਾਂ ਰਹਿੰਦੈ। ਪਰ ਹੌਲੀ-ਹੌਲੀ ਉਲਟੀਆਂ ਟੱਟੀਆਂ ਦੀ ਬਿਮਾਰੀ ਰਹਿਣ ਲੱਗੀ। ਜਦੋਂ ਵਿਆਹ ਹੋਇਆ ਸੀ, ਉਦੋਂ ਨਾਲੋਂ ਮੱਖਣ ਦਾ ਚਾਰ ਗੁਣਾ ਭਾਰ ਘਟ ਗਿਆ ਸੀ।

ਮੈਨੂੰ ਲੱਗਿਆ ਸਾਤੋਂ ਕੁਝ ਛੁਪਾਇਆ ਜਾ ਰਿਹੈ। ਮੈਂ ਤੇ ਜਸਪਿੰਦਰ ਘਰ ਵਿਚ ਬਗਾਨੇ ਬਣ ਕੇ ਰਹਿ ਗਏ। ਜਦੋਂ ਮੱਖਣ ਨਾਲ ਗੱਲਬਾਤ ਹੁੰਦੀ, ਉਹ ਖਾਊਂ ਵੱਢੂ-ਖਾਊਂ ਵੱਢੂ ਕਰਦਾ। ਸਾਰੇ ਜੀਆਂ ਵਿਚ ਤਣਾਅ ਬਣਿਆ ਰਹਿੰਦਾ। ਜਸਪਿੰਦਰ ਦਾ ਮੱਖਣ ਨਾਲ ਝਗੜਾ ਹੁੰਦਾ ਰਹਿੰਦਾ। ਕੁੜੀ ਸਿਆਣੀ ਏ। ਫ਼ੇਂ ਵੀ ਐਡਜਸਟ ਕਰਨ ਦੀ ਕੋਸ਼ਿਸ਼ ਕਰਦੀ।

ਪਤਾ ਨਹੀਂ ਕੁੜਮ ਤੇ ਕੁੜਮਣੀ ਦੇ ਦਿਮਾਗ ਵਿਚ ਕੀ ਫੁਰੀ। ਮੱਖਣ, ਜਸਪਿੰਦਰ ਤੇ ਮੈਨੂੰ ਲੈ ਕੇ ਇੰਡੀਆ ਆ ਗਏ। ਰੋਜ਼ ਮੱਖਣ ਨੂੰ ਲੈ ਕੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਤੁਰੇ ਰਹਿੰਦੇ। ਦਾਨ ਪੁੰਨ ਕਰਦੇ। ਦੋ ਕੁ ਮਹੀਨਿਆਂ ਵਿਚ ਗੁਰਦੁਆਰੇ ਮੁੱਕੇ ਤਾਂ ਮੰਦਰਾਂ ਵਿਚ ਮੱਥੇ ਟੇਕਣੇ



ਸ਼ੁਰੂ ਹੋ ਗਏ।

ਤੇ ਫ਼ੇਰ ਜਿਸ ਗੱਲ ਦਾ ਮੈਨੂੰ ਖ਼ਦਸ਼ਾ ਸੀ, ਉਹ ਹੋ ਗਈ। ਮੱਖਣ ਤੁਰਦਾ - - -। ਮੇਰੀ ਧੀ ਰੰਡੀ ਹੋ ਗਈ। ਮਾਂ-ਬਾਹਰੀ ਧੀ ਦੇ ਵਰਲਾਪ ਸੁਣੇ ਨਾ ਜਾਣ। ਮੈਂ ਟੁੱਟ ਗਿਆ ਸੀ। ਮੱਖਣ ਨੇ ਮੈਨੂੰ ਕਿਸੇ ਪਾਸੇ ਜੋਗਾ ਨਈਂ ਸੀ ਛੱਡਿਆ। ਮੇਰੀ ਧੀ ਮੇਰੇ ਗਲੇ ਲੱਗ ਭੁੱਬੀਂ ਰੋਂਦੀ। ਮੈਂ ਚੁੱਪ ਵੀ ਨਾ ਕਰਾ ਸਕਦਾ।

ਕੁੜਮ ਭਲਾ ਪੁਰਸ਼ ਸੀ। ਧਰਮੀ ਬੰਦਾ ਸੀ। ਹਫ਼ਤੇ ਵਿਚ ਕੰਮ ਨਬੇੜ ਕੇ ਜਸਪਿੰਦਰ ਨੂੰ ਲੈ ਕਨੇਡਾ ਤੁਰ ਪਿਆ। ਤਿੰਨਾਂ ਨੂੰ ਮੈਂ ਕਨੇਡਾ ਦੀ ਫਲੈਟ ਚੜ੍ਹਾ ਆਇਆ। ਘਰ ਵਿਚ ਇੱਕਲਾ ਰਹਿ ਗਿਆ ਸੀ। ਜੁਆਈ ਦੀ ਮੌਤ ਨੇ ਮੇਰਾ ਲੱਕ ਤੋੜ ਦਿੱਤਾ ਸੀ।

ਦੋ ਕੁ ਮਹੀਨੇ ਬਾਅਦ ਖੁਸ਼ੀ ਦੀ ਖ਼ਬਰ ਆਈ। ਜਸਪਿੰਦਰ ਦੇ ਗੁੱਡੀ ਹੋਈ ਸੀ। ਫ਼ੋਨ 'ਤੇ ਕੁੜਮ ਨੇ ਖ਼ਬਰ ਸੁਣਾਈ ਤਾਂ ਮੈਂ ਖਿੜ ਉਠਿਆ। ਉਹਨੂੰ ਵਧਾਈਆਂ ਦਿੱਤੀਆਂ। ਸ਼ਰੀਕੇ ਵਿਚ ਲੱਡੂ ਵੰਡੇ। ਕੁੜੀ ਦਾ ਮਨ ਪਰਚਿਆਂ ਰਹੂ। ਇਹ ਸੋਚ ਕੇ ਮੈਂ ਤਾਂ ਖੁਸ਼ੀ ਵਿਚ ਉਡਿਆ ਫ਼ਿਰਦਾ। ਪਰ ਮੇਰੀ ਜਸਪਿੰਦਰ ਨਾਲ ਗੱਲ ਬਾਤ ਨਈਂ ਹੋ ਰਹੀ ਸੀ। ਕੁੜਮ ਦੱਸਦਾ ਸੀ ਕਿ ਉਹ ਹਸਪਤਾਲ ਹੈ। ਸਿਹਤ ਠੀਕ ਨਹੀਂ ਹੈ।

ਮੈਨੂੰ ਦੋਹਤੀ ਦੀ ਖੁਸ਼ੀ ਤਾਂ ਬੜੀ ਸੀ ਪਰ ਧੀ ਨੂੰ ਛੁੱਟੀ ਨਾ ਮਿਲਣ ਕਰਕੇ - - -। ਮੈਂ ਕਨੇਡਾ ਜਾਣ ਦਾ ਮਨ ਹੀ ਬਣਾ ਰਿਹਾ ਸੀ। ਉਹ ਖ਼ਬਰ ਵੀ ਮੇਰੇ ਕੰਨੀਂ - - -। ਮੈਂ ਤਾਂ - - -।

ਹਿਆਲੀਏ ਜੀਤ ਨੇ ਮੇਰੇ ਨਾਲ ਕਨੇਡਾ ਬੇਰੀਆ ਤੋੜਨ-ਦਾ ਕੰਮ ਕੀਤਾ ਸੀ। ਦੇਸ਼ ਗੇੜਾ ਮਾਰਨ ਆਇਆ ਤਾਂ ਮੇਰੇ ਕੋਲ ਮੱਖਣ ਦੀ ਮੌਤ ਦਾ ਅਫ਼ਸੋਸ ਕਰਨ ਆ ਗਿਆ ਸੀ। ਦੋ ਤਿੰਨ ਘੰਟੇ ਬੈਠਾ ਰਿਹਾ। ਮੱਖਣ ਦੀਆਂ ਸਿਫ਼ਤਾਂ ਹੁੰਦੀਆਂ ਰਹੀਆਂ। ਮੈਂ ਧੀ ਦੇ ਦੁੱਖ ਵਿਚ ਡੁਬਿਆ ਪਿਆ ਸੀ। ਉਸ ਤੁਰਨ ਲੱਗਿਆਂ ਮੈਨੂੰ ਹੌਂਸਲਾ ਦਿੱਤਾ।

"ਦੇਖ, ਸਰਦਾਰ ਕਰਨੈਲ ਸਿਆਂ। ਇਹ ਤੇ ਜੋ ਬਹਿ ਮਾਤਾ ਨੇ ਲਿਖਿਆ ਉਹ ਤਾਂ - - -। ਉਹਦੀ ਲਿਖੀ ਨੂੰ ਕਿੱਦਾਂ ਮੋੜ ਸਕਦੇ ਆਂ। - - - ਨਾਲੇ ਜਿਹੜੀ ਮੱਖਣ ਨੂੰ ਬਿਮਾਰੀ ਸੀ। - -ਏਡਜ਼ ਦੀ। ਉਹਤੋਂ ਕੋਈ ਨ੍ਹੀਂ - - -।" ਜੀੜ ਤੋਂ ਵੀ ਅੱਗੇ ਬੋਲਿਆ ਨ੍ਹੀਂ ਸੀ ਗਿਆ। ਮੇਰੇ ਅੰਦਰੋਂ ਕੁਝ ਲਾਵੇ ਵਾਂਗ ਫੁੱਟਣ ਨੂੰ ਫਿਰ ਰਿਹਾ ਸੀ।

ਮੈਂ ਉਹ ਰਾਤ ਮਸਾਂ ਕੱਟੀ। ਹਿਆਲੀਏ ਜੀਤ ਦੇ ਬੋਲ ਮੇਰੇ ਕੰਨਾਂ ਵਿਚ ਸ਼ਾਂ-ਸ਼ਾਂ ਕਰੀ ਜਾਣ। ਰਾਤ ਘੁੰਮਦਿਆਂ ਫ਼ਿਰਦਿਆਂ ਕੱਟ 'ਲੀ। ਸਵੇਰੇ ਉਠ ਕੇ ਧੀ ਕੋਲ ਜਾਣ ਲਈ ਨੱਠ-ਭੱਜ ਕਰਨ ਲੱਗਾ। ਸ਼ਹਿਰ ਜਾ ਕੇ ਏਜੰਟ ਨੂੰ ਮਿਲਿਆ। ਸ਼ਾਮੀਂ ਘਰ ਮੁੜਿਆ ਤਾਂ ਜਸਪਿੰਦਰ ਦੀ ਚਿੱਠੀ ਆਈ ਪਈ ਸੀ।

"ਤੂੰ ਮੇਰਾ ਪਿਓ ਨ੍ਹੀਂ। ਦੁਸ਼ਮਣ ਨਿਕਲਿਆ। ਇਹਦੇ ਨਾਲੋਂ ਖੂਹ - - -। ਮੇਰੇ ਲਈ ਲੱਭਿਆ ਮੱਖਣ ਸਿੰਘ - - -। ਚਾਰ ਸਾਲ ਮੇਰੀ ਦੇਹ ਨੂੰ - - -। ਤੇ ਤੁਰ ਗਿਆ। ਹੁਣ ਮੇਰੀ ਵਾਰੀ ਏ। ਨਾਲ ਇਸ ਨਿੱਕੀ ਜਿਹੀ ਜਿੰਦ ਦੀ। ਮੈਂ ਤਾਂ - - -।" ਤੇ ਅਗਾਂਹ ਮੈਤੋਂ ਚਿੱਠੀ ਪੜ੍ਹੀ ਨਾ ਗਈ। ਮੇਰੇ ਅੰਦਰੋਂ - - -। ਧਰਤੀ ਅਸਮਾਨ ਘੁੰਮਦੇ ਨਜ਼ਰ ਆਏ। - - - ਬਾਰੂਦ ਵਾਂਗ ਫਟਿਆ ਤੇ ਮੇਰਾ ਜਿਸਮ ਮਿੱਟੀ ਹੋ ਗਿਆ ਸੀ।

(ਮਾਰਫਤ ਜੰਡੇ ਹੇਅਰ ਡਰੈਸਰਜ਼, ਚੰਡੀਗੜ੍ਹ ਰੋਡ, ਨਵਾਂ ਸ਼ਹਿਰ - 144514)

# ਤੋਤੇ ਦੀ ਚੁੰਝ

## ਕਰਤਾਰ ਢਿੱਲੋਂ

(ਕਰਤਾਰ ਢਿੱਲੋਂ ਕੈਲੀਫੋਰਨੀਆ ਦੇ ਸਿਮੀ ਵੈਲੀ ਇਲਾਕੇ ਵਿਚ 1915 ਵਿਚ ਜੰਮੀ, ਓਰੇਗਨ ਤੇ ਕੈਲੀਫੋਰਨੀਆ ਵਿਚ ਪਲੀ, ਇਕ ਬੇਹੱਦ ਜਿਗਰੇ ਵਾਲੀ ਔਰਤ ਹੈ। ਉਸਦਾ ਬਾਪ ਪਿਛਲੀ ਸਦੀ ਦੇ ਅਖੀਰਲੇ ਦਹਾਕੇ ਅਮਰੀਕਾ ਆਇਆ ਅਤੇ ਉਸਦੀ ਮਾਂ 1910 ਵਿਚ, ਜੋ ਅਮਰੀਕਾ ਵਿਚ ਆਵਾਸ ਕਰਨ ਵਾਲੀ ਪਹਿਲੀ ਪੰਜਾਬੀ ਔਰਤ ਸੀ। ਕਰਤਾਰ ਢਿੱਲੋਂ ਨੇ ਬਚਪਨ ਵੇਲੇ ਆਪਣੇ ਪਰਿਵਾਰ ਨਾਲ ਘੋਰ ਗਰੀਬੀ ਵਿਚ ਦਿਨ ਕੱਟੇ। ਗਰੀਬੀ ਦੇ ਨਾਲ ਨਾਲ ਉਸਨੂੰ ਇਕ ਨਸਲਵਾਦੀ ਚੁਗਿਰਦੇ, ਅਤੇ ਪੰਜਾਬੀ ਸਭਿਆਚਾਰ ਵਿਚਲੀਆ ਮਰਦ ਪ੍ਰਧਾਨ ਕਦਰਾਂ-ਕੀਮਤਾਂ ਨਾਲ ਵੀ ਲਗਾਤਾਰ ਜਦੋ-ਜਹਿਦ ਕਰਨੀ ਪਈ। ਆਪਣੇ ਬਚਪਨ ਵੇਲੇ ਉਸ ਨੇ ਗਦਰ ਲਹਿਰ ਦਾ ਡੂੰਘਾ ਪ੍ਰਭਾਵ ਕਬੂਲਿਆ ਅਤੇ ਗਦਰ ਲਹਿਰ ਵਿਚ ਸਰਗਰਮ ਇਕ ਪੰਜਾਬੀ ਨਾਲ ਵਿਆਹ ਕਰਵਾ ਲਿਆ। ਪਰ ਉਸ ਸਾਥੀ ਪਾਸੋਂ ਵੀ ਉਸਨੂੰ ਮਰਦ-ਪ੍ਰਧਾਨ ਸਮਾਜ ਵਿਚਲੀਆਂ ਕਦਰਾਂ-ਕੀਮਤਾਂ ਹੀ ਮਿਲੀਆਂ ਅਤੇ ਉਸਨੇ ਆਪਣੇ ਜੀਵਨ ਨੂੰ ਖੁਦ ਸੇਧ ਦੇਣ ਦਾ ਫੈਸਲਾ ਕਰ ਲਿਆ। 'ਤੋਤੇ ਦੀ ਚੁੰਝ' ਵਿਚੋਂ ਉਸਦੇ ਜੀਵਨ ਦੀਆਂ ਕੁਝ ਝਲਕੀਆਂ ਹੀ ਸਾਡੇ ਸਾਹਮਣੇ ਪੇਸ਼ ਹੁੰਦੀਆ ਹਨ ਪਰ ਉਸਦੀ ਕਲਮ ਦਾ ਕਮਾਲ ਇਹ ਹੈ ਕਿ ਇਨ੍ਹਾਂ ਕੁਝ ਝਲਕੀਆਂ ਵਿਚ ਹੀ ਉਸਨੇ ਆਪਣਾ ਸਮੁੱਚਾ ਜੀਵਨ ਸਾਡੇ ਸਾਹਮਣੇ ਰੱਖ ਦਿੱਤਾ ਹੈ। ਅੱਸੀਆਂ ਵਰ੍ਹਿਆਂ ਤੋਂ ਉਪਰ ਦੀ ਉਮਰ ਵਿਚ ਵੀ ਕਰਤਾਰ ਢਿੱਲੋਂ ਵਿਚ ਨੌਜਵਾਨਾਂ ਵਰਗੀ ਸ਼ਕਤੀ ਤੇ ਜੀਣ ਦੀ ਖਾਹਿਸ਼ ਹੈ। ਉਸਨੂੰ ਮਿਲ ਕੇ ਤੁਹਾਨੂੰ ਚਿਰਾਂ ਤੋਂ ਵਿਛੜੇ ਦੋਸਤ ਨੂੰ ਮਿਲਣ ਵਰਗਾ ਆਨੰਦ ਪ੍ਰਾਪਤ ਹੁੰਦਾ ਹੈ। ਕਰਤਾਰ ਢਿੱਲੋਂ ਨੂੰ ਆਪਣੇ ਬੱਚਿਆ ਤੇ ਦੋਹਤੀਆ ਦੋਹਤਿਆਂ, ਪੋਤੀਆ ਪੋਤਿਆਂ ਉਪਰ ਬੜੀ ਖੁਸ਼ੀ ਤੇ ਮਾਣ ਹੈ। ਉਸਦੀ ਇਕ ਦੋਹਤੀ ਐਰਿਕਾ, ਜਿਸ ਨੇ ਫਿਲਮ ਬਣਾਉਣ ਦੇ ਵਿਸ਼ੇ ਵਿਚ ਐਮ. ਏ. ਕੀਤੀ ਹੈ, ਉਸਦੀਆਂ ਯਾਦਾਂ ਦੇ ਆਧਾਰ 'ਤੇ ਇਕ ਫਿਲਮ ਬਣਾ ਰਹੀ ਹੈ। ਜੇ ਕਦੇ ਸਾਡੇ ਸਭਿਆਚਾਰ ਵਿਚ ਆਪਣੇ ਵਿਰਸੇ ਨੂੰ ਸਹੀ ਸੰਦਰਭ ਵਿਚ ਦੇਖਣ, ਮਾਣ ਦੇਣ ਤੇ ਸਾਂਭਣ ਦੀ ਪ੍ਰਥਾ ਹੁੰਦੀ ਤਾਂ ਅਸੀਂ ਕਰਤਾਰ ਢਿੱਲੋਂ ਦੇ ਸੰਘਰਸ਼ਮਈ ਜੀਵਨ ਤੋਂ ਹੁਣ ਤਕ ਇਸ ਕਦਰ ਬੇਖਬਰ ਨਾ ਰਹਿੰਦੇ। - ਅਨੁਵਾਦਕ)

ਮੇਰੀ ਮਾਂ ਨੂੰ ਪੂਰਾ ਯਕੀਨ ਸੀ ਕਿ ਉਹ ਸਰਜਰੀ ਪਿੱਛੋਂ ਬਚੇਗੀ ਨਹੀਂ। ਡਾਕਟਰ ਨੇ ਦੱਸਿਆ ਸੀ ਕਿ ਉਹਨੂੰ ਰਸੌਲੀ ਕਢਾਉਣ ਲਈ ਫਰਿਜ਼ਨੋ ਦੇ ਹਸਪਤਾਲ ਵਿਚ ਜਾਣਾ ਪਵੇਗਾ। ਹਸਪਤਾਲ ਵੜਦਿਆਂ ਜਿਹੜੇ ਪਹਿਲੇ ਡਾਕਟਰ ਉਤੇ ਉਸਦੀ ਨਜ਼ਰ ਪਈ, ਉਹਦੇ ਵੱਲ ਦੇਖ ਉਹਨੂੰ ਆਪਣੇ ਸਾਰੇ ਡਰ ਸੱਚੇ ਹੁੰਦੇ ਜਾਪੇ।

"ਇਹ ਆਦਮੀ ਭਾਰਤੀਆਂ ਨੂੰ ਪਸੰਦ ਨਹੀਂ ਕਰਦਾ", ਉਹਨੇ ਸਾਨੂੰ ਕਿਹਾ। "ਇਹੀ ਹੈ ਜਿਹਨੇ ਲਾਭ ਸਿੰਘ ਨੂੰ ਜਾਣ ਬੁੱਝ ਕੇ ਮਰ ਜਾਣ ਦਿੱਤਾ ਸੀ।"

ਇਸ ਤੋਂ ਪਹਿਲਾਂ ਉਹ ਕਦੀ ਹਸਪਤਾਲ ਦਾਖਲ ਨਹੀਂ ਸੀ ਹੋਈ। ਉਹਦੇ ਅੱਠ ਬੱਚੇ ਘਰ ਵਿਚ ਹੀ ਦਾਈਆਂ ਦੀ ਮਦਦ ਨਾਲ ਪੈਦਾ ਹੋਏ ਸਨ। ਹਸਪਤਾਲ ਵਿਚ ਦਾਖਲ ਹੋਣ ਤੋਂ ਇਕ ਦਿਨ ਪਹਿਲਾਂ ਉਹ ਮੰਜੇ 'ਤੇ ਪਈ ਆਪਣੇ ਬੱਚਿਆਂ ਦੀ ਕਿਸਮਤ ਉਤੇ ਝੂਰ ਰਹੀ ਸੀ। ਉਸ ਵੇਲੇ ਉਹ ਇਕਤਾਲੀ ਵਰ੍ਹਿਆਂ ਦੀ ਸੀ ਤੇ ਉਹਨੂੰ ਵਿਧਵਾ ਹੋਈ ਨੂੰ ਪੰਜ ਸਾਲ ਹੋ ਗਏ ਸਨ। ਸਾਡੇ ਬਾਪ ਦੀ ਮੌਤ ਤੋਂ ਬਾਅਦ ਜੰਮਿਆ ਉਸਦਾ ਸਭ ਤੋਂ ਛੋਟਾ ਪੁੱਤ ਪੰਜਾਂ ਸਾਲਾਂ ਦਾ ਸੀ। ਉਸਦਾ ਜੇਠਾ ਪੁੱਤ ਇੱਕੀਆਂ ਦਾ ਸੀ ਜਿਹੜਾ 1910 ਵਿਚ ਜੰਮਿਆ ਜਦੋਂ ਉਹਨੂੰ ਅਮਰੀਕਾ ਆਈ ਨੂੰ ਅਜੇ ਕੁਝ



ਹਫਤੇ ਹੀ ਹੋਏ ਸਨ। ਉਸਦੇ ਪਤੀ ਨੇ ਆਪਣੇ ਭਾਰਤ ਰਹਿੰਦੇ ਬੇਔਲਾਦੇ ਭਰਾ ਨਾਲ ਇਹ ਵਾਇਦਾ ਕੀਤਾ ਸੀ ਕਿ ਉਹ ਆਪਣਾ ਪਹਿਲਾ ਬੱਚਾ ਉਸਨੂੰ ਦੇ ਦੇਵੇਗਾ। ਇਸ ਕਰਕੇ ਉਨ੍ਹਾਂ ਨੇ ਆਪਦੇ ਜੇਠੇ ਪੁੱਤ ਨੂੰ ਸਿਖਾਇਆ ਕਿ ਉਹ ਉਨ੍ਹਾਂ ਨੂੰ "ਚਾਚਾ" ਅਤੇ "ਚਾਚੀ" ਕਹੇ, ਅਤੇ ਫੇਰ ਰੀਸੋ ਰੀਸੀ ਅਸੀਂ ਬਾਕੀ ਸੱਤਾਂ ਨਿਆਣਿਆਂ ਨੇ ਵੀ ਆਪਣੇ ਮਾਂ ਬਾਪ ਨੂੰ ਹਮੇਸ਼ਾਂ "ਚਾਚਾ" "ਚਾਚੀ" ਕਹਿ ਕੇ ਬੁਲਾਇਆ।

ਮਾਪਿਆਂ ਦੇ ਘਰ ਅਸੀਂ ਤਿੰਨ ਭੈਣਾਂ ਤੇ ਪੰਜ ਭਰਾ ਸਾਂ, ਪਰ ਸਾਡੀ ਮਾਂ ਨੂੰ ਆਪਣੀਆਂ ਧੀਆਂ ਦਾ ਫਿਕਰ ਹੀ ਸਭ ਤੋਂ ਵੱਧ ਰਹਿੰਦਾ। ਅਸੀਂ ਜਦ ਵੀ ਕੁਝ ਅਜਿਹਾ ਕਰਦੀਆਂ ਜੋ ਪੰਜਾਬ ਦੇ ਪਿੰਡਾਂ ਵਿਚ ਕੁੜੀਆਂ ਲਈ ਕਰਨਾ ਯੋਗ ਨਹੀਂ ਸੀ, ਉਹ ਸਾਡੀ ਮਾਂ ਵਾਸਤੇ ਖਤਰੇ ਦੀ ਝੰਡੀ ਹੁੰਦਾ। ਏਥੇ ਤਾਂ ਬਹੁਤੀਆਂ ਗੱਲਾਂ ਪਿੰਡਾਂ ਨਾਲੋਂ ਵੱਖਰੀਆ ਸਨ, ਇਸ ਕਰਕੇ ਮੈਂ ਤਾਂ ਹਮੇਸ਼ਾਂ ਹੀ ਸਮੱਸਿਆ ਵਿਚ ਫਸੀ ਰਹਿੰਦੀ।

ਕਾਫ਼ੀ ਛੋਟੀ ਉਮਰ ਵਿਚ ਹੀ ਮੈਨੂੰ ਲੱਗਣ ਲੱਗ ਪਿਆ ਕਿ ਮੇਰੀ ਮਾਂ ਮੈਨੂੰ ਨਫਰਤ ਕਰਦੀ ਸੀ। ਮੈਨੂੰ ਇਉਂ ਲੱਗਦਾ ਕਿ ਮੈਂ ਜੋ ਕੁਝ ਵੀ ਕਰਦੀ ਜਾਂ ਨਾ ਕਰਦੀ, ਉਹ ਗਲਤ ਸੀ। ਉਹ ਮੈਨੂੰ ਏਨੀਆਂ ਗਾਲ੍ਹਾਂ ਦਿੰਦੀ ਤੇ ਕੁੱਟਦੀ ਮਾਰਦੀ ਕਿ ਜੇ ਉਹਦਾ ਹੱਥ ਮਾੜਾ ਜਿਹਾ ਵੀ ਹਿਲਦਾ ਤਾਂ ਮੈਂ ਡਰ ਨਾਲ ਧੌਣ ਬਚਾਉਣ ਦੌੜਦੀ। ਜਦੋਂ ਮੈਂ ਕਮਰੇ ਵਿਚ ਦਾਖਲ ਹੁੰਦੀ ਤਾਂ ਮੈਂ ਖੂੰਜਿਆਂ 'ਚ ਵੜੀ ਰਹਿੰਦੀ ਤਾਂਕਿ ਉਹਦੇ ਧੱਫਿਆਂ ਦੀ ਪਹੁੰਚ ਤੋਂ ਬਚੀ ਰਹਾਂ।

"ਚੱਲ ਉਠ ਨੀ ਕਲਮੂੰਹੀਏਂ," ਸੁਣਦਿਆਂ ਮੈਂ ਅਕਸਰ ਸਵੇਰੇ ਅੱਖਾਂ ਖੋਲ੍ਹਦੀ। ਤੇ ਸਾਰਾ ਦਿਨ, ਮੈਨੂੰ ਮੇਰੇ ਲੰਮੇ ਕੁਹਜੇ ਨੱਕ ਦਾ ਚੇਤਾ ਕਰਾਉਣ ਲਈ ਉਹ ਕਹਿੰਦੀ ਰਹਿੰਦੀ, "ਨੀ ਤੋਤੇ ਦੀ ਚੁੰਝ ਵਾਲੀਏ"।

ਜਦੋਂ ਮੈਂ ਅਜੇ ਛੇ ਸੱਤ ਸਾਲ ਤੋਂ ਉਤੇ ਨਹੀਂ ਸਾਂ ਹੋਈ ਤਾਂ ਮੈਂ ਕਈ ਵਾਰੀ ਸੋਚਣਾ ਕਿ ਉਹ ਮੈਨੂੰ ਏਨੀ ਨਫਰਤ ਕਿਉਂ ਕਰਦੀ ਸੀ। ਉਸਨੂੰ ਨਵੇਂ ਬੱਚੇ ਨੂੰ ਦੁੱਧ ਚੁੰਘਾਉਂਦਿਆਂ ਦੇਖ ਮੇਰੇ ਮਨ ਵਿਚ ਆਉਣਾ ਕਿ ਜਦੋਂ ਮੈਂ ਉਸਦੇ ਪੇਟ ਵਿਚ ਸਾਂ ਤਾਂ ਉਹ ਕਿਸ ਤਰ੍ਹਾਂ ਮਹਿਸੂਸ ਕਰਦੀ ਹੋਵੇਗੀ?

ਸਾਡੇ ਨਾਲ ਉਹ ਅਕਸਰ ਰੱਬ ਬਾਰੇ ਗੱਲਾਂ ਕਰਦੀ। "ਉਸਨੇ ਮਾਪਿਆਂ ਨੂੰ ਆਪਣੇ ਬੱਚਿਆਂ ਉਪਰ ਰੱਬ ਵਾਂਗ ਬਣਾਇਆ ਹੈ", ਇਕ ਵਾਰੀ ਉਸਨੇ ਸਾਨੂੰ ਸਮਝਾਇਆ। "ਜੇ ਬੱਚੇ ਆਪਣੇ ਮਾਪਿਆਂ ਦਾ ਕਹਿਣਾ ਨਾ ਮੰਨਣ ਤਾਂ ਮਰਨ ਬਾਅਦ ਉਹ ਸਿੱਧੇ ਨਰਕ ਵਿਚ ਜਾਣਗੇ।" ਉਸਦੇ ਦੱਸਣ ਅਨੁਸਾਰ, ਨਰਕ ਇਕ ਅਜਿਹੀ ਥਾਂ ਸੀ ਜਿੱਥੇ ਆਖਾ ਨਾ ਮੰਨਣ ਵਾਲਿਆਂ ਨੂੰ ਦੋ ਕੰਧਾਂ ਵਿਚਾਲਿਓਂ ਲੰਘਣਾ ਪੈਂਦਾ ਹੈ, ਜਿੱਥੇ ਸੂਈ ਲੰਘਣ ਜਿੰਨਾ ਵੀ ਥਾਂ ਨਹੀਂ ਹੁੰਦਾ ਤੇ ਉਹ ਆਪਣੇ ਅੰਗੂਠੇ ਤੇ ਨਾਲ ਦੀ ਉਂਗਲ ਨਾਲ ਸਾਨੂੰ ਉਸ ਥਾਂ ਦੀ ਬਰੀਕੀ ਬਾਰੇ ਦੱਸਦੀ। ਮੇਰੇ ਲਈ ਉਸ ਵੇਲੇ ਆਪਣੀ ਰੂਹ ਬਾਰੇ ਜਾਣ ਸਕਣਾ ਸੰਭਵ ਨਹੀਂ ਸੀ ਤੇ ਮੈਂ ਆਪਣੇ ਸਰੀਰ ਨੂੰ ਉਸ ਨਿੱਕੀ ਜਿਹੀ ਜਗ੍ਹਾ ਵਿਚੋਂ ਦੀ ਲੰਘਾਉਣ ਬਾਰੇ ਸੋਚ ਸੋਚ ਡਰਦੀ ਰਹਿੰਦੀ ਤੇ ਸਹਿਮੀ ਰਹਿੰਦੀ।

ਕਈ ਵਾਰੀ ਜਦੋਂ ਉਹ ਮੇਰੇ 'ਤੇ ਬਹੁਤੀ ਖਿਝੀ ਹੁੰਦੀ, ਤਾਂ ਕਹਿੰਦੀ, "ਰੱਬ ਨੇ ਮੇਰੇ ਕੋਲੋਂ ਕਿਸੇ ਪਿਛਲੇ ਜਨਮ ਦਾ ਬਦਲਾ ਲੈਣ ਲਈ ਤੈਨੂੰ ਮੇਰੇ ਮੱਥੇ ਮੜ੍ਹਿਆ ਹੈ।"

ਮੈਂ ਬਹੁਤਾ ਕਰਕੇ ਦੋਸ਼ੀਆਂ ਵਾਂਗ ਫਿਰਦੀ ਰਹਿੰਦੀ ਪਰ ਮੈਨੂੰ ਕਦੀ ਵੀ ਇਸ ਗੱਲ ਦਾ

ਪਤਾ ਨਾ ਲੱਗਦਾ ਕਿ ਮੈਂ ਗਲਤ ਕੀ ਕੀਤਾ ਹੈ। ਅਖੀਰ ਮੈਂ ਇਸ ਫੈਸਲੇ ਉਤੇ ਪਹੁੰਚੀ ਕਿ ਮੇਰਾ ਕਸੂਰ ਕੁੜੀ ਹੋਣਾ ਸੀ।

ਹਸਪਤਾਲ ਜਾਣ ਤੋਂ ਇਕ ਦਿਨ ਪਹਿਲਾਂ ਉਸ ਨੇ ਮੈਨੂੰ ਆਪਣੇ ਮੰਜੇ ਕੋਲ ਸੱਦਿਆ, ਜਿਵੇਂ ਕੋਈ ਜਗੀਰਦਾਰ ਆਪਣੇ ਮੁਜ਼ਾਰੇ ਨੂੰ ਆਪਦੇ ਕੋਲ ਸੱਦੇ। ਮੈਂ ਝਾੜ ਖਾਣ ਦੀ ਆਸ ਲਈ ਉਸਦੇ ਕਮਰੇ ਵਿਚ ਗਈ। ਏਨਾ ਤਾਂ ਮੈਨੂੰ ਪਤਾ ਸੀ ਕਿ ਉਹ ਮੈਨੂੰ ਮਾਰੇਗੀ ਨਹੀਂ, ਕਿਉਂਕਿ ਮੈਂ ਹੁਣ ਵੱਡੀ ਹੋ ਗਈ ਸਾਂ - ਉਸ ਵੇਲੇ ਮੈਂ ਸੋਲ੍ਹਾਂ ਦੀ ਸਾਂ - ਤੇ ਉਸ ਨੇ ਮੈਨੂੰ ਇਹ ਕਹਿ ਕੇ ਜਿਸਮਾਨੀ ਸਜ਼ਾ ਦੇਣੀ ਛੱਡ ਦਿੱਤੀ ਸੀ ਕਿ "ਹੁਣ ਤੂੰ ਕੁੱਟ ਖਾਣ ਦੀ ਉਮਰ ਦੀ ਨਹੀਂ ਰਹੀ। ਮੈਂ ਤਾਂ ਹੁਣ ਤੇਰੇ ਕੋਲੋਂ ਏਹੀ ਆਸ ਰੱਖਦੀ ਆਂ ਕਿ ਖਬਰੇ ਤੇਰੇ ਸਿਰ 'ਚ ਕੋਈ ਗੱਲ ਪੈ ਜਾਵੇ।" ਅਸਲੀਅਤ ਇਹ ਸੀ ਕਿ ਮੈਂ ਆਪਣੀ ਮਾਂ ਨਾਲੋਂ ਵੀ ਗਿੱਠ ਭਰ ਉਚੀ ਹੋ ਗਈ ਸਾਂ; ਮੈਂ ਕੱਦ-ਕਾਠ 'ਚ ਬਹੁਤ ਵੱਡੀ ਸਾਂ।

ਇਹ ਗੱਲ ਤਾਂ ਮੈਂ ਦੇਰ ਪਹਿਲਾਂ ਸਿੱਖ ਲਈ ਸੀ ਕਿ ਜਦੋਂ ਉਹ ਮੈਨੂੰ ਕਿਸੇ ਗੱਲੇ ਝਾੜ ਪਾਵੇ ਤਾਂ ਉਸ ਅੱਗੇ ਬੋਲਣਾ ਨਹੀਂ। ਜੇ ਮੈਂ ਕਦੇ ਵੀ ਆਪਣੇ 'ਤੇ ਅਕਾਰਣ ਲੱਗੀ ਊਂਜ 'ਤੇ ਬੋਲਣ ਦਾ ਹੀਆ ਕਰਦੀ ਤਾਂ ਉਹ ਮੇਰੇ ਉਤੇ ਵਰ੍ਹਦੀ, "ਆਪਣੇ ਵੱਡਿਆਂ ਅੱਗੇ ਨਹੀਂ ਬੋਲੀਦਾ।"

ਪਹਿਲਾਂ ਪਹਿਲਾਂ ਤਾਂ ਉਸਦੇ ਹੁਕਮ ਕਰਕੇ ਨਾ ਬੋਲਦੀ; ਪਿੱਛੋਂ ਮੈਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਨਾ ਬੋਲਣਾ ਵੀ ਇਕ ਆਪਣੀ ਤਰ੍ਹਾਂ ਦੀ ਵਿਰੋਧਤਾ ਸੀ। ਜਦੋਂ ਉਹ ਮੇਰੇ 'ਤੇ ਸਵਾਲ ਵੀ ਕਰ ਰਹੀ ਹੁੰਦੀ ਤਾਂ ਮੇਰਾ ਉਸ ਅੱਗੇ ਗੂੰਗੀ ਬਣ ਕੇ ਖੜ੍ਹੀ ਰਹਿਣਾ ਉਸਦੇ ਗੁੱਸੇ ਤੇ ਨਿਰਾਸਤਾ ਵਿਚ ਹੋਰ ਵੀ ਵਾਧਾ ਕਰ ਦਿੰਦਾ।

ਉਸ ਦਿਨ ਮੈਂ ਉਸ ਦੇ ਕਮਰੇ ਵਿਚ ਗਈ, ਉੱਚੀ ਲਮਢੀਂਗ ਜਿਹੀ, ਥੱਲੇ ਨੂੰ ਸਿਰ ਸੁੱਟੀ, ਗਾਲ੍ਹਾਂ ਦੀ ਬੁਛਾੜ ਦੀ ਉਡੀਕ ਵਿਚ। ਪਰ ਅਜਿਹਾ ਕੁਝ ਵੀ ਨਾ ਹੋਇਆ। ਸਗੋਂ ਉਸ ਨੇ ਕਿਹਾ, "ਤੈਨੂੰ ਪਤਾ ਈ ਹੋਣਾ ਕਿ ਮੈਨੂੰ ਹਸਪਤਾਲ 'ਚੋਂ ਜੀਂਦੀ ਮੁੜ ਆਉਣ ਦੀ ਆਸ ਨਹੀਂ। ਹੁਣ ਤੂੰ ਕੱਲ੍ਹੀ ਰਹਿ ਜਾਏਂਗੀ, ਤੈਨੂੰ ਰਾਹ ਦਰਸਾਉਣ ਲਈ ਨਾ ਤੇਰਾ ਬਾਪ ਤੇ ਨਾ ਤੇਰੀ ਮਾਂ ਰਹੇਗੀ।" ਉਹਨੇ ਪਹਿਲਾਂ ਕਦੀ ਵੀ ਮੇਰੇ ਨਾਲ ਇਸ ਤਰ੍ਹਾਂ ਭਰੋਸੇ ਵਾਲੀ ਗੱਲ ਨਹੀਂ ਸੀ ਕੀਤੀ। ਮੇਰੇ ਮਨ ਵਿਚ ਇਕ ਦਮ ਉਸ ਲਈ ਤਰਸ ਦੀ ਭਾਵਨਾ ਜਾਗੀ - ਮੇਰੇ ਅੱਗੇ ਸੁੱਕ ਕੇ ਕਾਨਾ ਹੋਇਆ ਇਹ ਸਰੀਰ, ਜਿਸ ਵਿਚੋਂ ਮੈਂ ਪੈਦਾ ਹੋਈ ਸਾਂ - ਤੇ ਮੈਂ ਹਮੇਸ਼ਾਂ ਨਾਲੋਂ ਵੱਧ ਆਪਣੇ ਆਪ ਨੂੰ ਕਸੂਰਵਾਰ ਮਹਿਸੂਸ ਕੀਤਾ। ਦੋ ਦਿਨ ਪਹਿਲਾਂ ਹੀ ਉਸ ਨੇ ਮਰਸਿਡ ਦੇ ਇਕ ਡਾਕਟਰ ਤੋਂ, ਮੁਰਗੇ, ਆਂਡੇ ਤੇ ਸਬਜ਼ੀਆਂ ਦੇ ਕੇ, ਇਸ ਗੱਲ ਦਾ ਪਤਾ ਲਗਾਇਆ ਸੀ ਕਿ ਉਸਦੀ ਰਸੌਲੀ, ਜਿਹੜੀ ਖਰਬੂਜੇ ਜਿੱਡੀ ਹੋ ਗਈ ਸੀ, ਹੁਣ ਉਪਰੇਸ਼ਨ ਨਾਲ ਹੀ ਕੱਢੀ ਜਾ ਸਕੇਗੀ।

"ਤੇਰਾ ਬਾਪੂ ਦੁਨੀਆਂ ਤੋਂ ਜਾਣ ਤੋਂ ਪਹਿਲਾਂ ਤੇਰੇ ਤੇ ਤੇਰੀਆਂ ਭੈਣਾਂ ਦੇ ਹੱਥ ਪੀਲੇ ਕਰਨਾ ਚਾਹੁੰਦਾ ਸੀ", ਉਹਨੇ ਗੱਲ ਨੂੰ ਜਾਰੀ ਰੱਖਦਿਆਂ ਕਿਹਾ, "ਪਰ ਮੈਂ ਪੱਕਾ ਜਵਾਬ ਦੇ ਦਿੱਤਾ। ਮੈਂ ਉਹਨੂੰ ਕਿਹਾ, ਅਸੀਂ ਇਸ ਮੁਲਕ ਵਿਚ ਆਏ ਸੀ ਕਿ ਆਪਣੇ ਬੱਚਿਆਂ ਨੂੰ ਪੜ੍ਹਾ ਲਿਖਾ ਸਕੀਏ। ਇਨ੍ਹਾਂ ਵਿਚਾਰੀਆਂ ਨੂੰ ਇਸ ਗੱਲ ਦਾ ਕੀ ਫਾਇਦਾ ਹੋਊਗਾ ਜੇ ਆਪਾਂ ਇਨ੍ਹਾਂ ਦੇ ਵਿਆਹ ਉਨ੍ਹਾਂ ਬੰਦਿਆਂ ਨਾਲ ਕਰ ਦੇਈਏ ਜਿਹਨਾਂ ਨੂੰ ਇਹ ਜਾਣਦੀਆਂ ਵੀ ਨਹੀਂ ਤੇ ਖਬਰੇ ਉਨ੍ਹਾਂ ਨੂੰ ਪਸੰਦ ਵੀ ਨਾ ਕਰਨ?' ਤੈਨੂੰ ਪਤੈ, ਤੂੰ ਅਜੇ ਮਸੀਂ ਗਿਆਰਾਂ ਦੀ ਸੀ ਜਦੋਂ ਉਹ ਪੂਰਾ ਹੋਇਆ।"



"ਹਾਂ, ਹਾਂ ਚਾਚੀ", ਮੇਰਾ ਦਿਲ ਉਹਦੇ ਕੋਲ ਭੁੱਬਾਂ ਮਾਰ ਕੇ ਰੋਣ ਨੂੰ ਕਰਦਾ ਸੀ, "ਮੈਨੂੰ ਪਤਾ। ਮੈਨੂੰ ਪਤਾ। ਮੈਨੂੰ ਪੂਰਾ ਪਤਾ ਆ। ਪਰ ਮੈਂ ਤਾਂ ਸੋਚਦੀ ਸੀ ਕਿ ਉਹ ਹੀ ਸੀ ਜਿਹੜਾ ਮੇਰਾ ਖਿਆਲ ਰੱਖਦਾ ਸੀ; ਉਹੀ ਸੀ ਜਿਹੜਾ ਮੇਰੇ 'ਤੇ ਦਿਆਲੂ ਸੀ। ਜਦੋਂ ਤੂੰ ਮੈਨੂੰ ਕੁੱਟਦੀ ਤਾਂ ਉਹ ਹੀ ਬਚਾਉਂਦਾ ਸੀ, ਤੇ ਜਦੋਂ ਤੂੰ ਮੇਰੇ ਵਿਚ ਨੁਕਸ ਕੱਢਦੀ ਤਾਂ ਉਹ ਕਹਿੰਦਾ ਕਿ ਸਿਆਣੀ ਹੋ ਕੇ ਇਹਨੂੰ ਸਭ ਸਮਝ ਆ ਜਾਣੀ ਆਂ। ਤੇ ਤੇਰਾ ਜਵਾਬ ਹੁੰਦਾ ਸੀ ਕਿ ਇਹਦੇ ਸਿਰ 'ਚ ਕਿੱਥੇ ਅਕਲ ਵੜਨੀ ਆਂ। ਪਰ ਸਭ ਕਾਸੇ ਦੇ ਬਾਵਜੂਦ ਇਹ ਤੂੰ ਹੀ ਸੀ, ਚਾਚੀ, ਜਿਸ ਨੇ ਮੈਨੂੰ ਉਸ ਬੰਧਨ ਤੋਂ ਬਚਾਇਆ ਜਿਸ ਨੂੰ ਮੈਂ ਸਾਰੀ ਉਮਰ ਨਫਰਤ ਕਰਨੀ ਸੀ।" ਮੈਂ ਉਸ ਵੱਲ ਸ਼ੁਕਰਾਨੇ ਦੇ ਸ਼ਬਦ ਢੇਰੀ ਕਰਨਾ ਚਾਹੁੰਦੀ ਸਾਂ, ਮੈਂ ਉਸਨੂੰ ਦਿਲਾਸਾ ਦੇਣਾ ਚਾਹੁੰਦੀ ਸਾਂ, ਪਰ ਮੈਂ ਏਨੀ ਉਲਝੀ ਹੋਈ ਸਾਂ ਕਿ ਮੈਂ ਕੁਝ ਵੀ ਨਾ ਕਹਿ ਸਕੀ, ਬਸ ਚੁੱਪ ਖੜ੍ਹੀ ਰਹੀ।

"ਤੂੰ ਜਿਹਦੇ ਨਾਲ ਤੇਰਾ ਜੀਅ ਕਰੇ ਉਸੇ ਨਾਲ ਵਿਆਹ ਕਰਾਈਂ", ਉਹ ਕਹਿੰਦੀ ਗਈ, "ਪਰ ਮੇਰਾ ਫਰਜ਼ ਹੈ ਤੈਨੂੰ ਦੱਸਣਾ ਕਿ ਵਿਆਹੁਤਾ ਜੀਵਨ ਵਿਚ ਕਿਸ ਤਰ੍ਹਾਂ ਵਰਤਣਾ ਵਰਤਾਉਣਾ ਹੈ।"

"ਤੈਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਤੀਵੀਂ ਆਦਮੀ ਦੀ ਸਹਾਇਕ ਹੁੰਦੀ ਹੈ, ਉਸਤੋਂ ਥੱਲੇ ਹੁੰਦੀ ਹੈ। ਜਦੋਂ ਉਹ ਬੱਚੀ ਹੁੰਦੀ ਹੈ ਤਾਂ ਆਪਣੇ ਬਾਪ ਦੀ ਆਗਿਆ ਵਿਚ ਰਹਿੰਦੀ ਹੈ; ਜੇ ਬਾਪ ਗੁਜ਼ਰ ਜਾਵੇ ਤਾਂ ਉਸਨੂੰ ਆਪਣੇ ਵੱਡੇ ਭਰਾ ਦੀ ਆਗਿਆ ਵਿਚ ਰਹਿਣਾ ਚਾਹੀਦਾ ਹੈ।"

"ਜਦੋਂ ਔਰਤ ਦਾ ਵਿਆਹ ਹੋ ਜਾਂਦਾ ਹੈ ਤਾਂ ਉਸਦਾ ਪਤੀ ਉਸਦਾ ਮਾਲਕ ਹੁੰਦਾ ਹੈ।"

"ਜੇ ਉਹ ਵਿਧਵਾ ਹੋ ਜਾਵੇ ਤਾਂ ਉਸਨੂੰ ਆਪਣੇ ਪੁੱਤਾਂ ਦੇ ਕਹਿਣੇ ਵਿਚ ਰਹਿਣਾ ਚਾਹੀਦਾ ਹੈ।"

ਇਹ ਵਰ੍ਹਾ 1932 ਸੀ। ਮੇਰੀ ਮਾਂ ਉਪਰੇਸ਼ਨ ਤੋਂ ਕੁਝ ਦਿਨ ਬਾਅਦ ਹਸਪਤਾਲ ਵਿਚ ਹੀ ਗੁਜ਼ਰ ਗਈ। ਉਸਦਾ ਸਭ ਤੋਂ ਛੋਟਾ ਬੱਚਾ, ਮੇਰਾ ਭਰਾ, ਅਜੇ ਸਕੂਲ ਜਾਣ ਦੀ ਉਮਰ ਦਾ ਨਹੀਂ ਸੀ, ਇਸ ਕਰਕੇ ਮੇਰੀ ਪੜ੍ਹਾਈ ਖਤਮ ਹੋਣ ਤਕ ਅਸੀਂ ਉਸਨੂੰ ਆਪਣੇ ਨਾਲ ਹੀ ਹਾਈ ਸਕੂਲ ਲੈ ਜਾਂਦੇ।

ਮੈਂ ਇਕ ਕਲਾਕਾਰ ਬਣਨ ਦੇ ਸੁਪਨੇ ਲਿਆ ਕਰਦੀ ਸਾਂ; ਮੈਂ ਬਰਤਾਨੀਆਂ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਵਾਸਤੇ ਸਰਗਰਮੀ ਨਾਲ ਕੰਮ ਕਰਨਾ ਚਾਹੁੰਦੀ ਸਾਂ। ਮੇਰੀਆਂ ਨਜ਼ਰਾਂ ਵਿਚ ਵਿਆਹ ਇਕ ਤਰ੍ਹਾਂ ਦੀ ਕੈਦ ਸੀ। ਵਿਆਹ ਦੇ ਖਿਆਲ ਤਕ ਨੂੰ ਨਫਰਤ ਕਰਨ ਦੇ ਬਾਵਜੂਦ, ਉਸੇ ਸਾਲ, ਹਾਈ ਸਕੂਲ ਖਤਮ ਕਰਦਿਆਂ ਹੀ, ਮੈਂ ਵਿਆਹ ਕਰਾ ਲਿਆ।

ਮੇਰੇ ਵੱਡੇ ਭਰਾ ਨੇ ਪਹਿਲਾਂ ਹੀ ਸਕੀਮ ਬਣਾਈ ਹੋਈ ਸੀ ਕਿ ਉਹ ਮੈਨੂੰ "ਠੀਕ ਬੰਦੇ" ਨਾਲ ਵਿਆਹੁਣ ਵਾਸਤੇ ਭਾਰਤ ਭੇਜ ਦੇਵੇਗਾ। ਪਰ ਜਿਹੜੇ ਬੰਦੇ ਨਾਲ ਮੈਂ ਵਿਆਹ ਕਰਵਾਇਆ ਉਹ ਸਿਆਸਤ ਵਿਚ ਸਰਗਰਮ ਸੀ, ਭਾਰਤ ਦਾ ਜੰਮਿਆ ਪਲਿਆ ਸੀ। ਉਹਨੇ ਮੈਨੂੰ ਚੇਤਾਵਨੀ ਦਿੱਤੀ, "ਭਾਰਤ ਵਿਚ ਤੇਰੇ ਕੋਲ ਕੋਈ ਹੱਕ ਨਹੀਂ ਹੋਣਗੇ। ਤੇਰਾ ਭਰਾ ਆਪਣੀ ਮਰਜ਼ੀ ਦੇ ਕਿਸੇ ਵੀ ਬੰਦੇ ਨਾਲ ਤੇਰਾ ਵਿਆਹ ਕਰ ਦੇਵੇਗਾ। ਮੇਰੇ ਨਾਲ ਵਿਆਹ ਕਰਵਾ ਲੈ ਫੇਰ ਉਹਦਾ ਤੇਰੇ 'ਤੇ ਕੋਈ ਅਧਿਕਾਰ ਨਹੀਂ ਰਹੇਗਾ।"

ਮੈਂ ਇਸ ਆਦਮੀ ਨੂੰ ਦੇਵਤਾ ਸਰੂਪ ਸਮਝਦੀ ਸਾਂ। ਮੈਂ ਸ਼ੁਰੂ ਤੋਂ ਹੀ ਉਸਦੇ ਅੱਗ ਵਰ੍ਹਾਉਂਦੇ ਭਾਸ਼ਣਾਂ ਤੋਂ ਕੀਲੀ ਗਈ ਸਾਂ ਜਿਹੜੇ ਉਹ ਗ਼ਦਰ ਪਾਰਟੀ ਦੀਆਂ ਮੀਟਿੰਗਾਂ ਵਿਚ ਕਰਦਾ ਹੁੰਦਾ ਸੀ। ਉਹਨੇ ਪਹਿਲਾਂ ਹੀ ਕੈਲੇਫੋਰਨੀਆਂ ਯੂਨੀਵਰਸਿਟੀ ਬਰਕਲੇ ਤੋਂ ਪੁਲੀਟੀਕਲ ਸਾਇੰਸ ਦੀ ਡਿਗਰੀ ਹਾਸਲ ਕੀਤੀ ਹੋਈ ਸੀ।

"ਪਰ ਮੈਂ ਤਾਂ ਯੂਨੀਵਰਸਿਟੀ ਜਾਣਾ ਚਾਹੁੰਦੀ ਹਾਂ", ਮੈਂ ਕਿਹਾ।

"ਤੂੰ ਦੋਵੇਂ ਗੱਲਾਂ ਕਰ ਸਕਦੀ ਏਂ", ਉਹਨੇ ਜ਼ੋਰ ਪਾਇਆ, "ਮੈਂ ਕਰਾਂਗਾ।" ਅਸੀਂ ਵਿਆਹ ਚੋਰੀਂ ਕਰਾਇਆ ਤਾਂਕਿ ਮੈਂ ਆਪਣੇ ਛੋਟੇ ਭੈਣ-ਭਰਾਵਾਂ ਦੀ ਦੇਖ-ਭਾਲ ਕਰਦੀ ਰਹਿ ਸਕਾਂ। ਪਰ ਮੇਰੇ ਕੋਲੋਂ ਇਹ ਭੇਦ ਬਹੁਤੀ ਦੇਰ ਛੁਪਾ ਨਾ ਹੋਇਆ, ਮੈਨੂੰ ਛੇਤੀ ਹੀ ਸਵੇਰ ਨੂੰ ਕੈਆਂ ਆਉਣੀਆਂ ਸ਼ੁਰੂ ਹੋ ਗਈਆਂ ਤੇ ਮੈਨੂੰ ਭੱਜ ਕੇ ਘਰੋਂ ਬਾਹਰ ਝਾੜੀਆਂ ਦੇ ਪਿੱਛੇ ਉਲਟੀ ਕਰਨ ਜਾਣਾ ਪੈਂਦਾ। "ਕੋਈ ਬੱਚੇ ਨਹੀਂ ਹੋਣੇ ਚਾਹੀਦੇ", ਮੈਂ ਆਪਣੇ ਪਤੀ ਨੂੰ ਕਿਹਾ ਸੀ। "ਸਿਆਸੀ ਸਰਗਰਮੀ ਤੇ ਬੱਚਿਆਂ ਦਾ ਕੋਈ ਮੇਲ ਨਹੀਂ।" ਭਾਵੇਂ ਉਹ ਮੇਰੇ ਨਾਲ ਸਹਿਮਤ ਤਾਂ ਸੀ ਪਰ ਫੇਰ ਵੀ ਮੈਂ ਹਾਮਲਾ ਹੋ ਗਈ।

ਜਦੋਂ ਮੇਰੇ ਵੱਡੇ ਭਰਾ ਨੂੰ ਇਸ ਗੱਲ ਦਾ ਪਤਾ ਲੱਗਾ ਉਸਨੇ ਗੁੱਸੇ ਵਿਚ ਮੈਨੂੰ ਘਰੋਂ ਕੱਢ ਦਿੱਤਾ।

"ਜਾਹ, ਜਾ ਕੇ ਆਪਣੇ ਖਸਮ ਦੀਆਂ ਰੋਟੀਆਂ ਖਾਹ", ਉਹਨੇ ਕਿਹਾ। ਉਂਜ ਭਾਵੇਂ ਉਹ ਪਹਿਲਾਂ ਲੋਕਾਂ ਕੋਲ ਇਸ ਗੱਲ ਦੀਆਂ ਸ਼ੇਖੀਆਂ ਮਾਰਦਾ ਰਹਿੰਦਾ ਸੀ ਕਿ ਮੈਂ ਆਪਣੇ ਟੱਬਰ ਲਈ ਕਿੰਨਾ ਟੁੱਟ ਟੁੱਟ ਕੇ ਮਰਦੀ ਸਾਂ। "ਇਹਨੂੰ ਦੋ ਖਾਲੀ ਭਾਂਡੇ ਦੇ ਦੇਵੋ", ਉਹ ਕਹਿੰਦਾ, "ਤੇ ਇਹ ਸਾਰੇ ਟੱਬਰ ਵਾਸਤੇ ਨਿਹਾਇਤ ਹੀ ਸੁਆਦੀ ਖਾਣਾ ਤਿਆਰ ਕਰ ਸਕਦੀ ਹੈ।"

ਮੈਂ ਸਭ ਤੋਂ ਛੋਟੇ ਦੋ ਬੱਚਿਆਂ ਨੂੰ ਆਪਣੇ ਨਾਲ ਲੈ ਕੇ ਜਾਣਾ ਚਾਹੁੰਦੀ ਸਾਂ ਪਰ ਮੇਰੇ ਵੱਡੇ ਤੋਂ ਛੋਟੇ ਭਰਾ ਨੇ ਕਿਹਾ, "ਤੈਨੂੰ ਤਾਂ ਵਿਆਹੀ ਜ਼ਿੰਦਗੀ ਦੀਆਂ ਆਪਣੀਆਂ ਬਥੇਰੀਆਂ ਮੁਸ਼ਕਲਾਂ ਹੋਣਗੀਆਂ।" ਇਕ ਮਹੀਨੇ ਬਾਅਦ, ਛੋਟੇ ਚਾਰੇ ਬੱਚਿਆਂ ਨੂੰ ਮੇਰੇ ਤੇ ਮੇਰੇ ਪਤੀ ਕੋਲ ਛੱਡ ਦਿੱਤਾ ਗਿਆ - ਉਨ੍ਹਾਂ ਵਿਚੋਂ ਇਕ ਨੇ ਦੁਰਘਟਨਾ - ਵੱਸ ਘਰ ਨੂੰ ਅੱਗ ਲਾ ਕੇ ਸੁਆਹ ਕਰ ਦਿੱਤਾ ਸੀ।

ਟੱਬਰ ਦੀ ਦੇਖ ਭਾਲ ਕਰਨੀ ਮੇਰੇ ਲਈ ਕੋਈ ਨਵੀਂ ਗੱਲ ਨਹੀਂ ਸੀ। ਜਦੋਂ ਅਸੀਂ ਅਜੇ ਸੱਤ ਅੱਠ ਸਾਲ ਦੀਆਂ ਸੀ ਤਾਂ ਸਾਡੀ ਮਾਂ ਮੇਰੀ ਤੇ ਮੇਰੀ ਭੈਣ ਦੀ ਰੋਜ਼ ਇਕ ਇਕ ਨਿਆਣਾ ਸਾਂਭਣ ਦੀ ਜ਼ੁੰਮੇਵਾਰੀ ਲਾ ਦਿੰਦੀ। ਮੈਂ ਬਾਰਾਂ ਦੀ ਸਾਂ ਤਾਂ ਸਾਰੇ ਟੱਬਰ ਦੇ ਕੱਪੜੇ ਹੱਥਾਂ ਨਾਲ ਧੋਂਦੀ ਅਤੇ ਮੈਂ ਤੇ ਮੇਰੀ ਭੈਣ ਵਾਰੀ ਸਿਰ ਖਾਣਾ ਬਣਾਉਂਦੀਆਂ। ਜਦੋਂ ਤਕ ਮੈਂ ਹਾਈ ਸਕੂਲ ਜਾਣ ਲੱਗੀ ਤਾਂ ਹਰ ਸਵੇਰ 30 ਗਾਈਆਂ ਚੋਣ ਦਾ ਕੰਮ ਵੀ ਮੇਰੀਆਂ ਹੋਰ ਜ਼ੁੰਮੇਵਾਰੀਆਂ ਦੇ ਨਾਲ ਰਲਾ ਦਿੱਤਾ ਗਿਆ।

ਮੈਂ ਜਦੋਂ ਆਪਣੇ ਗਰਭ ਦੇ ਅੱਠਵੇਂ ਮਹੀਨੇ ਵਿਚ ਸਾਂ ਤਾਂ ਕਿਸੇ ਕਿਸਮ ਦੀ ਕੋਈ ਡਾਕਟਰੀ ਸਹਾਇਤਾ ਨਹੀਂ ਸੀ ਮਿਲ ਰਹੀ। ਜਿਸ ਇਲਾਕੇ ਵਿਚ ਮੇਰਾ ਪਤੀ ਹਿੱਸੇ 'ਤੇ ਜ਼ਮੀਨ ਲੈ ਕੇ ਖੇਤੀ ਕਰਦਾ ਸੀ ਉਥੇ ਦੀਆਂ ਕਲਿਨਕਾਂ ਨੇ ਮੈਨੂੰ ਜਵਾਬ ਦੇ ਦਿੱਤਾ ਕਿਉਂਕਿ ਮੈਨੂੰ ਉਸ ਕਾਊਂਟੀ ਵਿਚ ਰਹਿੰਦਿਆਂ ਅਜੇ ਪੂਰਾ ਸਾਲ ਨਹੀਂ ਸੀ ਹੋਇਆ। ਸੋ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਦੀ ਆਸ ਵਿਚ ਮੈਂ ਤੇ ਮੇਰੇ ਸਾਰੇ ਭੈਣ ਭਰਾ ਮੁੜ ਕੇ ਪਹਿਲੇ ਫਾਰਮ 'ਤੇ ਚਲੇ ਗਏ, ਜਿੱਥੇ ਮੇਰਾ ਭਰਾ ਹਿੱਸੇ 'ਤੇ ਖੇਤੀ ਕਰਦਾ ਸੀ। ਅਸੀਂ ਖੁੱਲ੍ਹੇ ਅਸਮਾਨ ਥੱਲੇ ਸੌਂਗੀ ਦਿਆਂ ਬਕਸਿਆਂ 'ਤੇ ਸੌਂਦੇ ਅਤੇ ਧਰਤੀ



ਵਿਚ ਪੁੱਟੇ ਛੋਟੇ ਜਿਹੇ ਟੋਏ ਵਿਚ ਲੱਕੜੀਆਂ ਬਾਲ ਕੇ ਮੈਂ ਸਭ ਲਈ ਖਾਣਾ ਬਣਾਉਂਦੀ।

ਸਾਡੀ ਇਕ ਪਰਿਵਾਰਕ ਦੋਸਤ ਨੂੰ ਇਹ ਜਾਣ ਕੇ ਬੜਾ ਸਦਮਾ ਲੱਗਾ ਕਿ ਮੈਨੂੰ ਡਾਕਟਰੀ ਸਹਾਇਤਾ ਨਹੀਂ ਸੀ ਮਿਲ ਰਹੀ ਅਤੇ ਉਹ ਮੈਨੂੰ ਉਸੇ ਕਾਊਂਟੀ ਹਸਪਤਾਲ ਦੇ ਡਾਇਰੈਕਟਰ ਕੋਲ ਲੈ ਗਈ ਜਿੱਥੇ ਮੇਰੀ ਮਾਂ ਦੀ ਮੌਤ ਹੋਈ ਸੀ। ਉਸ ਨੇ ਵੀ ਮੈਨੂੰ ਇਹ ਕਹਿੰਦਿਆਂ ਜਵਾਬ ਦੇ ਦਿੱਤਾ, "ਜੇ ਇਨ੍ਹਾਂ ਲੋਕਾਂ ਕੋਲ ਖੇਤੀ ਕਰਨ ਜੋਗੇ ਪੈਸੇ ਹਨ ਤਾਂ ਇਹ ਡਾਕਟਰੀ ਸਹਾਇਤਾ ਦੇ ਪੈਸੇ ਵੀ ਦੇ ਸਕਦੇ ਹਨ। ਮੇਰੀ ਦੋਸਤ ਨੇ ਉਸਨੂੰ ਕਿਹਾ, ਕਿ ਸਾਡੇ ਕੋਲ ਤਾਂ ਕੋਈ ਵੀ ਪੈਸਾ ਨਹੀਂ ਸੀ ਤੇ ਅਸੀਂ ਤਾਂ ਸਾਰਿਆਂ ਬੱਚਿਆਂ ਲਈ ਦੁੱਧ ਵੀ ਨਹੀਂ ਸੀ ਖਰੀਦ ਸਕਦੇ।"ਉਹ ਦਿਹਾੜੀ ਵਿਚ ਸਿਰਫ ਪਾਈਆ ਦੁੱਧ ਖਰੀਦਦੇ ਹਨ ਅਤੇ ਹਰ ਦੂਜੇ ਦਿਨ ਇਕ ਕੱਪ ਦੁੱਧ ਦਾ ਵਾਰੀ ਸਿਰ ਪੀਂਦੇ ਹਨ।" ਉਸਨੇ ਡਾਇਰੈਕਟਰ ਨੂੰ ਦੱਸਿਆ ਕਿ ਕੈਲਸ਼ੀਅਮ ਦੀ ਕਮੀ ਕਾਰਨ ਮੇਰੇ ਦੰਦ ਭੁਰਨੇ ਸ਼ੁਰੂ ਹੋ ਗਏ ਸਨ ਪਰ ਉਹ ਨਾ ਮੰਨੀ।

ਮੇਰੀ ਦੋਸਤ ਨੇ ਕਿਹਾ ਕਿ "ਇਹ ਬੱਚੇ ਨੂੰ ਸੜਕ 'ਤੇ ਕਿਸ ਤਰ੍ਹਾਂ ਜਨਮ ਦੇ ਦੇਵੇ?"

ਹਸਪਤਾਲ ਦੀ ਅਧਿਕਾਰਨ ਨੇ ਮੇਰੀ ਦੋਸਤ ਵੱਲ ਸਖਤੀ ਨਾਲ ਦੇਖਦਿਆਂ ਕਿਹਾ, "ਤਾਂ ਫੇਰ ਇਹ ਲੋਕ ਬੱਚੇ ਜੰਮਦੇ ਹੀ ਕਿਉਂ ਹਨ?"

ਜਿਉਂ ਹੀ ਅਸੀਂ ਹਸਪਤਾਲ ਵਿਚੋਂ ਨਿਕਲਣ ਲੱਗੇ ਤਾਂ ਇਕ ਨਰਸ ਜਿਹੜੀ ਉਸ ਵੇਲੇ ਉਸ ਕਮਰੇ ਵਿਚ ਹੀ ਸੀ, ਸਾਡੇ ਕੋਲ ਆਈ ਤੇ ਸਾਨੂੰ ਹੌਲੀ ਦੇਣੀ ਕਹਿਣ ਲੱਗੀ, "ਹਸਪਤਾਲ ਵਾਲੇ ਤੁਹਾਨੂੰ ਐਮਰਜੈਂਸੀ ਵਿਚ ਵਾਪਸ ਨਹੀਂ ਮੋੜ ਸਕਦੇ। ਜਦੋਂ ਤੈਨੂੰ ਪ੍ਰਸੂਤ ਦੀਆਂ ਪੀੜਾਂ ਸ਼ੁਰੂ ਹੋਣ ਉਦੋਂ ਆ ਜਾਈਂ।"

ਅਤੇ ਮੈਂ ਇਸੇ ਤਰ੍ਹਾਂ ਹੀ ਕੀਤਾ। ਮੈਨੂੰ ਇਹ ਜਾਣ ਕੇ ਬੇਹੱਦ ਖੁਸ਼ੀ ਹੋਈ ਕਿ ਮੇਰੇ ਲੜਕੀ ਨੇ ਜਨਮ ਲਿਆ ਸੀ। ਮੈਂ ਦਵਾਈਆਂ ਦੇ ਅਸਰ ਕਰਕੇ ਬੇਸੁਰਤੀ ਜਿਹੀ ਦੀ ਹਾਲਤ ਵਿਚ ਸਾਂ। ਇਸ ਕਰਕੇ ਮੈਂ ਤਿੰਨ ਵਾਰੀ ਪੁੱਛਿਆ ਤਾਕਿ ਪੱਕ ਕਰ ਲਵਾਂ ਕਿ ਮੈਂ ਠੀਕ ਹੀ ਸੁਣਿਆ ਸੀ। ਸੁਣਿਆ ਮੈਂ ਠੀਕ ਹੀ ਸੀ। ਮੈਨੂੰ ਇਸ ਗੱਲ ਦੀ ਇਨਤਹਾ ਖੁਸ਼ੀ ਸੀ ਕਿ ਉਹ ਕੁੜੀ ਸੀ, ਕਿਉਂਕਿ ਮੈਂ ਇਹ ਸਾਰੀ ਦੁਨੀਆਂ ਨੂੰ ਦਿਖਾ ਦੇਣਾ ਚਾਹੁੰਦੀ ਸਾਂ ਕਿ ਉਹ ਕਿਸੇ ਵੀ ਮੁੰਡੇ ਦੇ ਬਰਾਬਰ ਹੋ ਸਕਦੀ ਸੀ। ਇਸ ਤੋਂ ਵੀ ਵੱਧ ਮੈਂ ਕੁੜੀ ਇਸ ਕਰਕੇ ਚਾਹੁੰਦੀ ਸਾਂ ਤਾਕਿ ਮੈਂ ਉਸਨੂੰ ਉਹ ਸਾਰਾ ਪਿਆਰ ਤੇ ਹਮਦਰਦੀ ਦੇ ਸਕਾਂ ਜਿਸ ਤੋਂ ਮੈਨੂੰ ਵਾਂਝਿਆਂ ਰੱਖਿਆ ਗਿਆ ਸੀ।

ਹਸਪਤਾਲ ਵਿਚ ਨਰਸਾਂ ਇਸ ਗੱਲ ਦਾ ਯਕੀਨ ਨਹੀਂ ਸੀ ਕਰ ਰਹੀਆਂ ਕਿ ਮੈਂ ਵਿਆਹੀ ਹੋਈ ਸਾਂ, ਕਿਉਂਕਿ ਮੈਂ ਕੋਈ ਮੁੰਦਰੀ ਨਹੀਂ ਸੀ ਪਾਈ ਹੋਈ ਤੇ ਮੈਂ ਆਪਣੇ ਪਤੀ ਦੇ ਪਿਛਲੇ ਨਾਂ ਦੀ ਥਾਂ ਆਪਣੇ ਖਾਨਦਾਨ ਦਾ ਨਾਂ ਹੀ ਵਰਤ ਰਹੀ ਸਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਮੇਰੀ ਮਾਂ ਨੇ ਵੀ ਕਦੇ ਵਿਆਹ ਵਾਲੀ ਮੁੰਦਰੀ ਨਹੀਂ ਸੀ ਪਾਈ। ਸਾਡੇ ਸਭਿਆਚਾਰ ਵਿਚ ਇਹ ਰਿਵਾਜ ਨਹੀਂ ਹੈ। ਨਾਲ ਹੀ ਮੈਨੂੰ ਆਪਣਾ ਨਾਂ ਛੱਡ ਕੇ ਕਿਸੇ ਹੋਰ ਦਾ ਲਿਖਣ ਦਾ ਕੋਈ ਕਾਰਨ ਨਹੀਂ ਸੀ ਜਾਪਦਾ।

ਇਕ ਦਿਨ ਨਰਸਾਂ ਦੀ ਸੁਪਰਇੰਨਡੈਂਟ ਮੇਰੇ ਵਾਰਡ ਵਿਚ ਆਈ ਤੇ ਮੇਰੇ ਮੰਜੇ ਦੀ ਨੁੱਕਰ 'ਤੇ ਬੈਠ ਕੇ ਉਹਨੇ ਮੇਰਾ ਹੱਥ ਆਪਣੇ ਹੱਥ ਵਿਚ ਲੈ ਲਿਆ। "ਤੂੰ ਮੈਨੂੰ ਦੱਸ ਸਕਦੀ ਏਂ", ਉਹਨੇ ਹਮਦਰਦੀ ਨਾਲ ਕਿਹਾ, "ਅਸਲ ਵਿਚ ਤੂੰ ਵਿਆਹੀ ਹੋਈ ਨਹੀਂ, ਠੀਕ ਹੈ ਨਾ?"

"ਪਰ ਮੈਂ ਵਿਆਹੀ ਹੋਈ ਹਾਂ," ਮੈਂ ਕਿਹਾ।

"ਫੇਰ ਤੂੰ ਆਪਣੇ ਪਤੀ ਦਾ ਨਾਂ ਕਿਉਂ ਨਹੀਂ ਵਰਤਦੀ?"

"ਉਹ ਮੇਰਾ ਨਾਂ ਕਿਉਂ ਨਹੀਂ ਵਰਤਦਾ?"

ਉਹਨੇ ਮੇਰਾ ਹੱਥ ਛੱਡ ਦਿੱਤਾ। "ਕੀ ਤੇਰਾ ਪਤੀ ਅੰਗਰੇਜ਼ ਹੈ?"

"ਨਹੀਂ, ਅਸੀਂ ਦੋਵੇਂ ਹਿੰਦੋਸਤਾਨੀ ਹਾਂ"।

"ਪਰ ਉਹਦਾ ਨਾਂ ਤਾਂ ਸ਼ਰਮਨ ਹੈ। ਉਹਨੇ ਇਹ ਜ਼ਰੂਰ ਅੰਗਰੇਜ਼ਾਂ ਤੋਂ ਲਿਆ ਹੋਵੇਗਾ।"

"ਹੋ ਸਕਦਾ ਅੰਗਰੇਜ਼ਾਂ ਨੇ ਸਾਡੇ ਕੋਲੋਂ ਲਿਆ ਹੋਵੇ," ਮੈਂ ਜਵਾਬ ਦਿੱਤਾ। "ਆਖਰਕਾਰ, ਹਿੰਦੋਸਤਾਨੀ ਸਭਿਅਤਾ ਕਿਤੇ ਜ਼ਿਆਦਾ ਪੁਰਾਣੀ ਹੈ।"

ਹੌਲੀ ਹੌਲੀ ਮੇਰੇ ਕੋਲੋਂ ਆਪਣੀ ਇਹ ਸ਼ਨਾਖਤ ਖੁੱਸ ਗਈ ਜਦੋਂ ਮੈਂ ਲੜਾਈ ਦਾ ਸਮਾਨ ਬਣਾਉਣ ਵਾਲੇ ਕਾਰਖਾਨੇ ਵਿਚ ਕੰਮ ਕਰਨ ਲੱਗੀ ਤੇ ਮੈਨੂੰ ਵਾਰ ਵਾਰ ਪੁੱਛਿਆ ਗਿਆ ਕਿ ਜੇ ਮੈਂ ਸੱਚ ਮੁੱਚ ਵਿਆਹੀ ਹੋਈ ਹਾਂ ਤਾਂ ਆਪਣੇ ਪਤੀ ਦਾ ਨਾਂ ਕਿਉਂ ਨਹੀਂ ਵਰਤਦੀ ਅਤੇ ਮੁੰਦਰੀ ਕਿਉਂ ਨਹੀਂ ਪਾਉਂਦੀ। ਮੈਂ ਦਸੀ ਵਾਲੀ ਦੁਕਾਨ ਵਿਚ ਗਈ ਤੇ ਵਿਆਹ ਦੀ "ਸੋਨੇ" ਦੀ ਮੁੰਦਰੀ ਖਰੀਦ ਲਿਆਈ ਅਤੇ ਉਸ ਦਿਨ ਤਕ ਪਾਈ ਰੱਖੀ ਜਦ ਤਕ ਮੈਂ ਇਹ ਫੈਸਲਾ ਨਾ ਕਰ ਲਿਆ ਕਿ ਮੈਂ ਹੋਰ ਸਮਾਂ ਵਿਆਹੀ ਨਹੀਂ ਰਹਿਣਾ ਚਾਹੁੰਦੀ।

ਮੇਰੇ ਪਤੀ ਨੂੰ ਇਸ ਗੱਲ ਦੀ ਸਮਝ ਹੀ ਨਾ ਆਵੇ।

"ਮੈਂ ਗਲਤ ਕੀ ਕੀਤਾ ਹੈ?" ਉਹ ਜਾਨਣ ਦੀ ਮੰਗ ਕਰ ਰਿਹਾ ਸੀ।

ਮੇਰੇ ਵਿਚ ਉਹਦਾ ਸਾਹਮਣਾ ਕਰਨ ਦਾ, ਉਹਨੂੰ ਦੱਸਣ ਦਾ ਸਾਹਸ ਨਹੀਂ ਸੀ ਕਿ ਕਿਸ ਤਰ੍ਹਾਂ ਉਸਨੇ ਧੋਖੇ ਨਾਲ ਮੈਨੂੰ ਪੜ੍ਹਾਈ ਤੋਂ ਵਾਂਝਿਆਂ ਰੱਖਿਆ। ਕੀ ਦੱਸਾਂ? ਜਿਸ ਦਿਨ ਮੈਂ ਯੂਨੀਵਰਸਿਟੀ ਕਲਾਸਾਂ ਵਿਚ ਦਾਖਲਾ ਲੈਣਾ ਸੀ ਉਸਨੇ ਮੇਰੇ 'ਤੇ ਇਲਜ਼ਾਮ ਲਾਇਆ ਕਿ ਮੈਂ ਤਾਂ ਸਿਰਫ ਦੂਜੇ ਆਦਮੀਆਂ ਨਾਲ ਘੁੰਮਣਾ ਫਿਰਨਾ ਚਾਹੁੰਦੀ ਸੀ।

ਮੈਂ ਉਸਨੂੰ ਇਹ ਵੀ ਨਹੀਂ ਦੱਸਿਆ ਕਿ ਕਿਸ ਤਰ੍ਹਾਂ ਉਸਨੇ ਮੈਨੂੰ ਸਿਆਸੀ ਕੰਮਾਂ ਤੋਂ ਵਿਰਵਿਆਂ ਕਰ ਦਿੱਤਾ ਸੀ। ਜਿਸ ਦਿਨ ਮੈਂ ਮਜ਼ਦੂਰਾਂ ਦੇ ਇਕ ਅਖ਼ਬਾਰ ਵਾਸਤੇ ਇਕ ਹੜਤਾਲ ਦੀ ਰੀਪੋਰਟ ਲਿਖਣੀ ਸੀ, ਉਹਨੇ ਮੈਨੂੰ ਕਿਹਾ, "ਜੇ ਤੂੰ ਗ੍ਰਿਫਤਾਰ ਹੋ ਗਈ ਤਾਂ ਨਿਆਣਿਆਂ ਦੀ ਦੇਖ-ਭਾਲ ਕੌਣ ਕਰੂ"?

ਜਦੋਂ ਉਹਨੇ ਪੁੱਛਿਆ ਕਿ ਉਹਨੇ ਕੀ ਗਲਤ ਕੀਤਾ ਸੀ, ਤਾਂ ਮੈਂ ਉਹਨੂੰ ਸਿਰਫ ਇਹ ਹੀ ਦੱਸਿਆ: "ਪਿਛਲੇ ਹਫਤੇ ਜਦੋਂ ਮੈਂ ਤੈਨੂੰ ਕਿਹਾ ਸੀ ਕਿ ਮੈਨੂੰ ਸੀਣ ਵਾਲਾ ਚਿੱਟਾ ਧਾਗਾ ਲਿਆ ਕੇ ਦੇ, ਤਾਂ ਤੂੰ ਕਿਹਾ ਸੀ ਕਿ ਅੱਗੇ ਵੀ ਲਿਆ ਕੇ ਦਿੱਤਾ ਸੀ, ਉਹ ਕਿੱਥੇ ਗਿਆ।"

ਉਹਨੇ ਮੇਰੀ ਵੱਲ ਇਸ ਤਰ੍ਹਾਂ ਦੇਖਿਆ ਜਿਵੇਂ ਮੈਂ ਪਾਗਲ ਹੋਵਾਂ। "ਆਪਾਂ ਨੂੰ ਵਿਆਹਿਆਂ ਗਿਆਰਾਂ ਸਾਲ ਹੋ ਗਏ ਹਨ, ਤੇ ਜਦੋਂ ਮੈਂ ਤੈਨੂੰ ਪੁੱਛ ਰਿਹਾ ਹਾਂ ਕਿ ਕੀ ਗਲਤ ਹੈ, ਤੂੰ ਮੈਨੂੰ ਦੱਸਦੀ ਏਂ ਪਈ ਮੈਂ ਤੈਨੂੰ ਪੰਜਾਂ ਸੈਂਟਾਂ ਦਾ ਧਾਗਾ ਨਹੀਂ ਖਰੀਦ ਕੇ ਦਿੰਦਾ?"

"ਬਿਲਕੁਲ", ਮੈਂ ਕਿਹਾ, "ਇਹ ਸਿਰਫ ਪੰਜਾਂ ਸੈਂਟਾਂ ਦਾ ਹੀ ਹੈ ਪਰ ਮੇਰੇ ਆਪਣੇ ਕੋਲ ਤਾਂ ਏਨੇ ਵੀ ਪੈਸੇ ਨਹੀਂ। ਇਹ ਵੀ ਮੈਨੂੰ ਤੇਰੇ ਕੋਲੋਂ ਮੰਗਣੇ ਪਏ।"

ਆਪਣੇ ਅਸਲੀ ਅਹਿਸਾਸਾਂ ਨੂੰ ਛੁਪਾ ਕੇ ਰੱਖਣ ਦੀ ਮੇਰੀ ਬਹੁਤ ਸਾਲਾਂ ਪੁਰਾਣੀ ਆਦਤ ਪੱਕ ਚੁੱਕੀ ਸੀ ਅਤੇ ਮੇਰੇ ਕੋਲੋਂ ਆਪਣੇ ਸਾਰੇ ਦੁੱਖਾਂ ਬਾਰੇ ਚੰਗੀ ਤਰ੍ਹਾਂ ਗੱਲ ਵੀ ਨਹੀਂ ਸੀ ਕੀਤੀ



ਜਾ ਰਹੀ। ਮੈਂ ਉਸੇ ਵੇਲੇ ਇਹ ਫੈਸਲਾ ਕਰ ਲਿਆ ਕਿ ਮੈਂ ਹੁਣ ਕਿਸੇ ਦੀ ਨੌਕਰਾਣੀ ਬਣ ਕੇ ਨਹੀਂ ਰਹਿਣਾ - ਨੌਕਰਾਣੀ ਜਿਹਨੂੰ ਤਨਖਾਹ ਵੀ ਨਾ ਮਿਲਦੀ ਹੋਵੇ।

ਬਿਨਾਂ ਕਿਸੇ ਨੌਕਰੀ ਵਾਲੇ ਹੁਨਰ ਦੇ ਅਤੇ ਤਿੰਨਾਂ ਨਿਆਣਿਆਂ ਦੇ ਖਰਚ ਸਮੇਤ, ਸਤਾਈਆਂ ਸਾਲਾਂ ਦੀ ਉਮਰ ਵਿਚ, ਵਿਆਹ ਤੋਂ ਆਜ਼ਾਦੀ ਕੋਈ ਸੁਫਨਾ ਪੂਰਾ ਹੋਣ ਵਾਲੀ ਗੱਲ ਨਹੀਂ ਸੀ। ਪਰ ਫੇਰ ਵੀ ਮੈਂ ਆਪਣੀ ਕਿਸਮਤ ਨੂੰ ਆਪਣੇ ਹੱਥ ਵਿਚ ਕਰਨ ਦਾ ਫੈਸਲਾ ਕਰ ਲਿਆ। ਮੈਂ ਰੈਸਟੋਰੈਂਟ ਵਿਚ ਕੰਮ ਕਰ ਸਕਦੀ ਸਾਂ, ਅਤੇ ਮੇਰੀ ਟਾਈਪ ਕਰਨ ਦੀ ਯੋਗਤਾ ਮੈਨੂੰ ਕਿਸੇ ਦਫਤਰ ਵਿਚ ਨੌਕਰੀ ਦਿਵਾ ਸਕਦੀ ਸੀ। ਪਰ ਸਭ ਤੋਂ ਵੱਧ ਮਹੱਤਵਪੂਰਨ ਸੀ ਕਿ ਮੈਂ ਸ਼ਹਿਰ ਵਿਚ ਰਹਿ ਸਕਦੀ ਸਾਂ ਅਤੇ ਸ਼ਾਮ ਦੀਆਂ ਕਲਾਸਾਂ ਲੈ ਕੇ ਪੜ੍ਹਾਈ ਕਰ ਸਕਦੀ ਸਾਂ ਅਤੇ ਆਪਣੇ ਬੱਚਿਆਂ ਦੀ ਚੰਗੀ ਪੜ੍ਹਾਈ ਕਰਵਾ ਸਕਦੀ ਸਾਂ।

ਨਿਆਣਿਆਂ ਦੀ ਪਰਵਰਿਸ਼ ਦੇ ਮੇਰੇ ਬੁਨਿਆਦੀ ਅਸੂਲ ਸਨ: ਕੋਈ ਜਿਸਮਾਨੀ ਸਜ਼ਾ ਨਹੀਂ, ਕੁੜੀਆਂ ਤੇ ਮੁੰਡਿਆਂ ਵਿਚਕਾਰ ਕਿਸੇ ਕਿਸਮ ਦਾ ਵਿਤਕਰਾ ਨਹੀਂ ਅਤੇ ਨਾ ਹੀ ਕਿਸੇ ਨਾਲ ਬੇਇਨਸਾਫੀ। ਜਦੋਂ ਮੈਂ ਛੋਟੀ ਸਾਂ ਤਾਂ ਕਈ ਵਾਰੀ ਮੇਰੀ ਮਾਂ ਮੈਨੂੰ ਦੂਜਿਆਂ ਦੇ ਕਸੂਰ ਦੀ ਵੀ ਸਜ਼ਾ ਦੇ ਦਿੰਦੀ ਕਿਉਂਕਿ ਉਹਦੀਆਂ ਨਜ਼ਰਾਂ ਵਿਚ ਮੈਂ ਜ਼ਿਆਦਾ ਕਸੂਰਵਾਰ ਦਿਸਦੀ। ਮੈਂ ਆਪਣੇ ਨਿਆਣਿਆਂ ਵਿਚ ਭਰੋਸਾ ਕਰਨ ਦਾ ਫੈਸਲਾ ਕਰ ਲਿਆ।

ਸਾਨ ਫਰਾਂਸਿਸਕੋ ਜਿਸ ਘਰ ਵਿਚ ਮੈਂ ਆਪਣੇ ਤਿੰਨਾਂ ਨਿਆਣਿਆਂ ਨਾਲ ਰਹਿੰਦੀ ਉਥੇ ਨਾ ਤਾਂ ਕੋਈ ਸਿਰਫ ਕੁੜੀਆਂ ਦੇ ਕਰਨ ਵਾਲਾ ਕੰਮ ਸੀ ਤੇ ਨਾ ਹੀ ਸਿਰਫ ਮੁੰਡਿਆ ਦੇ। ਉਹ ਤਿੰਨੇ ਆਪੋ ਆਪਣੀ ਸਮਰੱਥਾ ਅਨੁਸਾਰ ਮੇਰੀ ਸਹਾਇਤਾ ਕਰਦੇ। ਮੇਰਾ ਮੁੰਡਾ ਬਹੁਤ ਹੀ ਵਧੀਆ ਖਾਣਾ ਬਣਾਉਣ ਲੱਗ ਪਿਆ ਕਿਉਂਕਿ ਉਹਨੇ ਸਭ ਤੋਂ ਪਹਿਲਾਂ ਸਿੱਖਣਾ ਸ਼ੁਰੂ ਕਰ ਦਿੱਤਾ ਸੀ।

ਸਾਡੇ ਲਈ ਪੜ੍ਹਾਈ ਸਾਰੇ ਕੰਮਾਂ ਤੋਂ ਉਪਰ ਸੀ। ਜਿਹੜੀਆਂ ਵੀ ਜਮਾਤਾਂ ਸ਼ਾਮ ਨੂੰ ਮਿਲ ਸਕਦੀਆਂ, ਅਸੀਂ ਲੈਂਦੇ। ਮੈਂ ਬੁੱਕ-ਕੀਪਿੰਗ ਅਤੇ ਸ਼ਾਰਟਹੈਂਡ ਪੜ੍ਹਦੀ ਤਾਂਕਿ ਮੇਰੀ ਕਮਾਈ ਕਰਨ ਦੀ ਯੋਗਤਾ ਵਧ ਸਕੇ। ਆਪਣੇ ਅਸਲੀ ਲਕਸ਼ ਨੂੰ ਪੂਰਾ ਕਰਨ ਦੀ ਖਾਤਰ ਮੈਂ ਕਲਾ ਤੇ ਸਾਹਿਤ ਪੜ੍ਹਦੀ। ਬੱਚੇ ਨਾਚ, ਕਲਾ ਅਤੇ ਬਾਇਆਲੋਜੀ ਦੀਆਂ ਜਮਾਤਾਂ ਲੈਂਦੇ। ਉਹ ਦੁਨੀਆਂ ਦੇ ਮਸ਼ਹੂਰ ਵਿਅਕਤੀਆਂ ਦੇ ਭਾਸ਼ਣ ਸੁਣਨ ਜਾਂਦੇ, ਖ਼ੈਰਾਤ ਵਿਚ ਮਿਲੇ ਟਿਕਟ ਲੈ ਕੇ ਸਿੰਫਿਨੀ ਸੁਣਨ ਜਾਂਦੇ। ਜਿਹੜੀ ਮੈਂ ਪੁਰਾਣੀ ਪਿਆਨੋ ਖਰੀਦੀ ਸੀ ਉਸ 'ਤੇ ਅਤੇ ਵਾਇਲਿਨ 'ਤੇ ਸੰਗੀਤ ਦੇ ਸਬਕ ਸਿੱਖਦੇ। ਬਹੁਤ ਹੀ ਥੋੜ੍ਹੇ ਪੈਸਿਆਂ ਨਾਲ ਅਸੀਂ ਥੀਏਟਰ ਹਾਲ ਅਤੇ ਓਪੇਰਾ ਹਾਊਸ ਦੀਆਂ ਸਭ ਤੋਂ ਉਪਰ ਦੀਆਂ ਸੀਟਾਂ 'ਤੇ ਹੀ ਬੈਠ ਸਕਦੇ, ਪਰ ਫੇਰ ਵੀ ਅਸੀਂ ਬਹੁਤ ਸਾਰੇ ਗੁਣਵਾਨ ਕਲਾਕਾਰਾਂ ਦੀ ਕਲਾ ਦਾ ਆਨੰਦ ਮਾਣਦੇ।

ਹਾਈ ਸਕੂਲ ਵਿਚ ਮੈਂ ਕਦੀ ਵੀ ਸਕੂਲ ਦੇ ਜੀਵਨ ਦਾ ਹਿੱਸਾ ਨਾ ਬਣ ਸਕੀ ਤੇ ਇਕ ਤਾਂਘ ਨਾਲ ਹਮੇਸ਼ਾਂ ਬਾਹਰੋਂ ਅੰਦਰ ਵੱਲ ਝਾਕਦੀ ਰਹੀ। ਜਦੋਂ ਮੇਰੇ ਜਮਾਤੀ ਸਕੂਲ ਤੋਂ ਬਾਅਦ ਨਾਟਕਾਂ ਦੀ ਰਿਹਰਸਲ ਕਰਨ ਲਈ ਜਾਂ ਖੇਡਾਂ ਵਿਚ ਹਿੱਸਾ ਲੈਣ ਲਈ ਜਾਂ ਸੰਗੀਤ ਸਿੱਖਣ ਲਈ ਰੁਕਦੇ, ਮੈਂ ਘਰ ਦਾ ਕੰਮ-ਕਾਰ ਕਰਨ ਲਈ ਅਤੇ ਗਾਵਾਂ ਚੋਣ ਲਈ ਘਰ ਨੂੰ ਚਲੀ ਜਾਂਦੀ। ਹੁਣ ਮੈਂ ਇਸ ਗੱਲ ਦਾ ਨਿਰਣਾ ਕੀਤਾ ਹੋਇਆ ਸੀ ਕਿ ਸ਼ਹਿਰ ਦੀਆਂ ਜਿਹੜੀਆਂ ਵੀ ਚੀਜ਼ਾਂ ਬੱਚਿਆਂ ਦੇ ਜੀਵਨ ਅਤੇ ਨਜ਼ਰੀਏ ਨੂੰ ਵਿਸ਼ਾਲ ਬਣਾਉਣ ਵਿਚ ਸਹਾਇਤਾ ਕਰ ਸਕਦੀਆਂ ਹੋਣ, ਉਹਨਾਂ ਨੂੰ

ਮੁਹੱਈਆ ਕਰਨੀਆਂ ਹਨ। ਵੀਕ-ਐਂਡ 'ਤੇ ਅਸੀਂ ਸਾਈਕਲ ਕਿਰਾਏ 'ਤੇ ਲੈ ਕੇ ਗੋਲਡਨ ਗੇਟ ਪਾਰਕ ਵਿਚਦੀ ਸਾਈਕਲ ਚਲਾ ਕੇ ਜਾਂਦੇ; ਸਮੁੰਦਰ ਦੀਆਂ ਬੀਚਾਂ 'ਤੇ ਪਿਕਨਿਕਾਂ ਕਰਦੇ; ਚਿੜੀਆ ਘਰ ਜਾਂਦੇ; ਅਜਾਇਬ-ਘਰਾਂ ਦੀਆਂ ਨੁਮਾਇਸ਼ਾਂ ਦੇਖਦੇ। ਘਰ ਵਿਚ ਜਦੋਂ ਅਸੀਂ ਆਪਣੀ ਪੜ੍ਹਾਈ ਤੋਂ ਵਿਹਲੇ ਹੁੰਦੇ ਤਾਂ ਚੈੱਸ ਖੇਡਦੇ। ਜਦੋਂ ਮੈਂ ਨਿਆਣੀ ਸਾਂ ਤਾਂ ਜੇ ਮੈਂ ਪੜ੍ਹਦੀ ਨਾ ਹੁੰਦੀ ਤਾਂ ਮੈਨੂੰ ਹਰ ਵੇਲੇ ਕੰਮ ਕਰਨਾ ਪੈਂਦਾ, ਜੇ ਕੰਮ ਨਾ ਕਰਦੀ ਹੁੰਦੀ ਤਾਂ ਪੜ੍ਹਨਾ ਪੈਂਦਾ। ਇਸ ਕਰਕੇ ਹੁਣ ਮੈਂ ਆਪਣੇ ਨਿਆਣਿਆਂ ਨਾਲ ਚੈੱਸ ਤੇ ਟੈਨਿਸ ਖੇਡਦੀ ਅਤੇ ਉਨ੍ਹਾਂ ਨਾਲ ਤਰਨ ਜਾਂਦੀ। ਮੇਰਾ ਵਿਸ਼ਵਾਸ ਸੀ ਕਿ ਜ਼ਿੰਦਗੀ ਮਾਨਣ ਵਾਸਤੇ ਹੈ, ਦੁੱਖ ਭੋਗਣ ਵਾਸਤੇ ਨਹੀਂ।

ਅਸੀਂ ਉਦੋਂ ਰਹਿੰਦੇ ਤਾਂ ਭਾਵੇਂ ਪੂਰੀ ਗ਼ੁਰਬਤ ਵਿਚ ਅਤੇ ਗਰੀਬੜੇ ਇਲਾਕਿਆਂ ਵਿਚ ਹੀ ਸਾਂ ਪਰ ਸਾਡਾ ਘਰ ਹਮੇਸ਼ਾਂ ਜੀਵਨ ਦੀ ਧੁੱਪ ਨਾਲ ਰੁਸ਼ਨਾਇਆ ਰਹਿੰਦਾ। ਸਾਡੇ ਕਮਰੇ ਕਿਤਾਬਾਂ ਨਾਲ, ਸਮਾਜਕ ਸਰਗਰਮੀਆਂ ਅਤੇ ਬੌਧਿਕ ਜਤਨਾਂ ਨਾਲ ਭਰੇ ਰਹਿੰਦੇ। ਭਾਵੇਂ ਕਿੰਨੇ ਵੀ ਟੁੱਟੇ ਭੱਜੇ ਥਾਂ ਵਿਚ ਅਸੀਂ ਰਹਿਣ ਲੱਗਦੇ, ਮੈਂ ਹਮੇਸ਼ਾਂ ਉਸਨੂੰ ਰੰਗ ਤੇ ਤਸਵੀਰਾਂ ਨਾਲ ਸੁੰਦਰ ਬਣਾ ਲੈਂਦੀ। ਮੈਂ ਕਈ ਵਾਰੀ ਪਿੱਛੇ ਬਾਰੇ ਸੋਚਦੀ ਹਾਂ, ਉਨ੍ਹਾਂ ਘਰਾਂ ਬਾਰੇ ਜਿਹਨਾਂ ਵਿਚ ਮੈਂ ਛੋਟੀ ਹੁੰਦੀ ਰਹੀ ਸਾਂ। ਮੈਨੂੰ ਇਕ ਵੀ ਘਰ ਦਾ ਚੇਤਾ ਨਹੀਂ ਹੈ ਜਿਸ ਵਿਚ ਚੱਲਦਾ ਪਾਣੀ ਹੋਵੇ ਜਾਂ ਫਰਸ਼ 'ਤੇ ਗਲੀਚਾ ਵਿਛਿਆ ਹੋਇਆ ਹੋਵੇ। ਪਰ ਮੈਂ ਆਪਣੇ ਮਾਂ ਤੇ ਪਿਓ ਨੂੰ ਰਸੋਈ ਵਿਚਲੇ ਅਨਘੜਤ ਮੇਜ਼ਾਂ 'ਤੇ ਬੈਠਿਆਂ ਤਸੱਵਰ ਕਰ ਸਕਦੀ ਹਾਂ। ਇਕ ਵਾਰੀ ਮੇਰੀ ਮਾਂ ਆਪਣੇ ਪਰਿਵਾਰ ਨੂੰ ਪੰਜਾਬੀ ਵਿਚ ਲਿਖੇ ਇਕ ਖ਼ਤ ਦੁਆਲੇ ਪੰਛੀ ਅਤੇ ਵੇਲ ਬੂਟੇ ਵਾਹ ਕੇ ਉਸਨੂੰ ਸਜਾ ਰਹੀ ਸੀ। ਇਕ ਹੋਰ ਮੌਕੇ ਮੇਰਾ ਬਾਪ ਸਕੂਲੀ ਬੱਚਿਆਂ ਦੀ ਲਾਈਨਾਂ ਵਾਲੀ ਕਾਪੀ ਉਪਰ ਮਿੱਟੀ ਦੇ ਤੇਲ ਵਾਲੇ ਦੀਵੇ ਦੀ ਲੋਅ ਵਿਚ ਬੈਠਾ ਕਵਿਤਾ ਲਿਖ ਰਿਹਾ ਸੀ।

ਕੀ ਇਹ ਗੱਲਾਂ ਸਨ, ਜਿਹਨਾਂ ਤੋਂ ਮੇਰੀ ਕਲਾ ਅਤੇ ਸਾਹਿਤ ਵਿਚ ਦਿਲਚਸਪੀ ਪੈਦਾ ਹੋਈ? ਕੀ ਇਹ ਉਨ੍ਹਾਂ ਦੀ ਕਲਾਤਮਕ ਸਿਰਜਣਸ਼ੀਲਤਾ ਸੀ, ਜਿਸ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਨੀਰਸ ਹੋਂਦ ਦੀ ਅਸਲੀਅਤ ਅੱਗੇ ਜਿਉਂਦਿਆਂ ਰੱਖਿਆ? ਕਈ ਵਾਰੀ, ਜਦੋਂ ਮੈਂ ਆਪਣੇ ਦਰਦ ਤੋਂ ਜ਼ਰਾ ਅੱਗੇ ਦੇਖਣ ਦੀ ਕੋਸ਼ਿਸ਼ ਕਰਦੀ ਹਾਂ, ਮੈਂ ਆਪਣੇ ਜੰਮਣ ਤੋਂ ਪਹਿਲਾਂ ਆਪਣੀ ਮਾਂ ਦੇ ਜੀਵਨ ਬਾਰੇ ਕਿਆਸ ਲਾਉਣ ਕੀ ਕੋਸ਼ਿਸ਼ ਕਰਦੀ ਹਾਂ ਤਾ ਮੈਂ ਉਹਦੇ ਜੀਵਨ ਦੀਆਂ ਕਠਨਾਈਆਂ ਨਾਲ ਆਢ੍ਹਾ ਲਾਉਣ ਦੀ ਸ਼ਕਤੀ 'ਤੇ ਅਚੰਭਤ ਹੁੰਦੀ ਹਾਂ ਕਿ ਕਿਸ ਤਰ੍ਹਾਂ ਉਹ ਕੈਲੇਫੋਰਨੀਆਂ ਤੇ ਓਰੇਗਨ ਸੂਬਿਆਂ ਵਿਚ, ਜਿੱਥੇ ਵੀ ਮੇਰੇ ਬਾਪ ਨੂੰ ਕੰਮ ਮਿਲਦਾ, ਆਪਣਾ ਜੀਵਨ ਨਿਰਬਾਹ ਕਰਦੇ ਰਹੇ। ਘੱਟੋ ਘੱਟ ਮੇਰਾ ਬਾਪ ਕੰਮ ਉਪਰ ਦੂਜਿਆਂ ਪੰਜਾਬੀਆਂ ਨਾਲ ਵਕਤ ਗੁਜ਼ਾਰ ਲੈਂਦਾ। ਉਹਦੇ ਹੋਰ ਦੋਸਤ ਵੀ ਸਨ, ਪਰ ਮੇਰੀ ਮਾਂ ਕੋਲ ਤਾਂ ਕੋਈ ਵੀ ਨਹੀਂ ਸੀ। ਕੋਈ ਵੀ ਹੋਰ ਪੰਜਾਬੀ ਔਰਤ ਨਹੀਂ ਸੀ ਜਿਹੜੀ ਉਸ ਦੀ ਸਾਥਣ ਬਣ ਸਕਦੀ। ਉਹਦੀ ਕੋਈ ਭੈਣ, ਕੋਈ ਰਿਸ਼ਤੇਦਾਰ ਨਹੀਂ ਸੀ ਜਿਹੜੀ ਉਸਦੇ ਕੰਮ ਵਿਚ ਉਹਦਾ ਹੱਥ ਵੰਡਾ ਸਕਦੀ। ਉਸਨੂੰ ਸਭ ਕੁਝ ਆਪ ਹੀ ਕਰਨਾ ਪਿਆ - ਸਭ ਕੁਝ, ਜਿੰਨਾ ਚਿਰ ਉਹਦੀਆਂ ਧੀਆਂ ਉਹਦੀ ਮਦਦ ਕਰਨ ਜੋਗੀਆਂ ਨਾ ਹੋ ਗਈਆਂ।

ਮੇਰਾ ਬਾਪ ਤੇ ਮੇਰੀ ਮਾਂ ਦੋਵੇਂ ਉਨ੍ਹਾਂ ਦਿਨਾਂ ਵਿਚ ਆਬਾਦ ਹੋ ਰਹੇ ਪੱਛਮੀ ਤੱਟ ਦੇ ਪਾਇਨੀਅਰ ਸਨ। ਮੇਰਾ ਬਾਪ ਸਾਨ ਫਰਾਂਸਿਸਕੋ ਦੀ ਬੰਦਰਗਾਹ 'ਤੇ 1899 ਵਿਚ ਉਤਰਿਆ, ਆਪਣੀ ਮਰਜ਼ੀ ਨਾਲ, ਭਾਵੇਂ ਇਹ ਚੋਣ ਆਰਥਿਕ ਸੀ। ਜਦ ਕਿ ਮੇਰੀ ਮਾਂ ਕੈਲੇਫੋਰਨੀਆਂ ਵਿਚ ਆਪਣੀ ਮਰਜ਼ੀ



ਨਾਲ ਨਹੀਂ ਸੀ ਆਈ, ਇਹ ਉਸਦੇ ਪਤੀ ਦੀ ਮਰਜ਼ੀ ਸੀ। ਮੇਰਾ ਬਾਪ ਸਫਰ ਲਾ ਕੇ ਪੰਜਾਬ ਵਾਪਸ ਗਿਆ ਅਤੇ ਅਮਰੀਕਾ ਨੂੰ ਮੁੜਦਿਆਂ ਆਪਣੇ ਨਾਲ ਆਪਣੀ ਪਤਨੀ ਲੈ ਆਇਆ, ਜੋ ਉਸਦੇ ਬਾਪ ਨੇ ਉਸ ਵਾਸਤੇ ਚੁਣੀ ਸੀ। ਸਤਾਰਾਂ ਸਾਲਾਂ ਦੀ ਉਮਰ ਵਿਚ ਉਹ ਸਾਮਾਨ ਦੇ ਇਕ ਨਗ ਦੀ ਤਰ੍ਹਾਂ ਚੁੱਕੀ ਗਈ ਅਤੇ ਇਕ ਅਜਿਹੇ ਆਦਮੀ ਨੇ ਉਹਨੂੰ ਪਰਦੇਸ ਲਿਆ ਰੱਖਿਆ, ਜਿਹਨੂੰ ਵਿਆਹ ਤੋਂ ਪਹਿਲਾਂ ਉਹਨੇ ਕਦੇ ਦੇਖਿਆ ਤਕ ਨਹੀਂ ਸੀ।

ਇਹ ਉਹਦੀ ਚੰਗੀ ਕਿਸਮਤ ਹੀ ਕਹੀ ਜਾ ਸਕਦੀ ਹੈ ਕਿ ਉਹਦਾ ਪਤੀ ਇਕ ਭਲਾ ਤੇ ਦਿਆਲੂ ਆਦਮੀ ਸੀ ਜਿਹਨੇ ਉਹਨੂੰ ਪੰਜਾਬੀ ਲਿਖਣੀ ਸਿਖਾਈ ਤਾਂਕਿ ਉਹ ਪਿੱਛੇ ਛੱਡੇ ਆਪਣੇ ਪਰਿਵਾਰ ਨਾਲ ਰਾਬਤਾ ਕਾਇਮ ਰੱਖ ਸਕੇ, ਜਿਸ ਪਰਿਵਾਰ ਨੂੰ ਉਸ ਮੁੜ ਕਦੇ ਵੀ ਨਹੀਂ ਸੀ ਦੇਖਣਾ। ਮੇਰੇ ਦੋਵੇਂ ਮਾਪੇ ਕਦੇ ਸਕੂਲ ਨਹੀਂ ਸਨ ਗਏ, ਪਰ ਮੇਰੇ ਬਾਪ ਨੇ ਬਰਤਾਨਵੀ ਫੌਜ ਵਿਚ ਨੌਕਰੀ ਕਰਦਿਆਂ ਪੰਜਾਬੀ ਤੇ ਅੰਗਰੇਜ਼ੀ ਪੜ੍ਹਨੀਆਂ ਲਿਖਣੀਆਂ ਸਿੱਖ ਲਈਆਂ ਸਨ। ਇਹ ਉਹਦਾ ਸੁਫਨਾ ਸੀ, ਜਿਸ ਨੇ ਮੈਨੂੰ ਆਪਣੇ ਬੱਚਿਆਂ ਨੂੰ ਪੜ੍ਹਾਉਣ ਦਾ ਉਤਸ਼ਾਹ ਦਿੱਤਾ।

ਹੁਣ ਤਕ ਮੈਂ ਜਿੰਨੀ ਕੁ ਅਕਲ ਦੀ ਮਾਲਕ ਹੋ ਸਕੀ ਹਾਂ, ਉਸ ਨਾਲ ਹੁਣ ਮੈਨੂੰ ਇਹ ਗੱਲ ਸਮਝ ਆਉਣ ਲੱਗੀ ਹੈ ਕਿ ਜਿਹੜੀ ਕੁੜੱਤਣ ਮੇਰੀ ਮਾਂ ਨੇ ਮੇਰੀ ਝੋਲੀ ਪਾਈ, ਉਹ ਉਹਨੂੰ ਆਦਮੀਆਂ ਦੀ ਚੌਧਰ ਵਾਲੇ ਸੰਸਾਰ ਵਿਚ ਇਕ ਔਰਤ ਹੋ ਕੇ ਵਿਚਰਦਿਆਂ ਮਿਲੀ ਸੀ। ਮੇਰਾ ਖਿਆਲ ਹੈ ਕਿ ਮੇਰੀ ਮਾਂ ਮੇਰੇ ਨਾਲ ਸਹਿਮਤ ਹੋਵੇਗੀ, ਜੇ ਉਹ ਕਦੇ ਹੋ ਸਕੇ: ਮੈਂ ਆਪਣੀ ਸਭ ਤੋਂ ਵੱਡੀ ਸਫਲਤਾ ਦਾ ਨਿਚੋੜ ਇਸ ਫਿਕਰੇ ਵਿਚ ਸਮਝਦੀ ਹਾਂ ਜਿਹੜਾ ਇਕ ਅਧਿਆਪਕ ਨੇ ਮੇਰੀ ਬੱਚੀ ਦੀ ਪ੍ਰਸ਼ੰਸਾ ਵਿਚ ਕਿਹਾ ਸੀ: "ਇਹ ਬੱਚੀ ਸੋਚਣ ਤੋਂ ਨਹੀਂ ਡਰਦੀ।"

(ਪੰਜਾਬੀ ਅਨੁਵਾਦ - ਸਾਧੂ ਬਿਨਿੰਗ)

## ਗ਼ਜ਼ਲ

ਸਾਂਵਲ ਧਾਮੀ

ਰੋਜ਼ ਸੁਨੇਹੇ ਜਿੰਦ ਨੇ ਘੱਲੇ, ਨਿੱਤ ਖ਼ਤ ਆਏ ਕਬਰਾਂ ਤੋਂ।
ਕੋਈ ਵੀ ਪਾਸਾ ਰੱਖ ਨਾ ਹੋਇਆ, 'ਸਾਂਵਲ' ਜਿਹੇ ਬੇਕਦਰਾਂ ਤੋਂ।
ਅਰਸ਼ੋਂ ਡਿਗਣ ਤਾਂ ਪਰਬਤ ਸਾਂਭੇ, ਪਰਬਤ ਸੁੱਟੇ ਤਾਂ ਦਰਿਆ,
ਮੌਤ ਨੇ ਵੀ ਪਰ ਮੂੰਹ ਨਾ ਲਾਏ, ਸ਼ਖ਼ਸ ਡਿੱਗੇ ਜੋ ਨਜ਼ਰਾਂ ਤੋਂ।
ਅੱਖੀਆਂ ਵਿਚ ਲੈ ਜੀਣ ਦੇ ਸੁਪਨੇ, ਪਿੰਡ ਜਿੰਨ੍ਹਾਂ ਨੇ ਛੱਡੇ ਸਨ,
ਹਾਦਸਿਆਂ ਦੇ ਚਿੰਨ੍ਹ ਜਿਹੇ ਬਣ ਕੇ, ਅੱਜ ਮੁੜੇ ਨੇ ਨਗਰਾਂ ਤੋਂ।
ਸੁਰਖ਼ੀ-ਸੁਰਖ਼ੀ ਅੱਗ ਲਹੂ ਦੀ, ਅੱਖਰ-ਅੱਖਰ ਵਿਧਵਾ ਹੈ
ਅਖ਼ਬਾਰਾਂ ਦਾ ਸੀ ਲਿਆ ਖੱਫਣ, ਅੱਕ ਕੇ ਮੈਂ ਵੀ ਖ਼ਬਰਾਂ ਤੋਂ।
ਉਹ ਵੀ ਤਾਂ ਬੰਦੇ ਹੀ ਸਨ ਜੋ, ਮਰ ਮੁੱਕ ਗਏ ਯਾਦਾਂ ਵਿਚ,
ਚੰਦ ਪਲਾਂ ਦਾ ਸਬਰ ਨਾ ਹੋਇਆ, 'ਸਾਂਵਲ' ਜਿਹੇ ਬੇਸਬਰਾਂ ਤੋਂ।

(ਖੋਜਾਰਥੀ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)

# ਸਮਾਜ ਅਤੇ ਸਾਹਿਤ - ਇੱਕਵੀਂ ਸਦੀ ਵਿਚ ਰੂਪ ਰੇਖਾ

ਪ੍ਰੀਤਮ ਸਿੰਘ

ਸਮਾਜ ਅਤੇ ਸਾਹਿਤ ਦਾ ਚੋਲੀ ਦਾਮਨ ਦਾ ਸਾਥ ਹੈ। ਇਹ ਗੱਲ ਬਾਕੀ ਦੀਆਂ ਲਲਿਤ ਕਲਾਵਾਂ ਉਤੇ ਵੀ ਪੂਰੀ ਢੁਕਦੀ ਹੈ। ਜਦੋਂ ਵੀ ਸਮਾਜਕ ਢਾਂਚੇ ਵਿਚ ਕੋਈ ਬੁਨਿਆਦੀ ਤਬਦੀਲੀ ਵਾਪਰਦੀ ਹੈ ਤਾਂ ਇਸਦਾ ਪ੍ਰਭਾਵ ਸਾਹਿਤ ਉਤੇ ਵੀ ਪੈਂਦਾ ਹੁੰਦਾ ਹੈ ਭਾਵੇਂ ਕਿ ਇਹ ਤਬਦੀਲੀ ਬਹੁਤ ਵਾਰ ਤਤਕਾਲਿਕ ਨਹੀਂ ਹੁੰਦੀ। ਕਈ ਵਾਰ ਤਾਂ ਕਲਾਕਾਰ ਆਉਣ ਵਾਲੇ ਸਮੇਂ ਦੀ ਪੈਰ-ਚਾਪ ਬਾਕੀਆਂ ਨਾਲੋਂ ਵੀ ਪਹਿਲਾਂ ਸੁਣ ਲੈਂਦੇ ਹਨ ਅਤੇ ਆਉਣ ਵਾਲੇ ਸਮੇਂ ਦੀ ਪੇਸ਼ਵਾਈ ਕਰਦੇ ਹਨ ਪਰ ਕਈ ਵਾਰ ਸਮਾਂ ਅੱਗੇ ਲੰਘ ਜਾਂਦਾ ਹੈ ਪਰ ਸਾਹਿਤਕਾਰ ਅਜੇ ਬੀਤ ਚੁੱਕੇ ਦੀ ਵਿਚਾਰਧਾਰਾ ਦਾ ਪੱਲਾ ਫੜ ਕੇ ਬੈਠੇ ਰਹਿੰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੀਆਂ ਕਿਰਤਾਂ ਸਮੇਂ ਦੀਆਂ ਹਾਣੀ ਨਾ ਹੋਣ ਕਰਕੇ ਆਪਣੀ ਸਾਰਥਕਤਾ ਗਵਾ ਬਹਿੰਦੀਆਂ ਹਨ। ਇੱਥੇ ਇਸ ਗੱਲ ਦੀ ਚਰਚਾ ਕਰਨੀ ਵੀ ਕੁਥਾਂ ਨਹੀਂ ਹੋਵੇਗੀ ਕਿ ਕੁਝ ਲੇਖਕ ਆਪਣੀ ਰਚਨਾ ਨੂੰ 'ਆਮਦ' ਤੋਂ ਪ੍ਰੇਰਤ ਸਮਝਦੇ ਹਨ। ਗ਼ਾਲਿਬ ਨੇ ਵੀ ਲਿਖਿਆ ਹੈ, 'ਆਤੇ ਹੈਂ ਗ਼ੈਬ ਸੇ ਮੁਜ਼ਾਮੀਨ ਖਿਆਲ ਮੇਂ', ਪਰ ਹਰ ਰਚਨਾ 'ਤੇ ਉਸ ਸਮਾਜ ਦੀ ਛਾਪ ਜ਼ਰੂਰੀ ਹੁੰਦੀ ਹੈ ਜਿਸ ਵਿਚ ਲੇਖਕ ਵਿਚਰ ਰਿਹਾ ਹੁੰਦਾ ਹੈ। ਸਮਾਜ ਤੋਂ ਪੂਰੀ ਤਰ੍ਹਾਂ ਆਜ਼ਾਦ ਕੋਈ ਰਚਨਾ ਨਹੀਂ ਹੁੰਦੀ। ਲੇਖਕ ਸਮਾਜਕ ਪ੍ਰਾਣੀ ਹੈ। ਉਹ ਆਪਣੀ 'ਆਮਦ' ਨੂੰ ਪ੍ਰਗਟਾਉਣ ਲਈ ਭਾਸ਼ਾ ਦਾ ਮਾਧਿਅਮ ਵਰਤਦਾ ਹੈ ਅਤੇ ਭਾਸ਼ਾ ਵੀ ਸਮਾਜ ਦੀ ਉਤਪਤੀ ਹੈ। ਇਸ ਲਈ ਲੇਖਕ ਦਾ ਅਤੇ ਉਸਦੇ ਨਾਲ ਸਾਹਿਤ ਦਾ ਸਮਾਜਕ ਤਬਦੀਲੀ ਤੋਂ ਨਿਰਲੇਪ ਰਹਿਣਾ ਸੰਭਵ ਨਹੀਂ।

ਇੱਕਵੀਂ ਸਦੀ ਦੇ ਸ਼ੁਰੂ ਹੋਣ ਵਿਚ ਹੁਣ ਚਾਰ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ। ਸਮਾਂ ਇਕ ਨਿਰੰਤਰ ਵਗ ਰਹੇ ਦਰਿਆ ਵਾਂਗ ਹੈ ਅਤੇ ਇਸ ਵਿਚ ਜੋ ਤਬਦੀਲੀ ਵਾਪਰਦੀ ਹੈ ਉਹ ਅਤੀਤ ਦੀ ਕੁੱਖ ਵਿਚੋਂ ਹੀ ਜਨਮ ਲੈਂਦੀ ਹੈ। ਇਸ ਲਈ ਅਸੀਂ ਇਹ ਨਹੀਂ ਕਹਿ ਸਕਦੇ ਕਿ ਸੰਨ 2000 ਈਸਵੀ ਦੇ ਖਤਮ ਹੋਣ ਨਾਲ ਹੀ ਸਮਾਜ ਵਿਚ ਕੋਈ ਨਵਾਂ ਪਰਿਵਰਤਨ ਆ ਜਾਵੇਗਾ ਅਤੇ ਸਾਹਿੱਤ ਦੀ ਨੁਹਾਰ ਬਦਲ ਜਾਵੇਗੀ। 21ਵੀਂ ਸਦੀ ਦੇ ਸਮਾਜ ਅਤੇ ਸਾਹਿਤ ਦੇ ਪ੍ਰਮੁੱਖ ਰੁਝਾਨਾਂ ਦੀ ਬੁਨਿਆਦ ਤਾਂ ਰੱਖੀ ਵੀ ਜਾ ਚੁੱਕੀ ਹੈ। ਇਸ ਨਵੀਂ ਤਬਦੀਲੀ ਦੇ ਨੈਣ-ਨਕਸ਼ ਉਘੜਨੇ ਵੀ ਸ਼ੁਰੂ ਹੋ ਗਏ ਹਨ। ਇਸ ਲਈ ਵਾਪਰ ਰਹੀ ਬੁਨਿਆਦੀ ਤਬਦੀਲੀ ਦੀ ਰੂਪ-ਰੇਖਾ ਦਾ ਇਕ ਸੰਖੇਪ ਜਿਹਾ ਜਾਇਜ਼ਾ ਲੈਣਾ ਬਹੁਤ ਜ਼ਰੂਰੀ ਹੈ ਤਾਂ ਜੋ ਅਸੀਂ ਵੀ ਜ਼ਮਾਨੇ ਦੇ ਨਾਲ ਕਦਮ ਮਿਲਾ ਕੇ ਅਗਾਂਹ ਵਧ ਸਕੀਏ। ਨਵੇਂ ਯੁਗ ਵਿਚ ਪ੍ਰਵੇਸ਼ ਕਰਨ ਅਤੇ ਇਸ ਵਿਚ ਗੌਲਣ ਯੋਗ ਯੋਗਦਾਨ ਪਾਉਣ ਲਈ ਵਾਪਰ ਰਹੀਆਂ ਅਤੇ ਸੰਭਾਵੀ ਬੁਨਿਆਦੀ ਤਬਦੀਲੀਆਂ ਤੋਂ ਸੁਚੇਤ ਹੋਣਾ ਸਾਡੀ ਕਾਮਯਾਬੀ ਦੀ ਜ਼ਾਮਨੀ ਭਰ ਸਕਦਾ ਹੈ।

ਜੇ ਅਸੀਂ ਸੰਸਾਰ ਦੇ ਆਰਥਕ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ 18ਵੀ ਅਤੇ 19ਵੀਂ ਸਦੀ ਸਰਮਾਇਦਾਰੀ ਦੀ ਚੜ੍ਹਤ ਦਾ ਯੁੱਗ ਸੀ ਪਰ ਇਕ ਨਵੇਂ ਯੁੱਗ ਅਤੇ ਨਵੀਂ ਵਿਚਾਰਧਾਰਾ ਨੇ ਸਮੇਂ ਦੇ ਦਰ 'ਤੇ ਦਸਤਕ ਦੇਣੀ 19ਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਤੋਂ ਹੀ ਸ਼ੁਰੂ ਕਰ ਦਿੱਤੀ ਸੀ। 1871 ਵਿਚ ਜਦੋਂ ਪੈਰਸ ਕਮਿਊਨ ਹੋਇਆ ਤਾਂ ਚਿੰਤਕਾਂ ਨੇ ਸਮਝ ਲਿਆ ਸੀ ਕਿ ਹੁਣ ਜ਼ਰੂਰ ਸਰਮਾਇਆਦਾਰੀ ਨਿਜ਼ਾਮ ਨੂੰ ਢਾ ਲੱਗ ਕੇ ਰਹੇਗੀ ਅਤੇ ਨਵੀਂ



ਵਿਚਾਰਧਾਰਾ ਦਾ ਯੁੱਗ ਸ਼ੁਰੂ ਹੋ ਜਾਵੇਗਾ। ਇਹ ਨਵੀਂ ਵਿਚਾਰਧਾਰਾ 'ਸਮਾਜਵਾਦ' ਸੀ। 20ਵੀਂ ਸਦੀ ਦੇ ਆਖਰੀ ਦਹਾਕੇ ਦੇ ਆਰੰਭ ਤਕ ਸਮਾਜਵਾਦੀ ਵਿਚਾਰਧਾਰਾ ਦੀ ਚੜ੍ਹਤ ਲਗਭਗ ਕਾਇਮ ਰਹੀ। ਇਉਂ ਜਾਪਦਾ ਸੀ ਕਿ ਸਰਮਾਇਆਦਾਰੀ ਨਿਜ਼ਾਮ ਆਪਣੇ ਆਖਰੀ ਦਮਾਂ 'ਤੇ ਹੈ। ਇਨਸਾਈਕਲੋਪੀਡੀਆ ਬਰਿਟੈਨੀਕਾ ਦੇ 1973 ਦੇ ਐਡੀਸ਼ਨ ਵਿਚ ਇਹ ਵਿਚਾਰ ਵਿਅਕਤ ਕੀਤਾ ਗਿਆ ਸੀ :

''20ਵੀਂ ਸਦੀ ਦੇ ਪਹਿਲੇ ਅੱਧ ਤਕ ਜੋ ਪੰਜ ਮਹਾਨ ਘਟਨਾਵਾਂ ਵਾਪਰੀਆਂ ਹਨ ਅਰਥਾਤ 1) ਪਹਿਲਾ ਵਿਸ਼ਵ ਯੁੱਧ, 2) ਰੂਸੀ ਇਨਕਲਾਬ, 3) ਵਿਸ਼ਵ ਵਿਆਪੀ ਆਰਥਿਕ ਮੰਦਵਾੜਾ, 4) ਦੂਜਾ ਵਿਸ਼ਵ ਯੁੱਧ ਅਤੇ 5) ਚੀਨੀ ਇਨਕਲਾਬ। ਇਨ੍ਹਾਂ ਵਿਚੋਂ ਕੋਈ ਵੀ ਸਰਮਾਇਆਦਾਰੀ ਨਿਜ਼ਾਮ ਲਈ ਸੁਖਾਵੀਂ ਨਹੀਂ ਸੀ।''

ਇਸ ਤੋਂ ਬਾਅਦ ਦੋ ਹੋਰ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਇਹ ਧਾਰਨਾ ਹੋਰ ਵੀ ਪੱਕੀ ਕਰ ਦਿੱਤੀ ਕਿ ਹੁਣ ਬਸ ਸਰਮਾਇਦਾਰੀ ਦਾ ਅੰਤ ਨੇੜੇ ਆ ਗਿਆ ਹੈ। ਪਹਿਲੀ ਘਟਨਾ ਸੀ ਬੰਗਲਾ ਦੇਸ਼ ਦੀ ਸਥਾਪਨਾ। ਇਕ ਨਵੇਂ ਦੇਸ਼ ਨੇ ਜਨਮ ਲਿਆ ਸੀ ਭਾਵੇਂ ਕਿ ਸਰਮਾਇਆਦਰੀ ਦੇ ਦੋ ਮਹਾਨ ਥੰਮ੍ਹ ਅਮਰੀਕਾ ਅਤੇ ਇੰਗਲੈਂਡ ਇਸ ਦੇਸ਼ ਦੀ ਸਥਾਪਨਾ ਦੀ ਭਰਪੂਰ ਮੁਖ਼ਾਲਫਤ ਕਰ ਰਹੇ ਸਨ। ਦੂਜੀ 1975 ਵਿਚ ਵੀਅਤਨਾਮ-ਇਕ ਛੋਟੇ ਜਿਹੇ ਦੇਸ਼ ਨੇ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਦੇ ਗੋਡੇ ਲਵਾ ਦਿੱਤੇ ਸਨ। ਪਰ ਇਸ ਸਮੇਂ ਦੌਰਾਨ ਹੀ ਸਮਾਜਕ-ਆਰਥਿਕ ਢਾਂਚੇ ਵਿਚ ਜੋ ਤਬਦੀਲੀਆਂ ਵਾਪਰ ਰਹੀਆਂ ਸਨ, ਉਨ੍ਹਾਂ ਨੇ ਸਾਰਾ ਪਾਸਾ ਪਲਟ ਕੇ ਰੱਖ ਦਿੱਤਾ।

ਮਾਰਕਸ ਨੇ ਸਰਮਾਇਆਦਾਰੀ ਅਰਥ-ਵਿਵਸਥਾ ਦਾ ਜੋ ਵਿਸ਼ਲੇਸ਼ਣ ਕੀਤਾ ਸੀ ਉਸ ਅਨੁਸਾਰ ਇਕਨਾਮਕ ਸਰਪਲੱਸ ਜਾਂ ਮੁਨਾਫਾ ਜਿਸ ਨਾਲ ਕਿ ਆਰਥਿਕ ਢਾਂਚਾ ਵਿਕਾਸ ਕਰਦਾ ਹੈ ਕਾਮਗਾਰ ਸ਼੍ਰੇਣੀ ਦੇ ਸ਼ੋਸ਼ਣ ਤੋਂ ਜਨਮ ਲੈਂਦਾ ਹੈ। ਮਾਰਕਸ ਅਨੁਸਾਰ ਇਹ ਸ਼ੋਸ਼ਣ ਸਮੇਂ ਸਮੇਂ ਪੂੰਜੀ ਪ੍ਰਧਾਨ ਆਰਥਕ ਢਾਂਚੇ ਵਿਚ ਵਾਪਰਨ ਵਾਲੇ ਆਰਥਿਕ ਮੰਦਵਾੜੇ ਦੀ ਵੀ ਜੜ੍ਹ ਸੀ। ਇਸ ਨਾਲ ਮਜ਼ਦੂਰ ਸ਼੍ਰੇਣੀ ਤਾਂ ਗਰੀਬੀ ਦਾ ਨਰਕ ਭੋਗਣ ਲਈ ਮਜਬੂਰ ਸੀ ਹੀ ਪਰ ਉਹ ਆਰਥਿਕ ਵਿਵਸਥਾ ਵੀ ਸੰਭਵ ਨਹੀਂ ਸੀ ਜਿਸ ਵਿਚ ਬਿਨਾਂ ਕਿਸੇ ਤਨਾਉ ਅਤੇ ਊਚ-ਨੀਚ ਦੇ ਆਰਥਿਕ ਵਿਕਾਸ ਅੱਗੇ ਵਧ ਸਕੇ ਅਤੇ ਲੋਕ ਖੁਸ਼ਹਾਲੀ ਦਾ ਜੀਵਨ ਬਸਰ ਕਰ ਸਕਣ। ਮਾਰਕਸ ਦੇ ਵਿਸ਼ਲੇਸ਼ਣ ਅਨੁਸਾਰ ਫਿਊਡਲ ਅਰਥ ਵਿਵਸਥਾ ਨੂੰ ਨਸ਼ਟ ਕਰਕੇ ਸਰਮਾਇਆਦਾਰੀ ਨਿਜ਼ਾਮ ਨੇ ਜੋ ਆਰਥਿਕ ਸ਼ਕਤੀਆਂ ਵਿਕਸਤ ਕੀਤੀਆਂ ਸਨ, ਸਰਮਾਇਆਦਾਰੀ ਨਿਜ਼ਾਮ ਦੇ ਵਿਕਾਸ ਕਰ ਜਾਣ ਨਾਲ ਉਨ੍ਹਾਂ ਸ਼ਕਤੀਆਂ ਦੇ ਅਗਾਂਹ ਵਿਕਾਸ ਕਰਨ ਦੀਆਂ ਸੰਭਾਵਨਾਵਾਂ ਕੇਵਲ ਸਮਾਜਵਾਦੀ ਆਰਥਿਕ ਵਿਵਸਥਾ ਵਿਚ ਹੀ ਸੰਭਵ ਸਨ। ਪੂੰਜੀਪਤੀ ਨਿਜ਼ਾਮ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਰਸਤੇ ਵਿਚ ਰੁਕਾਵਟ ਸੀ। ਇਸ ਲਈ ਸਮਾਜਵਾਦ ਦੀ ਸਥਾਪਨਾ ਇਕ ਇਤਿਹਾਸਕ ਲੋੜ ਸੀ, ਪਰ ਇਹ ਵਿਸ਼ਲੇਸ਼ਣ ਠੀਕ ਸਿੱਧ ਨਹੀਂ ਹੋਇਆ। ਇਕ ਪਾਸੇ ਲਾਰਡ ਕੇਨਜ਼ ਅਤੇ ਹੋਰ ਅਰਥ ਸ਼ਾਸਤਰੀਆਂ ਨੇ ਇਹ ਵਿਚਾਰ ਵਿਅਕਤ ਕੀਤਾ ਕਿ ਸਮਾਜਵਾਦ ਸਥਾਪਤ ਕੀਤੇ ਬਗੈਰ ਵੀ ਆਰਥਿਕ ਢਾਂਚੇ ਵਿਚ ਅਜਿਹੀ ਤਬਦੀਲੀ ਕੀਤੀ ਜਾ ਸਕਦੀ ਹੈ ਜਿਸ ਦੁਆਰਾ ਅਰਥਚਾਰਾ ਬਾਰ-ਬਾਰ ਮੰਦਵਾੜੇ ਦਾ ਸ਼ਿਕਾਰ ਨਾ ਹੋਵੇ ਅਤੇ ਮਜ਼ਦੂਰ ਸ਼੍ਰੇਣੀ ਦੀ ਆਰਥਕ ਦਸ਼ਾ ਵਿਚ ਵੀ ਸੁਧਾਰ ਆ

ਜਾਵੇ। ਰਾਜ ਸਰਕਾਰਾਂ ਦੇ ਆਰਥਿਕ ਸਰਗਰਮੀਆਂ ਵਿਚ ਦਖਲ ਦੇਣ ਨਾਲ ਆਮਦਨ ਇਕ ਸ਼੍ਰੇਣੀ ਦੀ ਜੇਬ ਵਿਚੋਂ ਕੱਢ ਕੇ ਦੂਸਰੀ ਸ਼੍ਰੈਣੀ ਦੇ ਆਰਥਿਕ ਲਾਭ ਲਈ ਵਰਤੀ ਜਾ ਸਕਦੀ ਹੈ ਜਿਸ ਨਾਲ ਹਰ ਵਰਗ ਦੀ ਜਾਨ ਸੁਖਾਲੀ ਹੋ ਸਕੇ। ਇਸ ਆਰਥਿਕ ਪਾਲਿਸੀ ਨਾਲ ਜਿਸ ਨੂੰ ਕਿ ਵੈਲਫੇਅਰ ਸਟੇਟ ਦਾ ਨਾਂ ਦਿੱਤਾ ਗਿਆ ਹੈ ਆਰਥਿਕ ਮੰਦਵਾੜੇ ਦਾ ਦੁਸ਼ਟ ਚੱਕਰ ਠੱਲਣ ਵਿਚ ਕਾਫੀ ਸਹਾਇਤਾ ਮਿਲੀ। ਆਰਥਿਕ ਵਿਕਾਸ ਨੂੰ ਬਿਨਾਂ ਕਿਸੇ ਤਨਾਓ ਦੇ ਅੱਗੇ ਤੋਰਨ ਲਈ ਬੁਰਜੂਆ ਸ਼੍ਰੇਣੀ ਅਤੇ ਰਾਜ ਸੱਤਾ ਲਈ ਅਜਿਹਾ ਕਰਨਾ ਜ਼ਰੂਰੀ ਹੋ ਗਿਆ। ਇਹ ਇਤਿਹਾਸ ਦਾ ਇਕ ਮਹੱਤਵਪੂਰਨ ਸਬਕ ਸੀ।

ਦੂਸਰੇ ਪਾਸੇ ਪੈਦਾਵਾਰੀ ਢਾਂਚੇ ਵਿਚ ਹੈਰਾਨੀ ਜਨਕ ਤਬਦੀਲੀਆਂ ਵਾਪਰੀਆਂ। ਪਹਿਲਾਂ ਸਾਰੇ ਪੈਦਾਵਾਰੀ ਸਿਸਟਮ ਨੂੰ ਪੂੰਜੀਪਤੀ ਆਪ ਕੰਟਰੋਲ ਕਰਦਾ ਸੀ ਅਤੇ ਉਸ ਵਿਚੋਂ ਮੁਨਾਫਾ ਕੱਢਣ ਲਈ ਉਸਦਾ ਹਰ ਸਮੇਂ ਇਹ ਯਤਨ ਰਹਿੰਦਾ ਸੀ ਕਿ ਮਜ਼ਦੂਰ ਨੂੰ ਘੱਟ ਤੋਂ ਘੱਟ ਵੇਤਨ ਦਿੱਤਾ ਜਾਵੇ ਅਤੇ ਨਿਰਮਤ ਵਸਤੂ ਨੂੰ ਖੁੱਲ੍ਹੀ ਮੰਡੀ ਵਿਚ ਵੱਧ ਤੋਂ ਵੱਧ ਮੁੱਲ 'ਤੇ ਵੇਚਿਆ ਜਾਵੇ। ਪੈਦਾਵਾਰ ਦੇ ਤਿੰਨ ਮੁੱਖ ਕਾਰਕ ਸਨ : 1-ਭੋਂ, 2-ਕਿਰਤ, ਅਤੇ 3-ਪੂੰਜੀ। ਪੈਦਾਵਾਰ ਵਧਾਉਣ ਦੀ ਵਿਧੀ ਇਹ ਸੀ ਕਿ ਇਨ੍ਹਾਂ ਤਿੰਨਾਂ ਕਾਰਕਾਂ ਦੀ ਹੋਰ ਵਧੇਰੇ ਵਰਤੋਂ ਕੀਤੀ ਜਾਵੇ ਪਰ ਬਾਅਦ ਵਿਚ ਪੈਦਾਵਾਰੀ ਢਾਂਚੇ ਵਿਚ ਉਤਪਾਦਨ ਦੇ ਨਾਲ ਉਤਪਾਦਕਤਾ ਦੇ ਮਹੱਤਵ ਨੂੰ ਵੀ ਸਮਝਿਆ ਗਿਆ। ਉਤਪਾਦਕਤਾ ਵਧਾਉਣ ਲਈ ਉਤਪਾਦਨ ਦੀ ਜ਼ਿੰਮੇਵਾਰੀ ਪੇਸ਼ਾਵਰ ਪ੍ਰਬੰਧਕਾਂ ਨੂੰ ਸੌਂਪੀ ਗਈ। ਇਸ ਤਰ੍ਹਾਂ ਉਤਪਾਦਨ ਦਾ ਕੰਟਰੋਲ ਪੂੰਜੀਪਤੀ ਦੇ ਹੱਥਾਂ ਵਿਚੋਂ ਨਿਕਲ ਕੇ ਪੇਸ਼ਾਵਰ ਮੈਨੇਜਰ ਦੇ ਹੱਥ ਵਿਚ ਆ ਗਿਆ ਜਿਹੜਾ ਕਿ ਕਿਰਤੀ ਵਾਂਗ ਹੀ ਇਕ ਤਨਖਾਹਦਾਰ ਮੁਲਾਜ਼ਮ ਹੁੰਦਾ ਹੈ। ਪੇਸ਼ਾਵਰ ਮੈਨੇਜਰ ਦੀ ਸਾਰੀ ਚਤੁਰਾਈ ਇਸ ਗੱਲ ਵਿਚ ਹੈ ਕਿ ਉਹ ਉਤਪਾਦਨ ਦੇ ਕਾਰਕਾਂ ਨੂੰ ਇਸ ਤਨਾਸਬ ਵਿਚ ਵਰਤੇ ਕਿ ਜਿਸ ਨਾਲ ਲਾਗਤ ਤਾਂ ਘੱਟ ਆਵੇ ਪਰ ਉਤਪਾਦਨ ਵਧੇਰੇ ਹੋਵੇ। ਇਸ ਤਰ੍ਹਾਂ ਕਿਰਤੀ ਦਾ ਸ਼ੋਸ਼ਣ ਕੀਤੇ ਬਗੈਰ ਮੁਨਾਫਾ ਵਧਾਇਆ ਜਾ ਸਕਦਾ ਹੈ ਅਤੇ ਵਧੇ ਹੋਏ ਮੁਨਾਫੇ ਵਿਚੋਂ ਕਿਰਤੀ ਨੂੰ ਕੁਝ ਹਿੱਸਾ ਦੇ ਕੇ ਉਸਦੀ ਆਰਥਿਕ ਹਾਲਤ ਵਿਚ ਸੁਧਾਰ ਲਿਆਂਦਾ ਜਾ ਸਕਦਾ ਹੈ। ਆਰਥਿਕ ਵਿਕਾਸ ਨੇ ਆਰਥਕ ਢਾਂਚੇ ਵਿਚ ਕੁਸ਼ਲਤਾ ਕਾਇਮ ਰੱਖਣ ਲਈ ਤਿੰਨ ਬਹੁਤ ਵੱਡਮੁੱਲੀਆਂ ਸੰਸਥਾਵਾਂ ਦਿੱਤੀਆਂ। ਇਹ ਸਨ, ਖੁੱਲ੍ਹੀ ਮੰਡੀ, ਮੁਕਾਬਲਾ ਅਤੇ ਮੁਨਾਫਾ। ਪੂੰਜੀ-ਪ੍ਰਧਾਨ ਸਮਾਜ ਵਿਚ ਇਨ੍ਹਾਂ ਤਿੰਨਾਂ ਸੰਸਥਾਵਾਂ ਦੇ ਕ੍ਰਿਆਸ਼ੀਲ ਹੋਣ ਕਾਰਨ ਉਤਪਾਦਨ ਦੇ ਕਾਰਕਾਂ ਨੂੰ ਠੀਕ ਤਨਾਸਬ ਵਿਚ ਵਰਤਣ ਦੀ ਬੜੀ ਸਹੂਲਤ ਰਹਿੰਦੀ ਹੈ। ਉਤਪਾਦਨ ਦੇ ਕਾਰਕਾਂ ਦਾ ਮੁੱਖ ਖੁੱਲ੍ਹੀ ਮੰਡੀ ਵਿਚ ਮੰਗ ਅਤੇ ਮੰਗ-ਪੂਰਤੀ ਦੇ ਪਰਸਪਰ ਪ੍ਰਭਾਵ ਅਧੀਨ ਆਪਣੇ ਆਪ ਤੈਹ ਹੋ ਜਾਂਦਾ ਹੈ। ਮੁਕਾਬਲਾ ਕੁਸ਼ਲਤਾ ਨੂੰ ਕਾਇਮ ਰੱਖਦਾ ਹੈ ਅਤੇ ਮੁਨਾਫੇ ਰਾਹੀਂ ਉਤਪਾਦਨ ਵਿਚ ਦਿਖਾਈ ਕੁਸ਼ਲਤਾ-ਅਕੁਸ਼ਲਤਾ ਦਾ ਫਲ ਅਤੇ ਦੰਡ ਆਪਣੇ ਆਪ ਨਾਲੋ ਨਾਲ ਮਿਲਦਾ ਰਹਿੰਦਾ ਹੈ। ਉਤਪਾਦਨ ਦੇ ਪ੍ਰਬੰਧ ਵਿਚ ਕਿਵੇਂ ਕੁਸ਼ਲਤਾ ਲਿਆਂਦੀ ਜਾਵੇ, ਇਸਨੂੰ ਸਿਖਲਾਉਣ ਲਈ ਸਾਰੇ ਸਰਮਾਏਦਾਰ ਦੇਸ਼ਾਂ ਵਿਚ ''ਵਪਾਰਕ ਪ੍ਰਬੰਧ ਦੀਆਂ ਸੰਸਥਾਵਾਂ'' ਖੁੱਲ੍ਹ ਗਈਆਂ ਜਿਥੇ ਸਿਖਲਾਈ ਪ੍ਰਾਪਤ ਪ੍ਰਬੰਧਕਤਾ ਨੇ ਉਤਪਾਦਕਤਾ ਵਿਚ ਬੇ-ਮਿਸਾਲ ਵਾਧਾ ਕਰ ਦਿਖਾਇਆ। ਇਸ ਬੁਨਿਆਦੀ ਤਬਦੀਲੀ ਨੂੰ ''ਪ੍ਰਬੰਧਕੀ ਕ੍ਰਾਂਤੀ'' ਦਾ ਨਾਂ ਦਿੱਤਾ ਗਿਆ। ਇਸ ਕ੍ਰਾਂਤੀ ਦੇ ਮਹੱਤਵ ਨੂੰ ਭਲੀ ਭਾਂਤ ਸਮਝਣ ਲਈ ਇਸ ਪੜਾਓ 'ਤੇ ਸੋਵੀਅਤ ਸੰਘ ਅਤੇ ਪੂੰਜੀ-



ਪ੍ਰਧਾਨ ਉਤਪਾਦਕਤਾ ਵਿਚਲੇ ਫਰਕ ਨੂੰ ਸਮਝਣ ਲਈ ਦੋਨਾਂ ਦਾ ਇਕ ਸੰਖੇਪ ਜਿਹਾ ਮੁਕਾਬਲਾ ਕਰਨਾ ਬਹੁਤ ਜ਼ਰੂਰੀ ਹੈ।

ਸੋਵੀਅਤ ਯੂਨੀਅਨ ਦੇ ਜ਼ਰਾਇਤੀ ਖੇਤਰ ਵਿਚ ਜੋ ਉਤਪਾਦਨ 25 ਫੀ ਸਦੀ ਕਿਰਤ ਸ਼ਕਤੀ ਨਾਲ ਸੰਪੰਨ ਹੁੰਦਾ ਸੀ ਉਹੀ ਅਮਰੀਕਾ ਵਿਚ 3 ਫੀ ਸਦੀ ਨਾਲ ਹੁੰਦਾ ਸੀ। ਇਸੇ ਤਰ੍ਹਾਂ ਪ੍ਰਤੀ ਟਨ ਅਨਾਜ ਪੈਦਾ ਕਰਨ ਲਈ ਸੋਵੀਅਤ ਯੂਨੀਅਨ ਵਿਚ ਅਮਰੀਕਾ ਨਾਲੋਂ 30 ਫੀ ਸਦੀ ਵਧੇਰੇ ਕੱਚਾ ਮਾਲ ਵਰਤਿਆ ਜਾਂਦਾ ਸੀ। ਇਸੇ ਤਰ੍ਹਾਂ ਪ੍ਰਤੀ ਇਕ ਅਰਬ ਡਾਲਰ ਦੀ ਸਮੁੱਚੀ ਰਾਸ਼ਟਰੀ ਆਮਦਨ (ਜੀ. ਐਨ. ਪੀ.) ਪੈਦਾ ਕਰਨ ਲਈ ਸੋਵੀਅਤ ਯੂਨੀਅਨ ਵਿਚ ਅਮਰੀਕਾ ਦੇ ਮੁਕਾਬਲੇ ਵਿਚ 23ਫੀ ਸਦੀ ਵਧੇਰੇ ਈਂਧਨ ਅਤੇ ਦੁੱਗਣੀ ਧਾਤ ਵਰਤੀ ਜਾਂਦੀ ਸੀ। ਗੋਰਬਾਚੋਵ ਦੇ ਸਮੇਂ ਵਿਚ ਵੀ ਜਦੋਂ ਕਿ ਪ੍ਰਬੰਧਕੀ ਢਾਂਚੇ ਵਿਚ ਕੁਝ ਸੁਧਾਰ ਕੀਤਾ ਗਿਆ ਸੀ, ਉਤਪਾਦਿਕਤਾ ਵਿਚ ਕੋਈ ਬਹੁਤਾ ਫਰਕ ਨਾ ਪਿਆ ਕਿਉਂਕਿ ਸਮਾਜਵਾਦੀ ਅਰਥ ਸ਼ਾਸਤਰ, ਪ੍ਰਬੰਧਕੀ ਕ੍ਰਾਂਤੀ ਨੇ ਜੋ ਬੁਨਿਆਦੀ ਤਬਦੀਲੀਆਂ ਪੈਦਾ ਕਰ ਦਿੱਤੀਆਂ ਸਨ, ਉਨ੍ਹਾਂ ਨੂੰ ਗ੍ਰਿਫਤ ਵਿਚ ਲੈਣ ਦੇ ਯੋਗ ਨਹੀਂ ਸੀ। ਅਮਰੀਕਾ ਵਿਚ ਇਕ ਟਨ ਫੌਲਾਦ ਪੈਦਾ ਕਰਨ ਲਈ ਜਿੰਨਾ ਕੋਇਲਾ ਵਰਤਿਆ ਜਾਂਦਾ ਸੀ ਸੋਵੀਅਤ ਯੂਨੀਅਨ ਵਿਚ ਓਨੇ ਉਤਪਾਦਨ ਲਈ ਹੀ ਤਿੰਨ ਗੁਣਾਂ ਵਰਤਿਆ ਜਾਂਦਾ ਸੀ। ਅਮਰੀਕਾ ਵਿਚ ਨਵੀਂ ਵਿਕਸਤ ਤਕਨਾਲੋਜੀ ਸਦਕਾ ਉਤਪਾਦਕਤਾ ਅਤੇ ਉਤਪਾਦਨ ਵਿਚ ਬੇ-ਮਿਸਾਲ ਵਾਧਾ ਹੋ ਰਿਹਾ ਸੀ ਪਰ ਸੋਵੀਅਤ ਯੂਨੀਅਨ ਵਿਚ ਅਮਰੀਕਾ ਦਾ ਮੁਕਾਬਲਾ ਕਰਨ ਲਈ ਉਤਪਾਦਨ ਵਿਚ ਵਾਧਾ ਕਰਨ ਲਈ ਉਤਪਾਦਨ ਦੇ ਕਾਰਕਾਂ ਦੀ (ਭੋਂ, ਪੂੰਜੀ, ਕਿਰਤ) ਮਿਕਦਾਰ ਵੱਧ ਤੋਂ ਵਧੇਰੇ ਵਰਤੀ ਜਾ ਰਹੀ ਸੀ। ਮੰਡੀ ਵਿਚ ਮਾਲ ਲਾਹੇਵੰਦ ਕੀਮਤਾਂ 'ਤੇ ਵੇਚਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਸਦੀ ਕਵਾਲਿਟੀ ਵੀ ਬਹੁਤ ਚੰਗੀ ਹੋਵੇ ਅਤੇ ਖਪਤਕਾਰ ਦੀ ਪੂਰੀ ਤਸੱਲੀ ਹੋਵੇ, ਨਹੀਂ ਤਾਂ ਉਤਪਾਦਨ ਦੇ ਤਿੰਨਾਂ ਕਾਰਕਾਂ ਦੇ ਖਪ ਜਾਣ ਦੇ ਬਾਵਜੂਦ ਵੀ ਨਿਰਮਤ ਮਾਲ ਘੱਟ ਕੀਮਤ 'ਤੇ ਵਿਕਦਾ ਹੈ ਜਾਂ ਗੁਦਾਮਾਂ ਵਿਚ ਪਿਆ ਰਹਿੰਦਾ ਹੈ। 1988 ਵਿਚ ਸੋਵੀਅਤ ਯੂਨੀਅਨ ਵਿਚ ਜੋ ਵਸਤਾਂ ਪੈਦਾ ਹੁੰਦੀਆਂ ਸਨ, ਉਨ੍ਹਾਂ ਵਿਚੋਂ ਕੇਵਲ 14.2 ਫੀ ਸਦੀ ਹੀ ਅੰਤਰਰਾਸ਼ਟਰੀ ਪੱਧਰ ਦੀਆਂ ਸਨ ਪਰ ਜੇ ਵਧੀਆ ਕਵਾਲਿਟੀ ਦੇ ਮਿਆਰ ਸਖਤੀ ਨਾਲ ਲਾਗੂ ਕੀਤੇ ਜਾਣ ਤਾਂ 7-8 ਫੀ ਸਦੀ ਵਸਤਾਂ ਹੀ ਇਸ ਮਿਆਰ 'ਤੇ ਪੂਰੀਆਂ ਉਤਰਦੀਆਂ ਸਨ। ਭੈੜੀ ਕਵਾਲਿਟੀ ਸਦਕਾ ਨਿਰਮਤ ਵਸਤੂਆਂ ਖਪਤਕਾਰਾਂ ਦੇ ਨੱਕ ਥੱਲੇ ਨਹੀਂ ਸਨ ਆਉਂਦੀਆਂ। ਖਪਤਕਾਰ ਨੂੰ ਮਾੜੀ ਕਵਾਲਿਟੀ ਦੀ ਵਸਤੂ ਖਰੀਦਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਇਸ ਕਰਕੇ ਸੋਵੀਅਤ ਯੂਨੀਅਨ ਵਿਚ ਅਣ ਵਿਕੇ ਮਾਲ ਦੇ ਗੁਦਾਮ ਭਰੇ ਰਹਿਣ ਲੱਗ ਪਏ। 1964 ਵਿਚ ਇਕ ਅਨੁਮਾਨ ਅਨੁਸਾਰ ਦੁਕਾਨਾਂ ਦੇ ਗੁਦਾਮਾਂ ਵਿਚ ਅਣ-ਵਿਕਿਆ ਕੱਪੜਾ, ਹੌਜ਼ਰੀ ਦਾ ਸਾਮਾਨ, ਵਸਤਰ ਅਤੇ ਸਿਲਾਈ ਮਸ਼ੀਨਾਂ ਏਨੀਆਂ ਜਮ੍ਹਾਂ ਹੋ ਗਈਆਂ ਸਨ ਕਿ ਜੇ ਸਾਲ ਭਰ ਇਨ੍ਹਾਂ ਵਸਤਾਂ ਦਾ ਉਤਪਾਦਨ ਪੂਰੀ ਤਰ੍ਹਾਂ ਰੋਕ ਵੀ ਦਿੱਤਾ ਜਾਂਦਾ ਤਾਂ ਮੰਗ ਫੇਰ ਵੀ ਪੂਰੀ ਕੀਤੀ ਜਾ ਸਕਦੀ ਸੀ। ਅਣ-ਵਿਕੀਆਂ ਉਪਭੋਗਤਾ ਵਸਤੂਆਂ ਗੁਦਾਮਾਂ ਵਿਚ ਏਨੀਆਂ ਜਮ੍ਹਾਂ ਹੋ ਗਈਆਂ ਸਨ ਕਿ ਉਨ੍ਹਾਂ ਦਾ ਮੁੱਲ 20 ਅਰਬ ਰੂਬਲ ਤੋਂ ਵੀ ਵੱਧ ਬਣਦਾ ਸੀ। ਆਰਥਿਕ ਮੰਦਵਾੜੇ ਦੇ ਦਿਨਾਂ ਵਿਚ ਅਮਰੀਕਾ ਵਿਚ ਵੀ ਏਨਾ ਅਣ-ਵਿਕਿਆ ਮਾਲ ਗੁਦਾਮਾਂ ਵਿਚ ਨਹੀਂ ਸੀ ਸੜ ਰਿਹਾ। ਪਰ ਸਮਾਜਵਾਦੀ ਆਰਥਿਕ ਵਿਵਸਥਾ ਵਿਚ ਸਾਰਾ ਨੁਕਸਾਨ ਸਮਾਜ ਦਾ ਹੁੰਦਾ ਹੈ ਕਿਉਂਕਿ ਉਤਪਾਦਨ ਦੇ ਸਾਰੇ ਸੰਦਾਂ ਉਤੇ

ਸਮਾਜ ਕਾਬਜ਼ ਹੁੰਦੀ ਹੈ ਅਤੇ ਉਹੋ ਹੀ ਇਸ ਦਾ ਪ੍ਰਬੰਧ ਕਰ ਰਹੀ ਸਮਝੀ ਜਾਂਦੀ ਹੈ। ਇਸ ਲਈ ਅਣ-ਵਿਕੇ ਮਾਲ ਸਦਕਾ ਜੋ ਨੁਕਸਾਨ ਹੋ ਰਿਹਾ ਸੀ ਉਸਦਾ ਕਿਸੇ ਵਿਅਕਤੀ ਨੂੰ ਦਰਦ ਨਹੀਂ ਸੀ। ਨਾ ਕਿਸੇ ਦਾ ਨੁਕਸਾਨ ਹੋ ਰਿਹਾ ਸੀ ਅਤੇ ਨਾ ਹੀ ਕਿਸੇ ਵਿਅਕਤੀ ਨੂੰ ਇਸ ਅਰਥ-ਵਿਵਸਥਾ ਵਿਚੋਂ ਮੁਨਾਫੇ ਦੀ ਉਮੀਦ ਸੀ। ਇਸ ਲਈ ਨਿੱਜੀ ਪੱਧਰ 'ਤੇ ਹਾਲਾਤ ਨੂੰ ਸੁਧਾਰਨ ਵੱਲ ਕਿਸੇ ਦਾ ਧਿਆਨ ਨਹੀਂ ਸੀ। ਨੁਕਸਾਨ ਦੀ ਪੂਰਤੀ ਬਜਟ ਵਿਚੋਂ ਹੋਈ ਜਾਂਦੀ ਸੀ। 80ਵਿਆਂ ਵਿਚ 40ਫੀ ਸਦੀ ਅਦਾਰੇ ਘਾਟੇ 'ਤੇ ਚਲ ਰਹੇ ਸਨ ਅਤੇ ਸਮੇਂ ਦੇ ਲਾਂਘੇ ਨਾਲ ਇਸ ਗਿਣਤੀ ਵਿਚ ਵਾਧਾ ਹੁੰਦਾ ਗਿਆ। ਪੰਜਾਬ ਦੇ ਕਿਸਾਨਾਂ ਨੂੰ ਵੀ ਸਮਾਜਵਾਦੀ ਅਰਥ-ਵਿਵਸਥਾ ਵਿਚ ਕਵਾਲਿਟੀ ਵੱਲੋਂ ਅਵੇਸਲੇਪਨ ਦਾ ਕੁਝ ਤਜਰਬਾ ਹੈ। ਪੰਜਾਬ ਸਰਕਾਰ ਨੇ ਰੁਮਾਨੀਆ ਤੋਂ ਟਰੈਕਟਰ ਦਰਾਮਦ ਕੀਤੇ ਸਨ ਪਰ ਵਰਤੋਂ ਸਮੇਂ ਉਹ ਏਨੇ ਨਿਕੰਮੇ ਸਾਬਤ ਹੋਏ ਕਿ ਕਿਸਾਨਾਂ ਨੂੰ ਆਪਣੇ ਨੁਕਸਾਨ ਦੀ ਪੂਰਤੀ ਲਈ ਕਾਫੀ ਸੰਘਰਸ਼ ਕਰਨਾ ਪਿਆ ਸੀ ਅਤੇ ਬਾਅਦ ਵਿਚ ਸੋਸ਼ਲਿਸਟ ਦੇਸ਼ਾਂ ਤੋਂ ਦਰਾਮਦ ਕੀਤੇ ਜਾਣ ਵਾਲੇ ਮਾਲ ਦੀ ਸਾਖ ਪੰਜਾਬ ਵਿਚ ਏਨੀ ਗਿਰੀ ਕਿ ਕੋਈ ਇਸ ਮਾਲ ਵੱਲ ਮੂੰਹ ਨਹੀਂ ਸੀ ਕਰਦਾ।

ਸਮਾਜਵਾਦ ਨੂੰ ਜੋ ਢਾ ਲੱਗੀ ਹੈ ਉਸਦਾ ਮੁੱਖ ਕਾਰਨ ਸਮਾਜਵਾਦੀ ਆਰਥਿਕ ਵਿਵਸਥਾ ਵਿਚ ਉਤਪਾਦਕਤਾ ਦੀ ਬਹੁਤ ਨੀਵੀਂ ਪੱਧਰ ਸੀ। ਇਸ ਕਾਰਨ ਕਿਰਤੀ ਵਰਗ ਨੂੰ ਵੀ ਬਹੁਤ ਨੁਕਸਾਨ ਹੋਇਆ। ਸਮਾਜਵਾਦੀ ਅਰਥ-ਵਿਵਸਥਾ ਸਥਾਪਤ ਹੋਈ ਸੀ ਕਿਰਤੀ ਦੇ ਹਿੱਤ ਪੂਰਨ ਲਈ ਪਰ ਇਹ ਸੁਪਨਾ ਵੀ ਸਾਕਾਰ ਨਾ ਹੋਇਆ। ਉਤਪਾਦਕਤਾ ਵਿਚ ਬੇ-ਮਿਸਾਲ ਵਾਧੇ ਕਾਰਨ ਸਰਮਾਇਆਦਾਰ ਦੇਸ਼ਾਂ ਵਿਚ ਮਜ਼ਦੂਰਾਂ ਦੀ ਆਰਥਿਕ ਹਾਲਤ ਵਿਚ ਕਾਫੀ ਸੁਧਾਰ ਆਇਆ। ਉਨ੍ਹਾਂ ਦਾ ਜੀਵਨ ਪੱਧਰ ਸੋਵੀਅਤ ਜੀਵਨ ਨਾਲੋਂ ਕਿਤੇ ਵਧੀਆ ਸੀ। 1979-1989 ਦੇ ਦਹਾਕੇ ਦੌਰਾਨ 10,000 ਸੋਵੀਅਤ ਖਾਣ ਮਜ਼ਦੂਰ ਕੰਮ ਦੌਰਾਨ ਮਾਰੇ ਗਏ ਪਰ ਅਮਰੀਕਾ ਵਿਚ ਇਸ ਸਮੇਂ ਦੌਰਾਨ ਜੋ ਮਜ਼ਦੂਰ ਮਾਰੇ ਗਏ ਇਹ ਗਿਣਤੀ ਉਸ ਨਾਲੋਂ ਅੱਠ ਗੁਣਾ ਵਧੇਰੇ ਸੀ। ਸੋਵੀਅਤ ਖਾਣ ਮਜ਼ਦੂਰ ਦੀ ਜੀਵਨ ਆਸ ਦੀ ਦਰ 49 ਸਾਲ ਸੀ ਅਤੇ ਇਸ ਦੇ ਮੁਕਾਬਲੇ ਵਿਚ ਅਮਰੀਕਨ ਖਾਣ ਮਜ਼ਦੂਰਾਂ ਦੀ ਦਰ 70 ਸਾਲ ਸੀ। ਨੋਬਲ ਪੁਰਸਕਾਰ ਵਿਜੇਤਾ ਅਰਥ ਸ਼ਾਸਤਰੀ ਸੈਮੁਉਲਸਨ ਨੇ ਵਿਚਾਰ ਵਿਅਕਤ ਕੀਤਾ ਹੈ ਕਿ ਮਾਰਕਸ ਦੀ ਇਹ ਪੇਸ਼ੀਨਗੋਈ ਸਹੀ ਸਿੱਧ ਨਹੀਂ ਹੋਈ ਕਿ ਪੂੰਜੀ-ਪ੍ਰਧਾਨ ਅਰਥ-ਵਿਵਸਥਾ ਵਿਚ ਪੂੰਜੀ-ਪਤੀ ਹੋਰ ਅਮੀਰ ਅਤੇ ਮਜ਼ਦੂਰ ਹੋਰ ਗਰੀਬ ਹੁੰਦੇ ਜਾਣਗੇ। ''ਉਸਦੀ ਇਹ ਧਾਰਨਾ ਕਿ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਜਾਣਗੇ , ਬਾਰੀਕੀ ਨਾਲ ਕੀਤੀ ਗਈ ਇਤਿਹਾਸਕ ਅਤੇ ਅੰਕੜਾ ਵਿਗਿਆਨਕ ਖੋਜ ਦੇ ਆਧਾਰ 'ਤੇ ਸਹੀ ਸਿੱਧ ਨਹੀਂ ਹੁੰਦੀ। ਯੋਰਪ ਅਤੇ ਅਮਰੀਕਾ ਵਿਚ ਸਪਸ਼ਟ ਤੌਰ 'ਤੇ ਅਟੱਲ ਅਤੇ ਲਗਾਤਾਰ ਅਲਪਤਮ ਜੀਵਨ-ਪੱਧਰਾਂ ਵਿਚ ਸੁਧਾਰ ਹੁੰਦਾ ਜਾ ਰਿਹਾ ਹੈ ਭਾਵੇਂ ਇਸ ਨੂੰ ਮਾਪਨ ਲਈ ਅਨਾਜ ਦੀ ਖਪਤ, ਵਸਤਰਾਂ ਦੇ ਪਹਿਨਾਵੇ ਅਤੇ ਭਾਵੇ ਰਿਹਾਇਸ਼ੀ ਮਕਾਨਾਂ ਯਾ ਜੀਵਨ ਦੀ ਆਸ ਨੂੰ ਹੀ ਮਾਨ-ਮਾਪ ਲਈ ਵਰਤਿਆ ਜਾਵੇ।'' ਜਿਵੇਂ ਕਿ ਪਹਿਲਾਂ ਸੰਕੇਤ ਕੀਤਾ ਗਿਆ ਹੈ ਇਹ ਤਬਦੀਲੀ ਇਕ ਪਾਸੇ ਉਤਪਾਦਕਤਾ ਵਿਚ ਬੇ-ਮਿਸਾਲ ਵਾਧੇ ਕਾਰਨ ਅਤੇ ਦੂਸਰੇ ਪਾਸੇ ਪ੍ਰਭਾਵੀ ਮੰਗ ਨੂੰ ਸਥਿਰ ਰੱਖਣ ਅਤੇ ਉਸਦੇ ਖੇਤਰ ਵਿਚ ਫੈਲਾਓ ਪੈਦਾ ਕਰਨ ਕਰਕੇ ਸੰਭਵ ਹੋਈ। ਅਰਥ ਸ਼ਾਸਤਰੀਆਂ ਦੇ ਆਰਥਿਕ ਮੰਦਵਾੜੇ ਦੇ ਵਿਸ਼ਲੇਸ਼ਨ ਨੇ ਇਹ ਸਿੱਧ ਕਰ ਦਿੱਤਾ ਸੀ ਕਿ ਨਿਰਮਤ ਮਾਲ ਦੀ ਖਪਤ



ਲਈ ਇਹ ਜ਼ਰੂਰੀ ਹੈ ਕਿ ਪ੍ਰਭਾਵੀ ਮੰਗ ਦੇ ਖੇਤਰ ਵਿਚ ਲਗਾਤਾਰ ਵਾਧਾ ਕੀਤਾ ਜਾਵੇ ਨਹੀਂ ਤਾਂ ਸਾਰੀ ਅਰਥ ਵਿਵਸਥਾ ਹੀ ਡਗਮਗਾ ਜਾਵੇਗੀ। ਸਮਾਜਵਾਦੀ ਚਿੰਤਕਾਂ ਨੇ ਵੀ ਇਸ ਬੁਨਿਆਦੀ ਤਬਦੀਲੀ ਨੂੰ ਸਵਿਕਾਰ ਕੀਤਾ ਹੈ। ਸੁਪ੍ਰਸਿੱਧ ਕ੍ਰਾਂਤੀਕਾਰੀ ਅਤੇ ਸਮਾਜਵਾਦੀ ਚਿੰਤਕ ਰੈਜਿਸ ਡੈਬਰੇ, ਜਿਸ ਨੇ ਆਪਣੀ ਪੁਸਤਕ ''ਇਨਕਲਾਬ ਦਰ ਇਨਕਲਾਬ'' ਰਾਹੀਂ ਸੰਸਾਰ ਦੇ ਸਾਰੇ ਸਮਾਜਵਾਦੀ ਚਿੰਤਕਾਂ ਦਾ ਧਿਆਨ ਆਕ੍ਰਸ਼ਤ ਕੀਤਾ ਸੀ, ਨੇ 1979 ਵਿਚ ਆਪਣੇ ਇਕ ਲੇਖ ਵਿਚ ਇਹ ਵਿਚਾਰ ਵਿਅਕਤ ਕੀਤਾ ਸੀ, ''ਉਦਯੋਗੀਕਰਨ ਨੂੰ ਇਕ ਨੈਤਕਤਾ ਪ੍ਰਦਾਨ ਕਰਨੀ ਹੀ ਪੈਣੀ ਸੀ। ਇਹ ਇਸ ਕਰਕੇ ਨਹੀਂ ਸੀ ਹੋਇਆ ਕਿ ਸ਼ਾਇਰ ਇਕ ਨਵੀਂ ਨੈਤਕਤਾ ਦੀ ਮੰਗ ਕਰ ਰਹੇ ਸਨ ਬਲਕਿ ਇਸ ਕਰਕੇ ਹੋਇਆ ਕਿ ਇਹ ਉਦਯੋਗੀਕਰਨ ਦੀ ਆਪਣੀ ਲੋੜ ਸੀ।''

ਆਰਥਿਕ ਢਾਂਚੇ ਵਿਚ ਸਭ ਤੋਂ ਮਹੱਤਵਪੂਰਨ ਅਤੇ ਬੁਨਿਆਦੀ ਤਬਦੀਲੀ ਇਹ ਆਈ ਹੈ ਕਿ ਹੁਣ ਉਦਯੋਗ ਦੀ ਚਾਲਕ ਸ਼ਕਤੀ ਪਹਿਲਾਂ ਵਾਂਗ ਪੂੰਜੀ ਨਹੀਂ ਬਲਕਿ ''ਗਿਆਨ'' ਹੈ। ਹੁਣ ਉਤਪਾਦਨ ਦਾ ਪੂਰਨ ਤੌਰ 'ਤੇ ਨਿਰਣਾਇਕ ਕਾਰਕ ਨਾਂ ਭੋਂ ਹੈ ਨਾ ਹੀ ਪੂੰਜੀ ਅਤੇ ਨਾ ਹੀ ਕ੍ਰਿਤ ਜਿਵੇਂ ਕਿ ਪੂੰਜੀਵਾਦ ਦੀ ਚੜ੍ਹਤ ਸਮੇਂ ਸੀ। ਅੱਜਕੱਲ੍ਹ ਹਕੀਕੀ ਅਤੇ ਨਿਯੰਤਰਕ ''ਸਾਧਨ'' ਗਿਆਨ ਹੈ। ਕਲਾਸਕੀ ਪੂੰਜੀਵਾਦੀ ਅਰਥ -ਵਿਵਸਥਾ ਵਿਚ ਪ੍ਰਸੰਗਕ ਸ਼੍ਰੇਣੀਆਂ ਕੇਵਲ ਦੋ ਹੀ ਸਨ : ਪ੍ਰੋਲਤਾਰੀ ਅਤੇ ਪੂੰਜੀਪਤੀ। ਪਰ ਹੁਣ ਇਨ੍ਹਾਂ ਦੀ ਥਾਂ ਗਿਆਨਵਾਨ ਕਾਮਿਆਂ ਅਤੇ ਸੇਵਾ ਕਾਮਗਾਰਾਂ ਨੇ ਲੈ ਲਈ ਹੈ। ਹੁਣ ਇਕ ਨਵੇਂ ਸਮਾਜ ਨੇ ਜਨਮ ਲਿਆ ਹੈ ਜਿਸ ਨੂੰ ''ਇਨਫਰਮੇਸ਼ਨ ਸੋਸਾਇਟੀ'' ਅਰਥਾਤ ਗਿਆਨਮੁਖੀ ਸਮਾਜ ਦਾ ਨਾਂ ਦਿੱਤਾ ਗਿਆ ਹੈ। ਇਸ ਸਮਾਜ ਵਿਚ ਸਰਬਰਾਹੀ ''ਗਿਆਨਵਾਨ ਕਾਮੇ'' ਦੇ ਹੱਥ ਵਿਚ ਆ ਗਈ ਹੈ।

ਇਹ ਇਕ ਬਹੁਤ ਹੀ ਕਰਾਂਤੀਕਾਰੀ ਤਬਦੀਲੀ ਹੈ। ਪਹਿਲਾਂ ਕਿਸੇ ਦੇਸ਼ ਦੀ ਦੌਲਤ ਭੋਂ, ਪੂੰਜੀ ਅਤੇ ਕ੍ਰਿਤ ਸ਼ਕਤੀ 'ਤੇ ਆਧਾਰਤ ਸੀ ਪਰ ਹੁਣ ਇਹ ਗਿਆਨ ਆਧਾਰਤ ਹੈ। ਇਸ ਅਰਥ ਵਿਵਸਥਾ ਨੂੰ ''ਉਤਰ ਪੂੰਜੀਵਾਦ'' ਦਾ ਨਾਂ ਦਿੱਤਾ ਗਿਆ ਹੈ। ਕਈ ਇਸ ਨੂੰ ਉਤਰ ਆਧੁਨਿਕ ਯੁੱਗ ਵੀ ਆਖਦੇ ਹਨ। ਇਸ ਨਵੇਂ ਸਮਾਜ ਵਿਚ ਚੜ੍ਹਤ ਗਿਆਨਵਾਨ ਕਾਮੇ ਦੀ ਹੈ। ਹੁਣ ਤਕ ਵਿਰਾਸਤ ਵਿਚ ਮਿਲੀ ਹੋਈ ਦੌਲਤ ਸਦਕਾ ਪੂੰਜੀਪਤੀ ਦੀ ਇਕ ਤੋਂ ਬਾਅਦ ਦੂਜੀ ਪੀੜ੍ਹੀ ਆਰਥਿਕ ਸ਼ਕਤੀ ਨੂੰ ਆਪਣੇ ਨਿਯੰਤਰਨ ਵਿਚ ਰੱਖਣ ਵਿਚ ਸਫਲ ਹੋ ਜਾਂਦੀ ਸੀ। ਜੇਕਰ ਪੂੰਜੀਪਤੀ ਬਹੁਤ ਲਾਇਕ ਨਾ ਵੀ ਹੋਵੇ ਤਾਂ ਵੀ ਉਹ ਵਿਵੇਕਸ਼ੀਲ ਮੈਨੇਜਰ ਨੂੰ ਤਨਖਾਹਦਾਰ ਮੁਲਾਜ਼ਮ ਰੱਖ ਕੇ ਬੁੱਤਾ ਸਾਰ ਲੈਂਦਾ ਸੀ। ਸਾਰੇ ਉਦਯੋਗਕ ਉਤਪਾਦਨ ਦਾ ਧੁਰਾ ਪੂੰਜੀ ਸੀ। ਮੈਨੇਜਰ ਭਾਵੇਂ ਕਿੰਨਾ ਵੀ ਲਾਇਕ ਕਿਉਂ ਨਾ ਹੋਵੇ ਉਸਨੂੰ ਪੂੰਜੀਪਤੀ ਦੀ ਅਧੀਨਗੀ ਸਹਿਣੀ ਹੀ ਪੈਂਦੀ ਸੀ ਕਿਉਂਕਿ ਉਦਯੋਗ ਬਿਨਾਂ ਸੰਚਿਤ ਪੂੰਜੀ ਦੇ ਚੱਲ ਨਹੀਂ ਸੀ ਸਕਦਾ ਅਤੇ ਇਹੋ ਗੱਲ ਵਿਵੇਕਸ਼ੀਲ ਕਾਮੇ ਦੇ ਅੱਗੇ ਵਧਣ ਦੇ ਰਸਤੇ ਵਿਚ ਰੁਕਾਵਟ ਬਣ ਜਾਂਦੀ ਸੀ ਅਤੇ ਇਹੋ ਅੜਿੱਕਾ ਪੂੰਜੀਪਤੀ ਨੂੰ ਸ਼ਕਤੀ ਪ੍ਰਦਾਨ ਕਰ ਦੇਂਦਾ ਸੀ ਕਿ ਉਹ ਆਪਣੇ ਹਿੱਤ ਵਿਚ ਕਿਸੇ ਦਾ ਸ਼ੋਸ਼ਨ ਕਰ ਸਕੇ। ਪਰ ਉਤਰ ਆਧੁਨਿਕ ਯੁੱਗ ਵਿਚ ਪਰਿਸਥਿਤੀਆਂ ਬਿਲਕੁਲ ਬਦਲ ਗਈਆਂ ਹਨ ਅਤੇ ਸਮੇਂ ਦੇ ਲਾਂਘੇ ਨਾਲ ਹੋਰ ਵੀ ਬਦਲ ਜਾਣਗੀਆਂ। ਉਤਰ ਆਧੁਨਿਕ ਯੁੱਗ ਵਿਚ ਹਕੀਕੀ ਪੂੰਜੀ ਨਵੇਂ ਨਵੇਂ ਵਿਚਾਰ ਅਤੇ ਨਵੀਂ ਤੋਂ ਨਵੀਂ ਘਾੜਤ ਹੋਵੇਗੀ। ਵਿਵੇਕਸ਼ੀਲ ਕਾਮਾ ਜਾਂ ਉੱਦਮੀ ਭਾਵੇਂ ਉਸ ਕੋਲ ਰਵਾਇਤੀ ਪੂੰਜੀ ਨਾ ਵੀ ਹੋਵੇ ਮਰਕੀਟ ਵਿਚੋਂ ਪੂੰਜੀ ਦਾ ਪ੍ਰਬੰਧ ਕਰਕੇ ਆਪਣਾ ਧੰਦਾ ਚਲਾ ਲਵੇਗਾ। 18ਵੀਂ,

19ਵੀਂ ਅਤੇ 20ਵੀਂ ਸਦੀ ਵਿਚ ਧਨ ਜਾਂ ਪੂੰਜੀ ਕਿਰਤ ਅਤੇ ਸਰਮਾਏ ਦੇ ਸੰਯੋਗ ਤੋਂ ਪੈਦਾ ਹੁੰਦੀ ਸੀ ਪਰ ਉਤਰ ਆਧੁਨਿਕ ਯੁੱਗ ਜਾਂ ਉਤਰ ਉਦਯੋਗਿਕ ਯੁੱਗ ਵਿਚ ਸਾਰੇ ਉਤਪਾਦਨ ਦਾ ਧੁਰਾ ਬੁੱਧ-ਵਿਵੇਕ, ਨਵੇਂ ਵਿਚਾਰ ਅਤੇ ਨਵੀਂ ਤੋਂ ਨਵੀਂ ਘਾੜਤ ਹੋਵੇਗੀ। ਇਸ ਯੁੱਗ ਵਿਚ ਉਤਪਾਦਨ ਨਾਲੋਂ ਉਤਪਾਦਕਤਾ ਦੀ ਵਧੇਰੇ ਮਹੱਤਤਾ ਹੋਵੇਗੀ। ਅਜਿਹੇ ਯੁੱਗ ਵਿਚ ਪੂੰਜੀਪਤੀ ਦੀ ਚੜ੍ਹਤ ਸਮਾਪਤ ਹੋ ਜਾਵੇਗੀ। ਕਿਉਂਕਿ ਗਿਆਨ ਆਧਾਰਤ ਉਦਯੋਗ ਵਿਚ ਹਕੀਕੀ ਪੂੰਜੀ ਗਿਆਨਵਾਨ ਕਾਮੇ ਦਾ ਗਿਆਨ ਅਤੇ ਉਸਦੀ ਨਵੀਂ ਘਾੜਤ ਨੂੰ ਹੋਂਦ ਵਿਚ ਲਿਆਉਣ ਅਤੇ ਵਰਤਣ ਦੀ ਯੋਗਤਾ ਹੈ। ਇਸ ਲਈ ਜਦੋਂ ਉਹ ਕਿਸੇ ਅਦਾਰੇ ਨੂੰ ਛੱਡ ਕੇ ਜਾਵੇਗਾ ਤਾਂ ਉਸ ਉਦਯੋਗ ਦੀ ਪੂੰਜੀ ਉਹ ਆਪਣੇ ਨਾਲ ਲੈ ਜਾਵੇਗਾ। ਇਕ ਹੋਰ ਬੁਨਿਆਦੀ ਤਬਦੀਲੀ ਇਸ ਉਤਰ ਆਧੁਨਿਕ ਯੁੱਗ ਦੀ ਇਹ ਹੋਵੇਗੀ ਕਿ ਇਸ ਯੁੱਗ ਦੀ ਚਾਲਕ ਸ਼ਕਤੀ ਅਰਥਾਤ ''ਗਿਆਨ'' ਨੂੰ ਕੋਈ ਸੰਚਿਤ ਕਰਕੇ ਵਿਰਸੇ ਵਿਚ ਆਪਣੀ ਉਲਾਦ ਲਈ ਨਹੀਂ ਛੱਡ ਸਕੇਗਾ। ਧਨ ਇਕੱਠਾ ਕਰਕੇ ਤਾਂ ਆਪਣੀ ਉਲਾਦ ਲਈ ਵਿਰਸੇ ਵਿਚ ਛੱਡਿਆ ਜਾ ਸਕਦਾ ਹੈ ਪਰ ਬੁੱਧ-ਵਿਵੇਕ ਨਹੀਂ। ਇਸੇ ਲਈ ਆਉਣ ਵਾਲੇ ਯੁੱਗ ਵਿਚ ਬਹੁਤੀ ਅਸਮਾਨਤਾ ਨਹੀਂ ਹੋਵੇਗੀ। ਦੌਲਤਮੰਦ ਹੋਣ ਲਈ ਗਿਆਨ ਪ੍ਰਾਪਤੀ ਵਿਚ ਪ੍ਰਬੀਨ ਹੋਣਾ ਲਾਜ਼ਮੀ ਹੋ ਜਾਵੇਗਾ। ਇਹ ਤਾਂ ਸਪਸ਼ਟ ਹੀ ਹੈ ਕਿ ਗਿਆਨ ਅਤੇ ਵਿਵੇਕ ਪ੍ਰਾਪਤ ਕਰਨ ਦੇ ਰਸਤੇ ਵਿਚ ਦੌਲਤ ਬਹੁਤੀ ਸਹਾਈ ਨਹੀਂ ਹੁੰਦੀ।

ਇਸ ਉਤਰ ਆਧੁਨਿਕ ਯੁੱਗ ਜਾਂ ਉਤਰ ਉਦਯੋਗਿਕ ਯੁੱਗ ਦੀ ਇਕ ਝਲਕ ਦਿਖਲਾਉਣ ਲਈ ਸੰਸਾਰ ਦੇ ਇਸ ਵੇਲੇ ਦੇ ਸਭ ਤੋਂ ਦੌਲਤਮੰਦ ਵਿਅਕਤੀ ਬਿੱਲ ਗੇਟਸ ਦੇ ਕੈਰੀਅਰ, ਉਸਦੇ ਉਦਯੋਗ ਧੰਦੇ ਅਤੇ ਕੰਮ-ਕਾਜ ਦੇ ਢੰਗ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ। ਬਿੱਲ ਗੇਟਸ ਅਮਰੀਕਾ ਦਾ ਨਾਗਰਿਕ ਹੈ। ਉਸਦੀ ਉਮਰ ਇਸ ਵੇਲੇ ਕੇਵਲ 41 ਵਰ੍ਹੇ ਦੀ ਹੈ। ਉਸਦੀ 1995 ਵਿਚ ਪੂੰਜੀ 13 ਅਰਬ ਡਾਲਰ ਆਂਕੀ ਗਈ ਸੀ। ਪਰ ਇਸ ਛੋਟੀ ਉਮਰ ਵਿਚ ਹੀ ਉਹ ਸੰਸਾਰ ਦਾ ਸਭ ਤੋਂ ਧੰਨਵਾਨ ਵਿਅਕਤੀ ਬਣ ਗਿਆ ਹੈ। ਇਹ ਜਾਨਣਾ ਬਹੁਤ ਹੈਰਾਨੀਜਨਕ ਹੋਵੇਗਾ ਕਿ ਬਿੱਲ ਗੇਟਸ ਕੋਈ ਫੈਕਟਰੀਆਂ-ਕਾਰਖਾਨਿਆਂ ਦਾ ਮਾਲਕ ਨਹੀਂ। ਉਸ ਪਾਸ ਮਿੱਟੀ ਦੇ ਤੇਲ ਦੇ ਖੂਹ ਵੀ ਨਹੀਂ। ਨਾ ਹੀ ਉਹ ਜਹਾਜ਼ਾਂ ਦੀ ਕਿਸੇ ਕੰਪਨੀ ਦਾ ਮਾਲਕ ਹੈ। ਨਾ ਹੀ ਉਹ ਕੋਈ ਬੈਂਕ ਚਲਾਉਂਦਾ ਹੈ। ਉਹ ਇਕ ਕੰਪਨੀ-ਮਾਈਕਰੋਸੌਫਟ ਦਾ ਮਾਲਕ ਹੈ ਜੋ ਕੋਈ ਸਥੂਲ ਵਸਤੂ ਨਿਰਮਤ ਨਹੀਂ ਕਰਦੀ। ਉਸਦੀ ਕੰਪਨੀ ਗਿਆਨ ਦੇ ਸਿਸਟਮਾਂ ਦਾ ਨਿਰਮਾਣ ਕਰਦੀ ਹੈ ਜਿਸਨੂੰ ਸੌਫਟਵੇਅਰ ਕਹਿੰਦੇ ਹਨ। ਬਿੱਲ ਗੇਟਸ ਨੂੰ ਇਹ ਉਦਯੋਗ ਧੰਦਾ ਵਿਰਸੇ ਵਿਚ ਨਹੀਂ ਮਿਲਿਆ। ਇਹ ਸਾਰਾ ਉਸਦੀ ਆਪਣੀ ਕਿਰਤ ਕਮਾਈ ਹੈ। ਉਹ ਅਜੇ ਸਕੂਲ ਵਿਚ ਹੀ ਪੜ੍ਹਦਾ ਸੀ ਅਤੇ ਕੇਵਲ 17 ਸਾਲਾਂ ਦਾ ਸੀ ਜਦੋਂ ਉਸਨੇ ਇਕ ਸੌਫਟਵੇਅਰ ਪ੍ਰੋਗਰਾਮ ਬਣਾ ਕੇ ਆਪਣੇ ਸਕੂਲ ਪਾਸ ਹੀ 4200 ਡਾਲਰ ਦਾ ਵੇਚਿਆ। ਸੌਫਟਵੇਅਰ ਕੀ ''ਸ਼ੈ'' ਹੈ? ਸੌਫਟਵੇਅਰ ਇਕ ਕੋਡ ਭਾਸ਼ਾ ਹੈ। ਕੰਪਿਊਟਰ ਇਸ ਕੋਡ ਭਾਸ਼ਾ ਨੂੰ ਸਮਝਦਾ ਹੈ ਅਤੇ ਇਸ ਭਾਸ਼ਾ ਰਾਹੀਂ ਉਸਨੂੰ ਜੋ ਆਦੇਸ਼ ਦਿੱਤਾ ਜਾਂਦਾ ਹੈ, ਉਹ ਉਸ 'ਤੇ ਅਮਲ ਕਰਦਾ ਹੈ। ਉਸੇ ਆਦੇਸ਼ ਅਨੁਸਾਰ ਦਿੱਤਾ ਗਿਆ ਕਾਰਜ ਨੇਪਰੇ ਚਾੜ੍ਹਦਾ ਹੈ। ਅੱਜ ਮਾਈਕਰੋਸੌਫਟ ਕੰਪਨੀ ਦੀ ਸਾਖ ਸਾਰੇ ਸੰਸਾਰ ਵਿਚ ਸਭ ਕਾਰਪੋਰੇਸ਼ਨਾਂ ਤੋਂ ਉੱਚੀ ਹੈ। ਬਿੱਲ ਗੇਟਸ ਨੂੰ ਆਪਣੀ ਕੰਪਨੀ ਲਈ ਧਨ ਜੁਟਾਉਣ ਵਿਚ ਰੱਤੀ ਭਰ ਔਕੜ ਨਹੀਂ ਆਉਂਦੀ। ਲੋਕ ਉਸਦੀ ਕੰਪਨੀ ਵਿਚ ਪੂੰਜੀ ਲਾਉਣ ਲਈ ਤਰਸਦੇ ਹਨ। ਇਸ ਕੰਪਨੀ ਵਿਚ (1995), ਵਿਚ ਕੇਵਲ 200 ਸੌਫਟਵੇਅਰ ਪ੍ਰੋਗਰਾਮਾਂ ਦਾ ਨਿਰਮਾਣ ਹੋ ਰਿਹਾ ਸੀ। ਪਰ ਇਸ



ਕੰਪਨੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਨਿੱਤ ਨਵੇਂ ਪ੍ਰੋਗਰਾਮ ਅਰਥਾਤ ਸੌਟਫਵੇਅਰ ਦਾ ਨਿਰਮਾਣ ਕਰਦੀ ਰਹਿੰਦੀ ਹੈ ਜਿਸ ਨਾਲ ਉਹ ਆਪਣੇ ਗਾਹਕਾਂ ਦੀਆਂ ਨਿੱਤ ਨਵੀਆਂ ਲੋੜਾਂ ਪੂਰੀਆਂ ਕਰਨ ਵਿਚ ਕਾਮਯਾਬ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਉਸਦੇ ਸੌਫਟਵੇਅਰ ਨੂੰ ਮਾਰਕਿਟ ਵਿਚ ਗਾਹਕਾਂ ਦੀ ਕਦੇ ਥੁੜ ਮਹਿਸੂਸ ਨਹੀਂ ਹੋਈ। ਮਾਈਕਰੋਸੌਫਟ ਦੀ ਮੁਨਾਫੇ ਦੀ ਦਰ 25ਫੀ ਸਦੀ ਹੈ ਜਦੋਂ ਕਿ ਬਿੱਲ ਗੇਟਸ ਦੇ ਮੁਕਾਬਲੇ ਦੀਆਂ ਹੋਰ ਕੰਪਨੀਆਂ ਦੀ ਦਰ ਕੇਵਲ 8-10 ਫੀ ਸਦੀ ਹੈ। ਇਸ ਵੇਲੇ ਬਿੱਲ ਗੇਟਸ ਦੀ ਕੰਪਨੀ ਵਿਚ 17,800 ਮੁਲਾਜ਼ਮ ਹਨ ਪਰ ਇਹ ਸਾਰੇ ਹੀ ਆਪਣੇ ਤਕਨੀਕੀ ਗਿਆਨ ਵਿਚ ਨਿਪੁੰਨ ਅਤੇ ਅਤਿ ਦੇ ਵਿਵੇਕਸ਼ੀਲ ਹਨ। ਇਹ ਸਾਰੀ ਦੁਨੀਆ ਵਿਚ ਫੈਲੇ ਹੋਏ ਹਨ। ਉਨ੍ਹਾਂ ਦਾ ਕਾਰਜ ਹੈ ਆਪਣੇ ਗਾਹਕਾਂ ਦੀਆਂ ਲੋੜਾਂ ਅਨੁਸਾਰ ਸੌਫਟਵੇਅਰ ਪ੍ਰੋਗਰਾਮ ਤਿਆਰ ਕਰਕੇ ਵੇਚਣੇ। ਸਾਰੇ ਮੁਲਾਜ਼ਮਾਂ ਨੂੰ ਆਪਣਾ ਕਾਰਜ ਅਤੇ ਆਪਣੇ ਟੀਚੇ ਆਪ ਮਿੱਥਣ ਦੀ ਪੂਰੀ ਖੁੱਲ੍ਹ ਹੈ। ਬਿੱਲ ਗੇਟਸ ਦੇ ਕਈ ਸੀਨੀਅਰ ਮੈਨੇਜਰ ਵੀ ਅਰਬਾਂ ਪਤੀ ਹਨ। ਬਿੱਲ ਗੇਟਸ ਦੀ ਕੰਪਨੀ ਵਿਚ ਏਨੇ ਅਰਬਾਂ ਪਤੀ ਅਤੇ ਕਰੋੜਾਂ ਪਤੀ ਤਨਖਾਹਦਾਰ ਮੁਲਾਜ਼ਮ ਹਨ ਜਿੰਨੇ ਸੰਸਾਰ ਦੀ ਹੋਰ ਕਿਸੇ ਕੰਪਨੀ ਵਿਚ ਨਹੀਂ। ਮਾਇਕਰੋਸੌਫਟ ਕੰਪਨੀ ਨੇ ਕੰਮ-ਕਾਜ ਦੇ ਨਵੇਂ ਆਯਾਮ ਨਿਰਮਤ ਕੀਤੇ ਹਨ। ਹਰ ਇਕ ਮੁਲਾਜ਼ਮ ਨੂੰ ਆਪਣਾ ਕਾਰਜ ਨੇਪਰੇ ਚਾੜ੍ਹਨ ਵਿਚ ਪੂਰੀ ਆਜ਼ਾਦੀ ਹੈ। ਕਿਤੇ ਕਿਸੇ ਦਾ ਡੰਡਾ ਨਹੀਂ। ਕਾਰਜ-ਵਿਧੀ ਵਿਚ ਪੂਰੀ ਲਚਕ ਹੈ। ਇਸ ਕਾਰਜ-ਵਿਧੀ ਨਾਲ ਅੰਤਾਂ ਦੀ ਕੁਸ਼ਲਤਾ ਆ ਗਈ ਹੈ। ਕਾਮੇ ਅਤੇ ਮਾਲਕ ਵਿਚ ਜੋ ਕਸ਼ਮਕਸ਼ ਪੂੰਜੀ-ਪਤੀ ਨਿਜ਼ਾਮ ਵਿਚ ਚਲਦੀ ਰਹਿੰਦੀ ਸੀ ਉਸਦਾ ਇਸ ਸਭ ਤੋਂ ਅਮੀਰ ਅਤੇ ਸਫਲ ਕੰਪਨੀ ਵਿਚ ਪੂਰਨ ਅਭਾਵ ਹੈ।

ਮਾਰਕਸ ਨੇ ਇਹ ਪੇਸ਼ੀਨਗੋਈ ਕੀਤੀ ਸੀ ਕਿ ਸਰਮਾਇਆਦਾਰੀ ਨਿਜ਼ਾਮ ਵਿਚ ਮਜ਼ਦੂਰ ਇਸ ਨਿਜ਼ਾਮ ਦੀ ਕਬਰ ਪੁੱਟ ਦੇਣਗੇ। ਭਾਵੇਂ ਉਹ ਗੱਲ ਤਾਂ ਸਹੀ ਸਿੱਧ ਨਹੀਂ ਹੋਈ ਪਰ ਪੂੰਜੀਵਾਦੀ ਅਰਥ ਵਿਵਸਥਾ ਦਾ ਅੰਤ ਹੁਣ ਪ੍ਰਤੱਖ ਹੈ ਹਾਲਾਂਕਿ ਇਸ ਦੀ ਰੂਪ-ਰੇਖਾ ਜ਼ਰਾ ਵੱਖਰੀ ਕਿਸਮ ਦੀ ਹੈ। ਜਿਹੜੇ ਲੋਕ ਇਹ ਸਮਝਦੇ ਹਨ ਕਿ ਸੋਵੀਅਤ ਯੂਨੀਅਨ ਦੇ ਖੇਰੂੰ ਖੇਰੂੰ ਹੋ ਜਾਣ ਅਤੇ ਪੂਰਬੀ ਜਰਮਨੀ ਅਤੇ ਪੱਛਮੀ ਜਰਮਨੀ ਦੇ ਇਕ ਹੋ ਜਾਣ ਅਤੇ ਸਾਰੇ ਪੂਰਬੀ ਯੋਰਪ ਵਿਚ ਸੋਸ਼ਲਿਸਟ ਸਰਕਾਰਾਂ ਦੇ ਢਹਿ ਜਾਣ ਕਾਰਨ ਪੂੰਜੀਵਾਦ ਦੀ ਜਿੱਤ ਹੋਈ ਹੈ ਉਹ ਕਿਸੇ ਤਰ੍ਹਾਂ ਵੀ ਦਰੁਸਤ ਨਹੀਂ। ਹਾਂ ਇਸ ਗੱਲ ਨੂੰ ਸਵਿਕਾਰ ਕਰਨ ਵਿਚ ਕੋਈ ਹਿਚਕਚਾਹਟ ਨਹੀਂ ਹੋਣੀ ਚਾਹੀਦੀ ਕਿ ਪੂੰਜੀਵਾਦ ਦਾ ਅੰਤ ਉਸ ਤਰ੍ਹਾਂ ਨਹੀਂ ਹੋਇਆ ਜਿਸਦੀ ਰੂਪ ਰੇਖਾ ਮਾਰਕਸ ਨੇ ਘੜੀ ਸੀ। ਮਾਰਕਸ ਅਨੁਸਾਰ ਇਹ ਅੰਤ ਪੂੰਜੀ ਅਤੇ ਕਿਰਤ ਦੀ ਆਪਸੀ ਕਸ਼ਮਕਸ਼ ਵਿਚੋਂ ਹੋਂਦ ਵਿਚ ਆਉਣਾ ਸੀ ਪਰ ਅਜਿਹਾ ਨਹੀਂ ਹੋਇਆ। ਮਾਰਕਸ ਨੇ ਇਨਕਲਾਬ ਦੀ ਟੇਕ ਪ੍ਰੋਲਤਾਰੀ ਅਰਥਾਤ ਉਦਯੋਗਕ ਕਾਮੇ 'ਤੇ ਰੱਖੀ ਸੀ ਪਰ ਉਦਯੋਗਕ ਢਾਂਚੇ ਦੀ ਸੰਰਚਨਾ ਵਿਚ ਅਜਿਹੀ ਬੁਨਿਆਦੀ ਤਬਦੀਲੀ ਹੋ ਗਈ ਜੋ ਕਿ ਮਾਰਕਸ ਦੇ ਸਮੇਂ ਵਿਚ ਕਿਆਸੀ ਹੀ ਨਹੀਂ ਸੀ ਜਾ ਸਕਦੀ। ਆਰਥਿਕ ਵਿਕਾਸ ਨੇ ਜੋ ਰਾਹ ਅਖਤਿਆਰ ਕੀਤਾ ਉਸ ਵਿਚ ਸੇਵਾ ਸੈਕਟਰ ਦੀ ਮਹੱਤਤਾ ਮੈਨੋਫੈਕਚਰਿੰਗ ਸੈਕਟਰ ਨਾਲੋਂ ਵਧਦੀ ਗਈ ਹੈ। ਹੁਣ ਵਿਕਸਤ ਦੇਸ਼ਾਂ ਵਿਚ ਸਮੁੱਚੇ ਰਾਸ਼ਟਰੀ ਉਤਪਾਦਨ ਵਿਚ ਸੇਵਾ ਸੈਕਟਰ ਦਾ ਯੋਗਦਾਨ 66-75 ਫੀ ਸਦੀ ਹੈ। ਮੈਨੋਫੈਕਚੈਰਿੰਗ ਸੈਕਟਰ ਦਾ ਯੋਗਦਾਨ 15-25 ਫੀਸਦੀ ਹੈ ਅਤੇ ਜ਼ਰਾਇਤੀ ਖੇਤਰ ਦਾ ਯੋਗਦਾਨ ਕੇਵਲ 5 ਫੀ ਸਦੀ ਹੈ। ਜਿਸ ਹਿਸਾਬ ਨਾਲ ਰਾਸ਼ਟਰੀ ਉਤਪਾਦਨ ਵਿਚ ਕਿਸੇ ਸੈਕਟਰ ਦਾ ਯੋਗਦਾਨ ਹੁੰਦਾ ਹੈ ਉਸੇ ਹਿਸਾਬ ਨਾਲ ਹੀ ਕਾਮੇ ਹੁੰਦੇ ਹਨ। ਦੂਸਰੇ ਅਰਥਾ ਵਿਚ ਹੁਣ ਸਾਰੀ ਅਰਥ-ਵਿਵਸਥਾ ਵਿਚ ਕਾਮੇ ਦੀ ਉਹ ਅਹਿਮੀਅਤ ਨਹੀ ਰਹੀ ਜੋ ਮਾਰਕਸ ਦੇ ਸਮੇਂ ਸੀ। ਉਦਯੋਗਕ ਕਾਮਿਆਂ ਦੀ ਗਿਣਤੀ ਘਟਦੀ ਗਈ ਹੈ।

ਸੇਵਾ ਸੈਕਟਰ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਵ੍ਹਾਈਟ ਕਾਲਰ ਵਰਕਰਜ਼ ਦਾ ਨਾਂ ਦਿੱਤਾ ਗਿਆ ਹੈ। ਇਨ੍ਹਾਂ ਦੀ ਸ਼੍ਰੇਣੀ ਚੇਤਨਾ ਉਦਯੋਗਕ ਕਾਮਿਆਂ ਵਾਲੀ ਨਹੀਂ ਹੁੰਦੀ। ਇਹ ਕਾਮੇ ਆਰਥਿਕ ਤੌਰ 'ਤੇ ਉਦਯੋਗਕ ਕਾਮਿਆਂ ਨਾਲੋਂ ਖੁਸ਼ਹਾਲ ਵੀ ਹੁੰਦੇ ਹਨ ਅਤੇ ਉਦਯੋਗਕ ਕਾਮਿਆਂ ਵਾਂਗ ਸੰਗਠਿਤ ਵੀ ਨਹੀਂ ਹੁੰਦੇ। ਇਸ ਲਈ ਇਨਕਲਾਬ ਦੀ ਸਹਾਇਤਾ ਕਰਨ ਵੱਲ ਇਹ ਕਦੇ ਰੁਖ ਨਹੀਂ ਕਰਦੇ। ਇਸ ਲਈ ਸਮਾਜਵਾਦ ਦੀ ਸਥਾਪਨਾ ਵਿਚ ਇਸ ਸ਼੍ਰੇਣੀ ਦਾ ਕੋਈ ਯੋਗਦਾਨ ਨਹੀਂ ਹੋ ਸਕਦਾ। ਫਰਾਂਸ ਦੇ ਸੋਸ਼ਲਿਸਟ ਚਿੰਤਕ ਆਂਦਰੇ ਗੋਰਜ ਨੇ ਇਨ੍ਹਾਂ ਹਾਲਾਤ ਦੇ ਸਨਮੁਖ ਇਕ ਪੂਰੀ ਕਿਤਾਬ ਲਿਖ ਧਰੀ ਹੈ "Farewell to the working class".

ਹੁਣ ਇਹ ਗੱਲ ਲਗਭਗ ਨਿਸਚਤ ਹੈ ਕਿ ਭਵਿੱਖ ਦਾ ਸਮਾਜ ''ਸਮਾਜਵਾਦੀ'' ਨਹੀਂ ਹੋਵੇਗਾ ਪਰ ਇਹ ਵੀ ਸਪਸ਼ਟ ਹੈ ਕਿ ਇਹ ਸਮਾਜ ਰਵਾਇਤੀ ਪੂੰਜੀਵਾਦੀ ਵੀ ਨਹੀਂ ਹੋਵੇਗਾ। ਨਵੇਂ ਸਮਾਜ ਦੇ ਆਰਥਿਕ ਢਾਂਚੇ ਦੀ ਨੀਂਹ ਕਾਮੇ ਦੇ ਗਿਆਨ, ਉਸਦੇ ਵਿਚਾਰਾਂ ਅਤੇ ਤਕਨੀਕੀ ਕੁਸ਼ਲਤਾ 'ਤੇ ਰੱਖੀ ਜਾਵੇਗੀ। ਦੂਸਰੇ ਸ਼ਬਦਾਂ ਵਿਚ ਇਹ ਸਮਾਜ ਵਿਅਕਤੀ ਦੇ ਗਿਆਨ ਅਤੇ ਕੁਸ਼ਲਤਾ ਦਾ ਰਿਣੀ ਹੋਵੇਗਾ। ਇਸ ਲਈ ਵਿਅਕਤੀ ਨੂੰ ਗਿਆਨ ਪ੍ਰਾਪਤ ਕਰਨ ਅਤੇ ਨਵੇਂ ਵਿਚਾਰਾਂ ਦੇ ਪ੍ਰਯੋਗ ਦੀ ਯੋਗਤਾ ਵਧਾਉਣ ਵੱਲ ਵਧੇਰੇ ਧਿਆਨ ਕੇਂਦਰਤ ਕਰਨਾ ਪਵੇਗਾ। ਇਸ ਨਾਲ ਇਕ ਬੁਨਿਆਦੀ ਤਬਦੀਲੀ ਇਹ ਆ ਰਹੀ ਹੈ ਕਿ ਮਾਰਕਸ ਦੇ ਸਮੇਂ ਤਕ ਹਰ ਦਾਰਸ਼ਨਿਕ ਇਹ ਵਿਚਾਰ ਦ੍ਰਿੜ ਕਰਵਾ ਰਿਹਾ ਸੀ ਕਿ ਜੀਵਨ ਨੂੰ ਸੁਖੀ ਬਣਾਉਣ ਲਈ ਸਿਸਟਮ ਜਾਂ ਸਾਰੇ ਸਮਾਜ ਵਿਚ ਬੁਨਿਆਦੀ ਤਬਦੀਲੀ ਲਿਆਉਣੀ ਬਹੁਤ ਜ਼ਰੂਰੀ ਹੈ। ਸਾਡੇ ਸਾਰੇ ਪ੍ਰਗਤੀਵਾਦੀ ਸਾਹਿਤ ਵਿਚ ਇਹੋ ਵਿਚਾਰ ਪਸਰਿਆ ਹੋਇਆ ਹੈ। ਹਰ ਇਕ ਕਵੀ ਸਮਾਜ ਨੂੰ ਸੁਧਾਰਨ ਲਈ ਪ੍ਰਯਤਨਸ਼ੀਲ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਪ੍ਰਗਤੀਵਾਦੀ ਗਲਪ ਵਿਚ ਹਰ ਇਕ ਪਾਤਰ ਸਮਾਜ ਨਾਲ ਟਕਰਾਉਣ ਅਤੇ ਇਸ ਨੂੰ ਨਸ਼ਟ ਕਰਕੇ ਇਕ ਨਵੇਂ ਸਮਾਜ ਦੇ ਨਿਰਮਾਣ ਲਈ ਤਾਂਘਦਾ ਹੈ। ਪ੍ਰਬਲ ਵਿਚਾਰ ਇਹ ਸੀ ਕਿ ਨਵੇਂ ਸਮਾਜ ਦੇ ਨਿਰਮਾਣ ਦੀ ਕੁੱਖ ਵਿਚੋਂ ''ਨਵਾਂ ਮਨੁੱਖ'' ਜਨਮ ਲਵੇਗਾ ਜੋ ਪੂੰਜੀਵਾਦ ਤੋਂ ਉਤਪਨ ਹੋਏ ਹਰ ਔਗੁਣ ਤੋਂ ਮੁਕਤ ਹੋਵੇਗਾ। ਗੱਲ ਕੀ ਨਵੇਂ ਸਮਾਜ ਦੇ ਨਿਰਮਾਣ ਵਿਚ ਮੁਕਤੀ ਦਾ ਰਾਹ ਨਜ਼ਰ ਆਂਉਂਦਾ ਸੀ। ਇਹ ਵੀ ਧਾਰਨਾ ਸੀ ਕਿ ਇਸ ਨਵੇਂ ਸਮਾਜ ਦੀ ਸਥਾਪਨਾ ਜਾਂ ਨਵੇਂਮਨੁੱਖ ਦੇ ਜਨਮ ਵਿਚ ਸਹਾਇਤਾ ਕਰਨ ਲਈ ਵਿਅਕਤੀ ਨੂੰ ਸਮਾਜ ਦੇ ਤਾਬੇ ਹੋਣਾ ਚਾਹੀਦਾ ਹੈ। ਇਸ ਨਵੇਂ ਸਮਾਜ ਦੇ ਹਿਤ ਵਿਚ ਵਿਅਕਤੀ ਨੂੰ ਕੁਰਬਾਨੀ ਦੇਣੀ ਚਾਹੀਦੀ ਹੈ ਜਾਂ ਇਉਂ ਕਹਿ ਲਵੋ ਕਿ ਜੇ ਇਸ ਨਵੇਂ ਸਮਾਜ ਦੇ ਹਿੱਤ ਲਈ ਵਿਅਕਤੀ ਨੂੰ ਕੁਰਬਾਨ ਵੀ ਕਰ ਦਿੱਤਾ ਜਾਂਦਾ ਹੈ ਤਾਂ ਕੋਈ ਹਰਜ ਨਹੀਂ। ਇਸ ਵਿਚਾਰ ਅਧੀਨ ਬੜੇ ਵੱਡੇ ਉਪੱਦਰ ਹੋਏ। ਕਈ ਬੇਗੁਨਾਹ ਲੋਕ ਮਾਰੇ ਗਏ। ਪਰ ਆਰਥਿਕ ਢਾਂਚੇ ਵਿਚ ਹੋਈਆਂ ਕ੍ਰਾਂਤੀਕਾਰੀ ਤਬਦੀਲੀਆਂ ਨੇ ਇਸ ਵਿਚਾਰਧਾਰਾ ਦਾ ਅੰਤ ਕਰ ਦਿੱਤਾ ਹੈ।1989-90 ਵਿਚ ਸੋਵੀਅਤ ਯੂਨੀਅਨ ਦੇ ਖੇਰੂੰ ਖੇਰੂੰ ਹੋ ਜਾਣ ਨਾਲ ਇਸ ਵਿਚਾਰਧਾਰਾ ਦਾ ਭੋਗ ਪੈ ਗਿਆ ਹੈ। ਸਮਾਜ ਰਾਹੀਂ ਮੁਕਤੀ ਦੀ ਵਿਚਾਰਧਾਰਾ ਸ਼ਾਇਦ ਹੁਣ ਕਦੇ ਮੁੜ ਸੁਰਜੀਤ ਨਹੀਂ ਹੋਵੇਗੀ।

ਇਹ ਨਜ਼ਰ ਆਉਂਦਾ ਹੈ ਕਿ 21 ਵੀਂ ਸਦੀ ਵਿਚ ਸਾਹਿਤ ਦਾ ਸਰੋਕਾਰ ਸਮਾਜ ਦੀ ਥਾਂ ਵਿਅਕਤੀ ਹੋਵੇਗਾ। ਕਲਾਕਾਰ ਵਿਅਕਤੀ ਦੀਆਂ ਆਂਤ੍ਰਿਕ ਸਮੱਸਿਆਵਾਂ ਨੂੰ ਚਿਤਰਨ ਵੱਲ ਵਧੇਰੇ ਰੁਚਿਤ ਹੋਣਗੇ। ਪੂੰਜੀ-ਪਤੀ ਅਤੇ ਕਿਰਤੀ ਵਿਚਲੇ ਤਨਾਓ ਦੀ ਉਹ ਸ਼ਕਲ ਨਹੀਂ ਰਹੇਗੀ ਜੋ 19ਵੀਂ ਅਤੇ 20ਵੀਂ ਸਦੀ ਵਿਚ ਸੀ। ਸੁਪ੍ਰਸਿੱਧ ਸਮਾਜ ਵਿਗਿਆਨੀ ਪੀਟਰ ਡਰੱਕਰ ਅਨੁਸਾਰ 2000 ਈਸਵੀ ਤਕ ਕੋਈ ਵੀ ਵਿਕਸਤ ਦੇਸ਼ ਅਜਿਹਾ ਨਹੀਂ ਰਹੇਗਾ ਜਿਸ ਵਿਚ ਰਵਾਇਤੀ



ਕਾਮੇ, ਜਿਹੜੇ ਵਸਤਾਂ ਦੇ ਨਿਰਮਾਣ ਜਾਂ ਇਨ੍ਹਾਂ ਦੀ ਢੋ-ਢੁਆਈ ਸਦਕਾ ਰੋਟੀ ਰੋਜ਼ੀ ਕਮਾਉਂਦੇ ਹਨ, ਉਨ੍ਹਾਂ ਦਾ ਤਨਾਸਬ ਕੁਲ ਕਾਮਗਾਰਾਂ ਵਿਚ ਛੇਵਾਂ ਜਾਂ ਅਠੱਵਾਂ ਹਿੱਸਾ ਹੀ ਰਹਿ ਜਾਵੇਗਾ। ਦੂਸਰੇ ਸ਼ਬਦਾਂ ਵਿਚ ਸ਼੍ਰੇਣੀ ਸੰਘਰਸ਼ ਦਾ ਉਹ ਸਰੂਪ ਨਹੀਂ ਰਹੇਗਾ ਜੋ ਪੂੰਜੀਵਾਦ ਅਤੇ ਸਮਾਜਵਾਦੀ ਵਿਚਾਰਾਂ ਦੀ ਚੜ੍ਹਤ ਸਮੇਂ ਸੀ।

ਇਸ ਉੱਤਰ ਆਧੁਨਿਕ ਜਾਂ ਉੱਤਰ ਉਦਯੋਗਕ ਸਮਾਜ ਵਿਚ ਇਕ ਹੋਰ ਬੁਨਿਆਦੀ ਤਬਦੀਲੀ ਆਈ ਹੈ। ਮਨੁੱਖੀ ਇਤਿਹਾਸ ਵਿਚ ਹੁਣ ਤਕ ਮਸ਼ੀਨਾਂ ਦੇ ਅਵਿਸ਼ਕਾਰ ਨਾਲ ਮਨੁੱਖ ਦੀ ਜਿਸਮਾਨੀ ਸ਼ਕਤੀ ਵਿਚ ਵਾਧਾ ਹੁੰਦਾ ਸੀ। ਜਿਸਮਾਨੀ ਸ਼ਕਤੀ ਦੇ ਵਧਣ ਨਾਲ ਜੋ ਕੰਮ ਸੌ ਮਨੁੱਖ ਕਰਦੇ ਸਨ ਉਹੋ ਕੰਮ ਮਸ਼ੀਨ ਦੀ ਸਹਾਇਤਾ ਨਾਲ ਦਸ ਮਨੁੱਖ ਕਰਨ ਲੱਗ ਪਏ। ਪਰ ਕੰਪਿਊਟਰ ਦੇ ਅਵਿਸ਼ਕਾਰ ਨੇ ਮਨੁੱਖ ਦੀ ਮਾਨਸਿਕ ਸ਼ਕਤੀ ਵਿਚ ਬੇ ਮਿਸਾਲ ਵਾਧਾ ਕੀਤਾ ਹੈ। ਮਾਨਸਿਕ ਸ਼ਕਤੀ ਵਿਚ ਵਾਧਾ ਹੋ ਜਾਣ ਨਾਲ ਹੁਣ ਚਤੁਰਤਾ ਵਿਚ, ਵਿਵੇਕ ਵਿਚ ਇਕ ਸਾਂਵਾਂਪਨ ਆ ਜਾਵੇਗਾ। ਭਵਿੱਖ ਦੇ ਸਮਾਜ ਵਿਚ ਵਧੇਰੇ ਸਮਾਨਤਾ ਹੋਵੇਗੀ। ਇਸ ਲਈ ਮਨੁੱਖ ਦੇ ਆਪਸੀ ਸੰਬੰਧਾਂ 'ਤੇ ਵੀ ਇਸਦਾ ਅਸਰ ਪਵੇਗਾ। ਮਨੁੱਖੀ ਰਿਸ਼ਤਿਆਂ ਵਿਚ ਤਨਾਓ ਦੀ ਉਹ ਸ਼ਕਲ ਨਹੀਂ ਰਹੇਗੀ ਜੋ ਅੱਜ ਕੱਲ੍ਹ ਹੈ। ਹੁਣ ਸੰਭਾਵਨਾ Artificial intelligence ਦੀ ਤੁਰ ਪਈ ਹੈ। ਇਸਦੇ ਪ੍ਰਯੋਗ ਨਾਲ ਪਰਿਸਥਿਤੀ ਬਿਲਕੁਲ ਬਦਲ ਜਾਵੇਗੀ।

ਭਵਿੱਖ ਦਾ ਸਮਾਜ ਜਿਵੇਂ ਕਿ ਪਹਿਲਾਂ ਸੰਕੇਤ ਕੀਤਾ ਗਿਆ ਹੈ, ''ਇਨਫਰਮੇਸ਼ਨ ਸੋਸਾਇਟੀ'' ਜਾਂ ''ਸੂਚਨਾ ਸਮਾਜ'' ਹੋਵੇਗਾ। ਇਸ ਸਮਾਜ ਵਿਚ ਲੋਕਾਂ ਨੂੰ ਹਰ ਭਾਂਤ ਦੀ ਸੂਚਨਾ ਬਿਨਾਂ ਕਿਸੇ ਰੁਕਾਵਟ ਦੇ ਉਪਲਭਦ ਹੋਵੇਗੀ। ਬਿਨ੍ਹਾ ਰੋਕ ਟੋਕ ਸੂਚਨਾ ਦੀ ਉਪਲਭਦੀ ਜਨ ਸਾਧਾਰਨ ਨੂੰ ਵੀ ਬਹੁਤ ਸ਼ਕਤੀਸ਼ਾਲੀ ਬਣਾ ਦੇਵੇਗੀ। ਸ਼ਕਤੀਸ਼ਾਲੀ ਲੋਕ ਭਾਵੇਂ ਉਹ ਰਾਜਸੀ ਨੇਤਾ ਹੋਣ ਜਾ ਧਨ ਕੁਬੇਰ ਮਨ -ਮਾਨੀ ਕਰਨ ਵਿਚ ਤਦੇ ਸਫਲ ਹੋ ਜਾਂਦੇ ਹਨ ਕਿਉਂਕਿ ਲੋਕਾਂ ਨੂੰ ਉਨ੍ਹਾਂ ਦੀ ਕਰਤੂਤ ਦਾ ਇਲਮ ਨਹੀਂ ਹੁੰਦਾ ਪਰ ਕਮਪਊਟਰ, ਇੰਟਰਨੈਟ, ਈ ਮੇਲ , ਟੈਲੀਵੀਯਨ ਆਦਿ ਨੇ ਸੂਚਨਾ ਦੇ ਰਸਤੇ ਵਿਚ ਜੋ ਰੁਕਾਵਟਾ ਖੜ੍ਹੀਆਂ ਕੀਤੀਆਂ ਗਈਆ ਸਨ ਉਨ੍ਹਾਂ ਨੂੰ ਢਹਿ ਢੇਰੀ ਕਰਕੇ ਰੱਖ ਦਿੱਤਾ ਹੈ। ਆਉਣ ਵਾਲੇ ਸਮੇਂ ਵਿਚ ਕੋਈ ਵੀ ਸਾਸ਼ਕ ਸੈਂਸਰਸ਼ਿਪ ਲਾਗੂ ਕਰਨ ਵਿਚ ਸਫਲ ਨਹੀਂ ਹੋ ਸਕੇਗਾ। ਇਸ ਨਾਲ ਮਨੁੱਖ ਵਿਚ ਆਜ਼ਾਦੀ ਦੀ ਭਾਵਨਾ ਵਧੇਗੀ ਅਤੇ ਨਵੇਂ ਨਵੇਂ ਵਿਚਾਰਾਂ ਦੀ ਘਾੜਤ ਵਿਚ ਆਸਾਨੀ ਹੋ ਜਾਵੇਗੀ। ਸੂਚਨਾ ਸਮਾਜ ਵਿਚ ਜੋ ਸਾਧਨ ਹੁਣ ਤਕ ਉਪਲਭਦ ਹਨ ਅਸੀਂ ਉਨ੍ਹਾਂ ਤੋਂ ਅਵੇਸਲੇ ਹੀ ਹਾਂ। ਅਸੀਂ ਤਾਂ ਅਜੇ ਪੰਜਾਬੀ ਵਿਚ ਉਸ ਭਾਸ਼ਾ ਦੇ ਸਿਰਜਣ ਵੱਲ ਵੀ ਧਿਆਨ ਨਹੀਂ ਦਿੱਤਾ ਜਿਸ ਦੇ ਮਾਧਿਅਮ ਰਾਹੀਂ ਅਸੀਂ ਉਸ ਸਾਰੇ ਵਿਕਾਸ ਦਾ ਆਪਣੀ ਭਾਸ਼ਾ ਵਿਚ ਜ਼ਿਕਰ ਵੀ ਛੇੜ ਸਕੀਏ। ਬਿੱਲ ਗੇਟਸ ਦੀ ਪੁਸਤਕ ''ਰੋਡ ਏਹੈੱਡ'' ਪੜ ਕੇ ਕਰਿਸ਼ਨਾ ਸੋਬਤੀ ਨੇ ਕਿਹਾ, ''ਮੈਂ ਬਹੁਤ ਭੈ ਭੀਤ ਹੋ ਗਈ ਹਾਂ। ਤਕਨਾਲੋਜੀ ਨੇ ਦੁਨੀਆਂ ਬਦਲ ਕੇ ਰਖ ਦਿੱਤੀ ਹੈ। ਇਹ ਸਾਡੇ ਤੋਂ ਅਗਲੀ ਪੀੜ੍ਹੀ ਦੇ ਜੀਵਨ ਵਿਚ ਪਰਿਵਰਤਨ ਲਿਆ ਰਹੀ ਹੈ। ਪਰ ਸਾਡੇ ਰਾਜਸੀ ਨੇਤਾ ਕੇਵਲ ਹਿੰਦੂਇਜ਼ਮ ਸੰਬੰਧੀ ਹੀ ਚਰਚਾ ਕਰਨ ਜੋਗੇ ਹਨ। ਮੈਨੂੰ ਇਹ ਜਾਣ ਕੇ ਹੈਰਾਨੀ ਹੋ ਰਹੀ ਹੈ ਕਿ ਹੁਣ ਅਸੀਂ ਏਨੇ ਛੋਟੇ ਯੰਤਰਾਂ ਰਾਹੀ ਹੀ ਸੰਸਾਰ ਨੂੰ ਆਪਣੀ ਮੁੱਠੀ ਵਿਚ ਕਰ ਸਕਦੇ ਹਾਂ। ਗਲੋਬਲ ਦਬਾਓ ਕਾਰਨ ਕੇਵਲ ਇਹ ਪੋਲ ਖੁੱਲ੍ਹਿਆ ਹੈ ਕਿ ਸਾਡੇ ਨੀਤੀਵਾਨ ਕਿੰਨੇ ਪਛੜੇ ਹੋਏ ਹਨ। ਹੁਣ ਸਾਡੇ ਪਾਸ ਕੋਈ ਸਿਧਾਂਤ ਵੀ ਨਹੀਂ ਰਹਿ ਗਿਆ। ਲੋਕਾ ਨੂੰ ਜੀਵੰਤ ਰਹਿਣ ਲਈ ਇਕ ਨਵੇਂ ਸਿਧਾਂਤ ਦੀ ਲੋੜ ਹੈ।''

(1739, ਫੇਜ਼ 3-ਬੀ 2, ਮੁਹਾਲੀ - 160055)

# ਕੀ ਮਾਰਕਸਵਾਦ ਇਕ ਵਿਗਿਆਨ ਹੈ ?

ਪਿਆਰਾ ਸਿੰਘ ਸਹਿਰਾਈ

1848-49 ਵਿਚ ਫਰਾਂਸ ਅਤੇ ਜਰਮਨੀ ਵਿਚ ਆਰਥਿਕ ਸੰਕਟ ਦੇ ਸਿੱਟੇ ਵਜੋਂ ਜੋ ਇਨਕਲਾਬੀ ਘਟਨਾਵਾਂ ਵਾਪਰੀਆਂ-ਫਰਾਂਸ ਵਿਚ ਜਮਾਤੀ ਜੰਗ ਅਤੇ ਜਰਮਨੀ ਵਿਚ ਕਿਸਾਨਾਂ ਦਾ ਸੰਗਰਾਮ-ਉਨ੍ਹਾਂ ਦੇ ਆਧਾਰ ਉਤੇ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਨੇ ਯੂਰਪ ਵਿਚ ਇਨਕਲਾਬੀ ਸਥਿਤੀ ਪੈਦਾ ਹੋ ਗਈ ਦੱਸੀ ਸੀ ਅਤੇ ਇਨਕਲਾਬ ਬਾਰੇ ਪੇਸ਼ੀਨਗੋਈ ਕੀਤੀ ਸੀ। ਪਰ ਫਰਾਂਸ ਅਤੇ ਜਰਮਨੀ ਵਿਚ ਇਨਕਲਾਬ ਸਫਲ ਨਾ ਹੋਏ ਅਤੇ ਪਿੱਛੇ-ਖਿੱਚੂ ਤਾਕਤਾਂ ਨੂੰ ਜਿੱਤ ਨਸੀਬ ਹੋਈ। ਫਿਰ ਵੀ ਮਾਰਕਸ ਅਤੇ ਏਂਗਲਜ਼ ਨੂੰ 1850 ਮੱਧ ਤਕ ਇਸਦਾ ਪੂਰਾ ਯਕੀਨ ਸੀ ਕਿ ਯੂਰਪ ਨੂੰ ਇਕ ਹੋਰ ਆਰਥਿਕ ਸੰਕਟ ਦਾ ਛੇਤੀ ਹੀ ਸਾਹਮਣਾ ਕਰਨਾ ਪਵੇਗਾ, ਜਿਸਦੇ ਫਲਸਰੂਪ ਨਵੇਂ ਇਨਕਲਾਬਾਂ ਦਾ ਮੁੱਢ ਬੱਝੇਗਾ। ਪਰ ਅਜਿਹਾ ਨਾ ਹੋਇਆ।

ਅਜਿਹਾ ਇਸ ਕਾਰਨ ਨਾ ਹੋਇਆ ਕਿਉਂ ਜੋ ਮਾਰਕਸ ਤੇ ਏਂਗਲਜ਼ ਨੇ ਪੂੰਜੀਵਾਦ ਦੇ ਪ੍ਰੌਢ ਹੋ ਜਾਣ ਦਾ ਅੰਦਾਜ਼ਾ ਵਧਾ ਕੇ ਲਗਾਇਆ ਸੀ ਅਤੇ ਇਸਦੇ ਨਾਲ ਹੀ ਪ੍ਰੋਲਤਾਰੀਏ ਦੀ ਇਨਕਲਾਬੀ ਸਮਰੱਥਾ ਨੂੰ ਵੀ ਅਸਲੀਅਤ ਤੋਂ ਕਿਤੇ ਵੱਧ ਸਮਝਿਆ ਸੀ। ਇਸ ਗਲਤ ਅੰਦਾਜ਼ੇ ਬਾਰੇ ਅੱਗੇ ਚੱਲ ਕੇ ਖੁਦ ਏਂਗਲਜ਼ ਨੇ 1895 ਵਿਚ ਲਿਖਿਆ ਸੀ - ''ਇਤਿਹਾਸ ਨੇ ਸਾਨੂੰ ਉਨ੍ਹਾਂ ਸਾਰਿਆਂ ਨੂੰ ਜਿੰਨ੍ਹਾਂ ਨੇ ਸਾਡੇ ਵਾਂਗੂ ਸੋਚਿਆ ਸੀ, ਗਲਤ ਸਾਬਤ ਕੀਤਾ ਹੈ। ਇਸਨੇ ਸਪਸ਼ਟ ਕਰ ਦਿੱਤਾ ਹੈ ਕਿ ਮਹਾਂਦੀਪ (ਯੂਰਪ) ਵਿਚੋ ਆਰਥਿਕ ਵਿਕਾਸ ਦੀ ਹਾਲਤ ਉਸ ਸਮੇਂ ਕਿਸੇ ਵੀ ਤਰ੍ਹਾਂ ਪੱਕ ਚੁੱਕੀ ਹੋਈ ਨਹੀਂ ਸੀ।''

ਖੈਰ ਮਾਰਕਸ ਅਤੇ ਏਂਗਲਜ਼ ਨੇ ਪਿਛਲੇ ਦਹਾਕੇ ਦੇ ਆਰਥਿਕ ਵਿਕਾਸ ਦੇ ਅਧਿਐਨ ਸਦਕਾ 1850 ਦੀ ਪੱਤਝੜ ਵਿਚੋਂ ਲਿਖੇ ਆਪਣੇ ਤੀਜੇ ਕੌਮਾਤਰੀ ਸਰਵੇਖਣ ਵਿਚ ਸਪਸ਼ਟ ਕੀਤਾ ਕਿ ਪੂੰਜੀਵਾਦੀ ਸਮਾਜ ਦੇ ਦੌਰ ਵਿਚ ਇਕ ਆਰਜ਼ੀ ਗੈਰ ਇਨਕਲਾਬੀ ਦੌਰ ਦਾ ਆਰੰਭ ਹੋ ਚੁੱਕਿਆ ਹੈ। ''ਆਮ ਖੁਸ਼ਹਾਲੀ ਦੀਆਂ ਇਨ੍ਹਾਂ ਹਾਲਤਾਂ ਵਿਚ ਜਦੋਂ ਬੁਰਜੂਆ ਸਮਾਜ ਦੀਆਂ ਪੈਦਾਵਾਰੀ ਤਾਕਤਾਂ ਉਸ ਭਰਪੂਰਤਾ ਨਾਲ ਵਿਕਾਸ ਕਰ ਰਹੀਆਂ ਹਨ ਜਿਸਦੀ ਸੰਭਾਵਨਾ ਬੁਰਜੂਆ ਹਾਲਤ ਵਿਚ ਹੀ ਹੋ ਸਕਦੀ ਹੈ, ਅਸਲੀ ਇਨਕਲਾਬ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਤਰ੍ਹਾਂ ਦੇ ਇਨਕਲਾਬ ਦੀ ਤਾਂ ਕੇਵਲ ਉਨ੍ਹਾਂ ਦੌਰਾਂ ਵਿਚ ਹੀ ਸੰਭਾਵਨਾ ਹੁੰਦੀ ਹੈ ਜਦੋਂ ਇਹ ਦੋ ਤੱਤਾਂ ਆਧੁਨਿਕ ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰ ਦੀਆਂ ਬੁਰਜੂਆ ਸ਼ਕਲਾਂ ਇਕ ਦੂਜੇ ਨਾਲ ਟਕਰਾਉ ਵਿਚ ਆਉਂਦੀਆਂ ਹਨ। ਇਕ ਨਵੇਂ ਇਨਥਲਾਬ ਦੀ ਸੰਭਾਵਨਾ ਨਵੇਂ ਸੰਕਟ ਦੇ ਸਿੱਟੇ ਵਜੋਂ ਹੀ ਹੋ ਸਕਦੀ ਹੈ ਅਤੇ ਇਕ (ਸੰਕਟ) ਉਵੇਂ ਹੀ ਅਟੱਲ ਹੈ ਜਿਵੇਂ ਦੂਜਾ।''

ਅਸੀਂ ਆਪਣੀ ਗੱਲ ਏਂਗਲਜ਼ ਦੇ ਇਸ ਇਕਬਾਲ ਤੋਂ ਹੀ ਅੱਗੇ ਤੋਰਾਂਗੇ ਕਿ ਯੂਰਪ ਵਿਚ ਇਨਕਲਾਬ ਬਾਰੇ ਉਨ੍ਹਾਂ ਦੇ ਵਿਚਾਰ ਗਲਤ ਸਿੱਧ ਹੋਏ। ਹੁਣ ਅਸਾਂ ਵੇਖਣਾ ਹੈ ਕਿ ਕੀ ਉਹ ਇਨਕਲਾਬੀ ਸਥਿਤੀ, ਜੋ ਮਾਰਕਸ ਤੇ ਏਂਗਲਜ਼ ਦੇ ਜੀਵਨ ਕਾਲ ਵਿਚ 1895 ਤਕ ਪੈਦਾ ਨਹੀਂ ਹੋਈ ਸੀ, ਉਨ੍ਹਾਂ ਦੇ ਪੂਰਾ ਹੋ ਜਾਣ ਪਿਛੋਂ ਪੈਦਾ ਹੋਈ ਜਾਂ ਨਹੀਂ।

1848-49 ਵਿਚ ਇਨਕਲਾਬ ਦੇ ਦੌਰਾਨ ਹੀ ਇੰਗਲੈਂਡ, ਫਰਾਂਸ ਅਤੇ ਜਰਮਨੀ ਵਿਚ ਉਦਯੋਗਿਕ ਉਨਤੀ ਦਾ ਆਰੰਭ ਹੋ ਗਿਆ ਸੀ ਅਤੇ ਆਰਥਿਕ ਖੁਸ਼ਹਾਲੀ ਆ ਗਈ ਸੀ, ਜਿਸਦਾ ਇਹ ਅਰਥ ਹੈ ਕਿ ਪੂੰਜੀਵਾਦ ਨੇ ਸੰਕਟ ਵਿਚੋਂ ਬਾਹਰ ਨਿਕਲਣ ਦੇ ਰਾਹ ਢੰਗ ਲੱਭ ਲਏ ਸਨ। ਅੱਗੇ ਚੱਲ ਕੇ 1872 ਦੇ ਸੰਕਟ ਸਮੇਂ ਵੀ ਇਉਂ ਹੀ ਹੋਇਆ। ਅਸਲੀਅਤ ਤਾਂ ਇਹ ਹੈ ਕਿ ਪੂੰਜੀਵਾਦ ਕਦੇ ਵੀ ਆਰਥਿਕ ਸੰਕਟਾਂ ਦੀ ਅਜਿਹੀ ਦਲਦਲ ਵਿਚ ਨਹੀਂ ਫਸਿਆ ਜਿਸ ਵਿਚੋਂ



ਬਾਹਰ ਨਿਕਲਣ ਦੇ ਸਮਰੱਥ ਨਾ ਹੋਵੇ। ਅਰਥਾਤ ਅਜਿਹੀ ਇਨਕਲਾਬੀ ਸਥਿਤੀ ਪੈਦਾ ਨਹੀਂ ਹੋਈ ਜਿਸਦਾ ਸਿੱਟਾ ਯਕੀਨੀ ਤੌਰ 'ਤੇ ਇਨਕਲਾਬ ਵਿਚ ਹੀ ਨਿਕਲਦਾ ਸੀ। ਜੇ ਇਹ ਮੰਨ ਕੇ ਤੁਰੀਏ ਤਾਂ ਰੂਸ ਵਿਚ 1917 ਵਿਚ ਅਕਤੂਬਰ ਸੋਸ਼ਲਿਸਟ ਇਨਕਲਾਬ ਕਿਵੇਂ ਹੋ ਗਿਆ ? ਫੇਰ ਵੀਅਤਨਾਮ ਤੇ ਚੀਨ ਵਿਚ ਸਮਾਜਵਾਦੀ ਇਨਕਲਾਬਾਂ ਦੇ ਸਿਰ ਜਿੱਤ ਦਾ ਸਿਹਰਾ ਕਿਵੇਂ ਬੱਝ ਗਿਆ ?

ਸੱਚ ਪੁੱਛੋਂ ਤਾਂ ਇਹ ਤਿੰਨੇ ਹੀ ਸੋਸ਼ਲਿਸਟ ਇਨਕਲਾਬ ਨਹੀਂ ਸਨ। ਭਾਵੇਂ ਇਹਨਾਂ ਦੇ ਸਿੱਟੇ ਵਜੋਂ ਰਾਜ-ਸੱਤਾ ਕਮਿਊਨਿਸਟਾਂ ਦੇ ਹੱਥ ਆਈ। ਦੂਜੇ ਅਰਥਾਂ ਵਿਚ ਇਹ ਇਨਕਲਾਬ ਕਿਸੇ ਅਜਿਹੀ ਇਨਕਲਾਬੀ ਸਥਿਤੀ ਦੀ ਉਪਜ ਨਹੀਂ ਸਨ ਜਦੋਂ ਏਂਗਲਜ਼ ਦੇ ਸ਼ਬਦਾਂ ਵਿਚ 'ਅਧੁਨਿਕ ਪੈਦਾਵਾਰੀ ਸ਼ਕਤੀਆਂ ਅਤੇ ਪੈਦਾਵਾਰ ਦੀਆਂ ਬੁਰਜੂਆ ਸ਼ਕਲਾਂ ਇਕ ਦੂਜੇ ਨਾਲ ਟਕਰਾਉਂਦੀਆਂ ਹਨ'। ਰੂਸੀ ਇਨਕਲਾਬ ਤਾਂ ਮੁੱਖ ਤੌਰ 'ਤੇ ਜੰਗ ਵਿਚ ਹਾਰ ਰਹੇ ਫੌਜੀਆਂ ਦੀ ਅਸੰਤੁਸ਼ਟਤਾ ਦਾ, ਜ਼ਮੀਨ ਲਈ ਕਿਸਾਨਾਂ ਦੀ ਭੁੱਖ ਦਾ ਅਤੇ ਅਮਨ ਲਈ ਆਮ ਲੋਕਾਂ ਦੀ ਲੋਚਾ ਦਾ ਹੀ ਸਿੱਟਾ ਸੀ। ਲੈਨਿਨ ਇਕ ਉਚ-ਦੁਮਾਲੜਾ ਯੁਧਨੀਤਕ (ਸਟਰੈਟੇਜਿਸਟ) ਸੀ ਅਤੇ ਦਾਅ-ਪੇਚਾਂ ਦੇ ਹੁਨਰ ਵਿਚ ਪੂਰੀ ਤਰ੍ਹਾਂ ਨਿਪੁੰਨ ਸੀ। ਹਾਰੇ ਹੋਏ ਫੌਜੀ ਸਿਪਾਹੀ ਮਾਸਕੋ ਅਤੇ ਲੈਨਿਨਗ੍ਰਾਦ ਦੇ ਮਜ਼ਦੂਰਾਂ ਨੂੰ ਆਣ ਬਹੁੜੇ ਅਤੇ ਇਸ ਤਰ੍ਹਾਂ ਇਨਕਲਾਬ ਦਾ ਡੰਕਾ ਵੱਜ ਗਿਆ। ਇਹ ਇਤਿਹਾਸਕ ਪੱਖ ਤੋਂ, ਆਪਣੇ ਸਾਰ ਤੋਂ ਬੁਰਜੂਆ ਜਮਹੂਰੀ ਇਨਕਲਾਬ ਹੀ ਸੀ ਜਿਹੜਾ ਕੇਰੰਸਕੀ ਰਾਹੀਂ ਸਿਰੇ ਨਹੀਂ ਸੀ ਚੜ੍ਹ ਸਕਿਆ। ਰੂਸੀ ਬੁਰਜੂਆ ਵੀ ਬਹੁਤ ਕਮਜ਼ੋਰ ਸੀ ਅਤੇ ਉਹਦੇ ਹਿਤਾਂ ਦੀ ਰਾਖੀ ਕਰਨ ਵਾਲੀ ਕੇਰੰਸਕੀ ਸਰਕਾਰ ਹੋਰ ਵੀ ਵਧੇਰੇ ਨਿਰਬਲ ਸਿੱਧ ਹੋਈ। ਉਹ ਮਾਸਕੋ ਤੇ ਲੈਨਿਨਗ੍ਰਾਦ ਦੇ ਸੰਗਠਿਤ ਪ੍ਰੋਲਤਾਰੀਏ ਦਾ, ਜਿਸਦੀ ਕਮਾਨ ਲੈਨਿਨ ਵਰਗੇ ਸਟਰੈਟੇਜਿਸਟ ਦੇ ਹੱਥ ਸੀ, ਟਾਕਰਾ ਕਰਨ ਦੇ ਅਸਮਰੱਥ ਸੀ। ਇਸ ਤਰ੍ਹਾਂ ਬੁਰਜੂਆ ਜਮਹੂਰੀ ਇਨਕਲਾਬ ਨੂੰ ਸਿਰੇ ਚਾੜ੍ਹਨ ਦਾ ਕੰਮ ਵੀ ਕਮਿਊਨਿਸਟਾਂ ਦੇ ਹੀ ਹਿੱਸੇ ਆਇਆ। ਪਰ ਦੁਨੀਆਂ ਦੇ ਛੇਵੇਂ ਹਿੱਸੇ ਵਿਚ ਫੈਲੀ ਜ਼ਾਰਸ਼ਾਹੀ ਸਲਤਨਤ, ਜੋ ਕਮਿਊਨਿਸਟਾਂ ਨੂੰ ਵਿਰਸੇ ਵਿਚ ਮਿਲੀ, ਦੇ ਵਿਸ਼ਾਲ ਭਾਗ ਪਛੜੇ ਹੋਏ ਸਨ, ਜਿੱਥੇ ਜਗੀਰੂ, ਅਰਧ-ਜਗੀਰੂ ਅਤੇ ਕਬਾਇਲੀ ਆਰਥਿਕ ਸਮਾਜਕ ਪ੍ਰਣਾਲੀਆਂ ਸਥਾਪਤ ਸਨ ਅਤੇ ਵੱਡੇ ਪੈਮਾਨੇ ਦੀ ਪੈਦਾਵਾਰ ਦਾ ਅਭਾਵ ਸੀ। ਇਸੇ ਲਈ ਰੂਸ ਵਿਚ, ਜਿਵੇਂ ਕਾਰਲ ਮਾਰਕਸ ਨੇ ਨਿਰੂਪਿਆ ਸੀ, ਪੱਛਮ ਦੀ ਜੇਤੂ ਮਜ਼ਦੂਰ ਜਮਾਤ ਦੀ ਮਦਦ ਨਾਲ ਹੀ ਸਮਾਜਵਾਦੀ ਤਬਦੀਲੀਆਂ ਲਿਆਂਦੀਆਂ ਜਾ ਸਕਦੀਆਂ ਸਨ। ਲੈਨਿਨ ਨੂੰ ਵੀ ਉਮੀਦ ਸੀ ਕਿ ਕਈ ਉਨਤ ਯੂਰਪੀਨ ਦੇਸ਼ਾਂ ਵਿਚ, ਘੱਟੋ ਘੱਟ ਜਰਮਨੀ ਵਿਚ ਤਾਂ ਜ਼ਰੂਰ ਹੀ ਪ੍ਰੋਲਤਾਰੀ ਇਨਕਲਾਬ ਸਿਰੇ ਚੜ੍ਹ ਜਾਵੇਗਾ ਅਤੇ ਉਹਦੀ ਮਦਦ ਨਾਲ ਰੂਸ ਵਿਚ ਸਮਾਜਵਾਦੀ ਤਬਦੀਲੀਆਂ ਲਿਆਂਦੀਆਂ ਜਾ ਸਕਣਗੀਆਂ। ਪਰ ਇਤਿਹਾਸ ਦੀ ਗੁੱਝੀ ਮਸ਼ਕਰੀ ਦੇਖੋ, ਕਿਸੇ ਵੀ ਉਨਤ ਪੂੰਜੀਵਾਦੀ ਦੇਸ਼ ਵਿਚ ਪ੍ਰੋਲਤਾਰੀਏ ਨੂੰ ਜਿੱਤ ਪ੍ਰਾਪਤ ਨਾ ਹੋਈ ਅਤੇ ਇਕ ਪਛੜੇ ਹੋਏ ਦੇਸ਼ ਵਿਚ ਜਿਥੇ ਬੁਰਜੂਆ ਜਮਹੂਰੀਅਤ ਦੀ ਵੀ ਸਥਾਪਤੀ ਨਹੀਂ ਸੀ ਹੋਈ, ਜਿਥੇ ਸ਼ਹਿਨਸ਼ਾਹੀਅਤ ਤੇ ਰਜਵਾੜਾਸ਼ਾਹੀ ਦਾ ਹੀ ਬੋਲਬਾਲਾ ਸੀ, ਸੋਸ਼ਲਿਜ਼ਮ ਦੇ ਨਿਰਮਾਣ ਦਾ ਕਾਰਜ ਕਮਿਊਨਿਸਟਾਂ ਨੇ ਸਿਰੇ ਚਾੜ੍ਹਨਾ ਸੀ। ਪਰ ਸਪਸ਼ਟ ਤੌਰ 'ਤੇ ਇਸ ਕਾਰਜ ਦੀ ਪੂਰਤੀ ਲਈ ਲੋੜੀਂਦੀਆਂ ਮੁਢਲੀਆਂ ਹਾਲਤਾਂ ਦੀ ਅਣਹੋਂਦ ਸੀ।

ਜਿਥੋਂ ਤਕ ਚੀਨ ਤੇ ਵੀਅਤਨਾਮ ਦੇ ਇਨਕਲਾਬਾਂ ਦਾ ਸੰਬੰਧ ਹੈ ਇਹ ਵੀ ਆਪਣੇ ਸਾਰ ਤੋਂ ਪ੍ਰੋਲਤਾਰੀ ਸਮਾਜਵਾਦੀ ਇਨਕਲਾਬ ਨਹੀਂ ਸਨ, ਸਗੋਂ ਇਹਨਾਂ ਦਾ ਸਾਰ ਤਾਂ ਮੂਲ ਰੂਪ ਵਿਚ ਰਾਸ਼ਟਰਵਾਦੀ ਸੀ। ਚੀਨ ਉਤੇ ਸਾਮਰਾਜਵਾਦੀ ਜਾਪਾਨ ਦੇ ਫੌਜਸ਼ਾਹਾਂ ਦੇ ਤਾਬੜਤੋੜ ਹਮਲੇ ਹੋ ਰਹੇ ਸਨ, ਤੇ ਵੀਅਤਨਾਮ ਨੂੰ ਆਪਣੀ ਕੌਮੀ ਆਜ਼ਾਦੀ ਲਈ ਪਹਿਲਾਂ ਫਰਾਂਸੀਸੀ ਸਾਮਰਾਜਵਾਦੀਆਂ ਵਿਰੁੱਧ ਅਤੇ ਫੇਰ ਅਮਰੀਕੀ ਸਾਮਰਾਜਵਾਦੀਆਂ ਵਿਰੁੱਧ ਜੂਝਣਾ ਪੈ ਰਿਹਾ ਸੀ। ਕਿਉਂ ਜੋ ਇਹਨਾਂ ਦੋਹਾਂ ਦੇਸ਼ਾਂ ਦੇ ਕਮਿਊਨਿਸਟ ਸਾਮਰਾਜ ਵਿਰੋਧੀ ਸੰਗਰਾਮ ਵਿਚ ਸਭ ਤੋਂ ਅੱਗੇ ਹੋਕੇ ਲੜ ਰਹੇ ਸਨ

ਅਤੇ ਆਮ ਲੋਕ ਕਮਿਊਨਿਸਟਾਂ ਦੇ ਸਾਹਸ, ਇਕਸਾਰ ਦ੍ਰਿੜਤਾ ਅਤੇ ਕੁਰਬਾਨੀ ਦੇ ਜਜ਼ਬੇ ਤੋਂ ਬਹੁਤ ਪ੍ਰਭਾਵਤ ਸਨ, ਇਸ ਕਰਕੇ ਲੋਕਾਂ ਦੀ ਦੇਸ਼-ਭਗਤਕ ਅਤੇ ਰਾਸ਼ਟਰਵਾਦੀ ਭਾਵਨਾ ਨੂੰ ਕਮਿਊਨਿਸਟਾਂ ਨੇ ਆਪਣੇ ਵੱਲ ਕਿਸੇ ਚੁੰਬਕੀ ਸ਼ਕਤੀ ਵਾਂਗ ਖਿੱਚ ਲਿਆ ਅਤੇ ਇਸ ਤਰ੍ਹਾਂ ਸਾਮਰਾਜ ਵਿਰੋਧੀ ਯੁੱਧ ਦੀ ਸਰਦਾਰੀ ਕਮਿਊਨਿਸਟਾਂ ਦੇ ਹੱਥ ਆ ਗਈ। ਜਗੀਰਦਰੀ ਵਿਰੋਧੀ ਘੋਲ ਇਸੇ ਸਾਮਰਾਜ ਵਿਰੋਧੀ ਘੋਲ ਦਾ ਹੀ ਅੰਗ ਸੀ।

## 2

ਇਸੇ ਪ੍ਰਸੰਗ ਵਿਚ ਕੁਝ ਮੂਲ ਮਾਰਕਸਵਾਦੀ ਧਾਰਨਾਵਾਂ ਉਤੇ ਝਾਤ ਪਾਉਣਾ ਵੀ ਕੁਥਾਂ ਨਹੀਂ ਹੋਵੇਗਾ ਕਿਉਂ ਜੋ ਇਨ੍ਹਾਂ ਧਾਰਨਾਵਾਂ ਦੇ ਸੰਬੰਧ ਵਿਚ ਗਲਤ ਸੋਚ ਅਕਸਰ ਵੱਡੀਆਂ ਮੁਸ਼ਕਿਲਾਂ ਤੇ ਧੱਕਿਆਂ ਦਾ ਕਾਰਣ ਬਣ ਜਾਂਦੀ ਹੈ। ਇਸ ਸਿਲਸਲੇ ਵਿਚ ਅਸੀਂ ਮਾਰਕਸਵਾਦ ਦੇ ਮੂਲ ਸਿਧਾਂਤ ਦਵੰਦਵਾਦ ਨੂੰ ਵਿਚਾਰਾਂਗੇ।

ਏਂਗਲਜ਼ ਨੇ ਦਵੰਦਵਾਦ ਦੀਆਂ ਵਿਰੋਧਤਾਈਆਂ ਨੂੰ ਤਿੰਨ ਨੇਮਾਂ ਵਿਚ ਸਮੋ ਦਿੱਤਾ:

1. ਪਰਿਮਾਣਾਤਮਕ (ਮਿਕਦਾਰੀ) ਤਬਦੀਲੀਆਂ ਦਾ ਗੁਣਾਤਮਕ (ਸਿਫਤੀ) ਤਬਦੀਲੀਆਂ ਵਿਚ ਤਬਦੀਲ ਹੋਣਾ।
2. ਉਲਟਾਂ ਦੇ ਏਕੇ ਅਤੇ ਘੋਲ ਦਾ ਨੇਮ
3. ਨਿਖੇਧ ਦੇ ਨਿਖੇਧ ਦਾ ਨੇਮ

ਏਂਗਲਜ਼ ਇਹਨਾ ਤਿੰਨਾਂ ਵਿਚੋਂ ਨਿਖੇਧ ਦਾ ਨਿਖੇਧ ਦੇ ਨੇਮ ਨੂੰ ਮੂਲ ਮਹੱਤਵ ਦਿੰਦਾ ਹੈ। ਸਤਾਲਿਨ ਅਤੇ ਮਾਓ ਜੇ ਤੁੰਗ ਨਿਖੇਧ ਦਾ ਨਿਖੇਧ ਦੇ ਨੇਮ ਨੂੰ ਦਵੰਦਵਾਦ ਦਾ ਨੇਮ ਨਹੀਂ ਮੰਨਦੇ। ਸਤਾਲਿਨ ਨੇ ਆਪਣੀ ਲਿਖਤ 'ਦਵੰਦਾਤਮਕ ਤੇ ਇਤਿਹਾਸਕ ਪਦਾਰਥਵਾਦ' ਵਿਚ ਨਿਖੇਧ ਦਾ ਨਿਖੇਧ ਦੇ ਨੇਮ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ। ਉਹ ਕੇਵਲ ਬਾਕੀ ਦੇ ਦੋ ਨੇਮਾਂ ਦੀ ਹੀ ਵਰਤੋਂ ਕਰਦਾ ਹੈ। ਮਾਓ ਜੇ ਤੁੰਗ ਤਾਂ ਕੇਵਲ 'ਉਲਟਾਂ ਦਾ ਏਕਾ ਅਤੇ ਘੋਲ' ਦੇ ਨੇਮ ਨੂੰ ਹੀ ਪ੍ਰਵਾਨਦਾ ਹੈ। ਮਾਓ ਪਰਿਮਾਣਾਤਮਿਕ ਤੋਂ ਗੁਣਾਤਮਕ (Quantitative to qualitative) ਵਿਚ ਤਬਦੀਲੀ ਨੂੰ ਉਲਟਾ ਦੇ ਏਕੇ ਦੇ ਨੇਮ ਦੇ ਕਲਾਵੇ ਵਿਚ ਲਿਜਾ ਬਿਠਾਉਂਦਾ ਹੈ। ਨਾਲੇ ਉਹ ਇਸ ਜੁਟਵੇਂ ਨੇਮ ਨੂੰ ਵੀ ਨਾ-ਹੋਣ ਬਰਾਬਰ ਮਹੱਤਤਾ ਹੀ ਦਿੰਦਾ ਹੈ। ਉਸਦਾ ਤਾਂ ਕਹਿਣਾ ਹੈ: 'ਉਲਟਾਂ ਦੇ ਏਕੇ ਦਾ ਨੇਮ ਹੀ ਅਤਿ ਬੁਨਿਆਦੀ ਨੇਮ ਹੈ।'

ਜੇ ਮਾਓ ਅਤੇ ਸਤਾਲਿਨ ਵਰਗੇ ਮਾਰਕਸਵਾਦੀਆਂ ਦਾ ਏਂਗਲਜ਼ ਨਾਲ ਏਡਾ ਮਤਭੇਦ ਹੈ ਅਤੇ ਪਹਿਲੇ ਦੋਹਾਂ ਵਿਚ ਵੀ ਇਕ-ਮੱਤ ਨਹੀਂ ਤਾਂ ਫੇਰ ਦਵੰਦਵਾਦ ਸਾਇੰਸ ਕਿਵੇਂ ਹੋਇਆ? ਵਿਗਿਆਨ ਦੇ ਨੇਮ ਤਾਂ ਸਭਨਾਂ ਨੂੰ ਮੰਨਣੇ ਪੈਂਦੇ ਹਨ ਅਤੇ ਇਹ ਹਰ ਥਾਂ ਤੇ ਹਰ ਸਮੇਂ ਲਾਗੂ ਹੁੰਦੇ ਹਨ। ਸੋ ਪਹਿਲੀ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਮਾਰਕਸਵਾਦ ਨੂੰ, ਇਸਦੇ ਮੂਲ ਸਿਧਾਂਤਾਂ-ਦਵੰਦਵਾਦੀ ਪਦਾਰਥਵਾਦ ਅਤੇ ਇਤਿਹਾਸਕ ਪਦਾਰਥਵਾਦ ਨੂੰ ਵਿਗਿਆਨ ਦੇ ਖੇਤਰ ਵਿਚ ਉਹ ਦਰਜਾ ਹਾਸਲ ਨਹੀਂ ਜੋ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ ਅਤੇ ਗਣਿਤ ਨੂੰ ਹਾਸਲ ਹੈ। ਮਾਰਕਸਵਾਦ ਤਾਂ ਉਵੇਂ ਹੀ ਇਕ ਵਿਗਿਆਨ ਹੈ ਜਿਵੇਂ ਇਤਿਹਾਸ, ਭੂਗੋਲ, ਅਰਥ ਸ਼ਾਤਸਰ, ਰਾਜਨੀਤੀ ਸ਼ਾਤਸਰ ਜਾਂ ਮਨੋਵਿਗਿਆਨ ਵਿਗਿਆਨ ਹਨ, ਜਿਨ੍ਹਾ ਦੇ ਨੇਮਾਂ ਨੂੰ ਅਟੱਲਤਾ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ। ਹਾਸੋਹੀਣੀ ਗੱਲ ਤਾਂ ਇਹ ਹੈ ਕਿ ਮਾਰਕਸਵਾਦੀ ਸੋਚ ਦੇ ਕਈ ਧਾਰਨੀ ਸਾਇੰਸ ਨੂੰ ਵੀ ਜਮਾਤੀ ਮੰਨਦੇ ਹਨ। ਜ਼ਰਾ ਸੋਚੋ, ਗਣਿਤ, ਭੌਤਿਕੀ ਅਤੇ ਰਸਾਇਣ ਵਿਗਿਆਨ ਨੂੰ ਜਮਾਤੀ ਮੰਨ ਕੇ ਇਸ ਤਰ੍ਹਾਂ ਦੇ ਉਜੱਡ ਮਾਰਕਸਵਾਦੀ ਕਿੱਥੇ ਅੱਪੜਨਗੇ? ਤਾਪ ਅਤੇ ਚਾਨਣ ਦੇ ਨੇਮ ਅਤੇ ਗਣਿਤ ਦੇ ਸੂਤਰ ਤਾਂ ਸਰਵਵਿਆਪੀ ਹਨ। ਸੂਰਜ ਤਾਂ ਪੂੰਜੀਵਾਦੀ ਨੂੰ ਵੀ ਅਤੇ ਕਾਮੇ ਤੇ ਕਿਸਾਨਾਂ ਨੂੰ ਵੀ ਚਾਨਣ ਤੇ ਤਾਪ ਪ੍ਰਦਾਨ ਕਰਦਾ ਹੈ।



## ਨਿਖੇਧ ਦਾ ਨਿਖੇਧ

'ਨਿਖੇਧ ਦਾ ਨਿਖੇਧ' ਨੇਮ ਸਭ ਤੋਂ ਬਹੁਤਾ ਭੰਬਲਭੂਸੇ ਵਿਚ ਪਾਉਣ ਵਾਲਾ ਹੈ। ਅੱਜ ਜਦੋਂ ਜੀਵ ਵਿਗਿਆਨ ਅਤੇ ਦੂਜੇ ਕੁਦਰਤੀ ਵਿਗਿਆਨਾਂ ਨੇ ਓੜਕਾਂ ਦੀ ਉਨਤੀ ਕਰ ਲਈ ਹੋਈ ਹੈ, ਇਸ ਨੇਮ ਬਾਰੇ ਏਂਗਲਜ਼ ਵੱਲੋਂ ਦਿੱਤੀਆਂ ਕਈ ਉਦਾਹਰਣਾਂ ਮੰਨਣਯੋਗ ਨਹੀਂ ਜਾਪਦੀਆਂ। ਇਸ ਨੇਮ ਅਨੁਸਾਰ ਫਸਲਾਂ ਦਾ ਵਧਣਾ ਫੂਲਣਾ ਕਈ ਪੜਾਵਾਂ ਵਿਚ ਹੁੰਦਾ ਹੈ - ਬੀਅ ਦਾ ਫੁੱਟਣਾ, ਬੂਟੇ ਦਾ ਵਧਣਾ ਫੂਲਣਾ ਅਤੇ ਪੱਕਣਾ। ਬੀਅ ਫੁੱਟਣ ਨਾਲ ਭੋਂ ਵਿਚ ਬੀਜੇ ਗਏ ਬੀਅ ਦੀ ਹੋਂਦ ਮੁੱਕ ਜਾਂਦੀ ਹੈ। ਇਹਦਾ ਨਿਖੇਧ ਹੋ ਚੁੱਕਿਆ ਹੁੰਦਾ ਹੈ ਪਰ ਬੀਅ ਦਾ ਸਥਾਨ ਬੂਟਾ ਲੈ ਲੈਂਦਾ ਹੈ। ਇਸਦੀਆਂ ਕੌਂਪਲਾਂ ਬੀਅ ਵਿਚੋਂ ਪੈਦਾ ਹੁੰਦੀਆਂ ਹਨ। ਫੇਰ ਇਸ ਬੂਟੇ ਨੂੰ ਫੁੱਲ ਪੈਂਦੇ ਹਨ ਅਤੇ ਫੁੱਲਾਂ ਵਿਚ ਦਾਣੇ ਪੈਂਦੇ ਹਨ। ਫੇਰ ਕੌਂਪਲ ਭਾਵ ਤਣਾਂ ਮਰ ਜਾਂਦਾ ਹੈ ਤੇ ਇਹ ਦੂਜਾ ਨਿਖੇਧ ਹੈ। ਉੱਗਣ ਤੋਂ ਲੈ ਕੇ ਫਸਲ ਦੇ ਪੱਕਣ ਤਕ ਨਿਖੇਧ ਦਾ ਇਹ ਸਿਲਸਿਲਾ ਕਾਇਮ ਰਹਿੰਦਾ ਹੈ। ਏਂਗਲਜ਼ ਦੀ ਸੋਚ ਅਨੁਸਾਰ ਬੀਅ ਤਬਾਹ ਹੋ ਜਾਂਦਾ ਹੈ। ਪਰ ਆਧੁਨਿਕ ਜੀਵ-ਵਿਗਿਆਨ ਅਨੁਸਾਰ ਤਾਂ ਬੀਅ ਤਬਾਹ ਹੁੰਦਾ ਹੀ ਨਹੀਂ। ਇਹਦੇ ਬਾਹਰਲੇ ਛਿਲਕੇ ਦੇ ਅੰਦਰ ਪੂਰੇ ਦਾ ਪੂਰਾ ਬੂਟਾ ਮੌਜੂਦ ਹੁੰਦਾ ਹੈ। ਬੀਅ ਤੋਂ ਕੌਂਪਲ ਫੁੱਟਣ ਦਾ ਅਮਲ ਤਬਾਹੀ ਦਾ ਨਹੀਂ ਸਗੋਂ ਵਿਕਾਸ ਦਾ ਅਮਲ ਹੈ। ਨਾਲੇ ਜੀਵ-ਜਗਤ ਵਿਚ ਅਨੇਕਾਂ ਬੂਟੇ ਅਜਿਹੇ ਹਨ ਜਿਨ੍ਹਾਂ ਦੇ ਤਣੇ ਮਰਦੇ ਹੀ ਨਹੀਂ ਤੇ ਬੂਟਿਆਂ ਦੀ ਆਯੂ ਕਈ ਕਈ ਸੌ ਸਾਲ ਦੀ ਹੁੰਦੀ ਹੈ ਅਤੇ ਕਈ ਬੂਟੇ ਤਾਂ ਸਦਾ-ਬਹਾਰ ਹੁੰਦੇ ਹਨ।

'ਨਿਖੇਧ ਦਾ ਨਿਖੇਧ' ਦਾ ਅਮਲ ਬਹੁਤੇ ਕੀੜੇ ਪਤੰਗਿਆਂ ਦੀ ਸੂਰਤ ਵਿਚ ਵੀ ਵਾਪਰਦਾ ਹੈ। ਏਂਗਲਜ਼ ਇਸ ਸਿਲਸਿਲੇ ਵਿਚ ਲਿਖਦਾ ਹੈ - "ਅੰਡੇ ਦੇ ਨਿਖੇਧ ਨਾਲ ਇਸ ਵਿਚੋਂ ਤਿਤਲੀ ਨਿਕਲਦੀ ਹੈ ਅਤੇ ਕੁਝ ਤਬਦੀਲੀਆਂ ਪਿਛੋਂ ਜਿਨਸੀ ਤੌਰ 'ਤੇ ਪ੍ਰੌਢ ਹੁੰਦੀ ਹੈ, ਹੁਣ ਜੋੜੇ ਦਾ ਲਿੰਗ-ਸੰਬੰਧ ਕਾਇਮ ਹੁੰਦਾ ਹੈ ਤੇ ਮੈਥੁਨ ਕ੍ਰਿਆ ਸੰਪੂਰਨ ਹੋਣ ਉਤੇ ਜਦੋਂ ਤਿਤਲੀ ਅੰਡੇ ਦੇ ਚੁੱਕੀ ਹੁੰਦੀ ਹੈ ਤਾਂ ਨਿਖੇਧ ਵਾਪਰਦਾ ਹੈ।" ਪਰ ਜੇ ਇਸ ਤਰ੍ਹਾਂ ਦਾ ਕੋਈ ਨਿਖੇਧ ਹੈ ਤਾਂ ਦੂਜੇ ਜੀਵਾਂ ਦੇ ਸੰਬੰਧ ਵਿਚ ਇਹ ਨਿਖੇਧ ਕਿਉਂ ਨਹੀਂ ਹੁੰਦਾ? ਏਂਗਲਜ਼ ਨੂੰ ਆਪਣੀ ਕਮਜ਼ੋਰ ਦਲੀਲ ਦਾ ਗਿਆਨ ਹੈ, ਇਸੇ ਲਈ ਉਹ ਆਖਦਾ ਹੈ ਕਿ ਇਹ ਉਦਾਹਰਣ ਤਾਂ ਕੇਵਲ ਇਹ ਦਰਸਾਉਣ ਲਈ ਹੀ ਦਿੱਤੀ ਗਈ ਹੈ ਕਿ ਜੀਵ-ਜਗਤ ਵਿਚ ਵੀ ਨਿਖੇਧ ਵਾਪਰਦਾ ਹੈ। ਸੋ ਇਹ ਗੱਲ ਤਾਂ ਪੱਕੀ ਹੋ ਜਾਂਦੀ ਹੈ ਕਿ ਵਿਰੋਧ-ਵਿਕਾਸ (ਦਵੰਦਵਾਦ) ਸੰਪੂਰਨ ਸਾਇੰਸ ਨਹੀਂ ਹੈ। ਇਸੇ ਕਾਰਨ ਇਹਦੇ ਨੇਮ ਅਟੱਲ ਅਤੇ ਸਰਵ-ਵਿਆਪਕ ਨਹੀਂ ਹਨ। ਇਹ ਨੇਮ ਠੀਕ ਜਾਂ ਗਲਤ ਸਿੱਧ ਹੋ ਸਕਦੇ ਹਨ ਅਤੇ ਅਟਕਲਪੱਚੂ ਵੀ।

ਹੁਣ ਮੰਡੀ ਦੀ ਮਿਸਾਲ ਲਈਏ। ਪੁਰਾਤਨ ਕਾਲ ਦੀ ਵਸਤ-ਵਟਾਂਦਰਾ ਪ੍ਰਣਾਲੀ ਦਾ ਨਿਖੇਧ ਜਗੀਰੂ ਯੁਗ ਦੀ ਮੰਡੀ ਰਾਹੀਂ ਹੁੰਦਾ ਹੈ ਅਤੇ ਜਗੀਰੂ ਮੰਡੀ ਦਾ ਨਿਖੇਧ ਪੂੰਜੀਵਾਦੀ ਮੰਡੀ ਕਰਦੀ ਹੈ। ਪਰ ਸੋਵੀਅਤ ਸਮਾਜਵਾਦ ਵਿਚ ਪੂੰਜੀਵਾਦੀ ਮੰਡੀ ਦਾ ਨਿਖੇਧ ਕਿਹੜੀ ਮੰਡੀ ਨੇ ਕੀਤਾ? ਇਹਦੀ ਥਾਂ ਕਿਹੜੀ ਉਚੇਰੀ ਤਰ੍ਹਾਂ ਵਿਕਸਿਤ ਮੰਡੀ ਨੇ ਲਈ? ਮੰਡੀ ਦੇ ਸਿਲਸਿਲੇ ਵਿਚ ਵਿਰੋਧ-ਵਿਕਾਸੀ ਨਿਖੇਧ ਦਾ ਸਿਲਸਿਲਾ ਕਿਉਂ ਰੁਕ ਗਿਆ? ਕਮਿਊਨਿਸਟ ਹਾਕਮਾਂ ਵੱਲੋਂ ਮੰਡੀ ਨੂੰ ਹੀ ਖਤਮ ਕਰ ਦੇਣਾ ਵਿਨਾਸ਼ਕਾਰੀ ਨਿਖੇਧ ਸੀ। ਇਸੇ ਲਈ ਵਿਰੋਧ-ਵਿਕਾਸੀ ਅਮਲ ਦੁਆਰਾ ਉਚੇਰੇ ਦਰਜੇ ਦੀ ਮੰਡੀ ਦੇ ਪ੍ਰਗਟ ਨਾ ਹੋਣ ਦੀ ਸੂਰਤ ਵਿਚ ਸਮਾਜਵਾਦੀ ਆਰਥਿਕਤਾ ਦੀ ਤਬਾਹੀ ਯਕੀਨੀ ਸੀ।

ਇਵੇਂ ਹੀ ਰੂਸ ਵਿਚ ਜਗੀਰਦਾਰੀ ਸਮਾਜ ਦਾ ਨਿਖੇਧ ਪੂੰਜੀਵਾਦ ਦੁਆਰਾ ਹੋਣਾ ਸੀ, ਪਰ

ਹਾਲਾਤ ਦੇ ਗੇੜ ਨੇ ਅਕਤੂਬਰ ਇਨਕਲਾਬ ਨੂੰ ਸਫਲਤਾ ਬਖਸ਼ੀ। ਉਨਤ ਪੂੰਜੀਵਾਦੀ ਦੇਸ਼ਾਂ ਵਿਚ ਇਨਕਲਾਬ ਦੀ ਥਾਂ ਅਤਿ ਪਛੜੇ ਹੋਏ ਦੇਸ਼ ਵਿਚ ਸੋਸ਼ਲਿਸਟ ਇਨਕਲਾਬ ਜਿੱਤ ਗਿਆ ਸੀ। ਅਜਿਹਾ ਕਿਉਂ ਹੋਇਆ ? ਇਹਦੇ ਉਤਰ ਵਿਚ ਲੈਨਿਨ ਨੇ ਆਪਣਾ ਇਹ ਸਿਧਾਂਤ ਪੇਸ਼ ਕੀਤਾ ਕਿ ਸਾਮਰਾਜਵਾਦ ਦੀ ਜ਼ੰਜੀਰ ਦੀ ਜਿਹੜੀ ਵੀ ਕੜੀ ਸਭ ਤੋਂ ਵਧੇਰੇ ਕਮਜ਼ੋਰ ਹੋਵੇਗੀ, ਉਹ ਟੁੱਟ ਜਾਵੇ ਗੀ। ਰੂਸ ਵਿਚ ਇਹੋ ਗੱਲ ਵਾਪਰੀ। ਪਰ 'ਨਿਖੇਧ ਦਾ ਨਿਖੇਧ' ਦੇ ਨੇਮ ਦਾ ਕੀ ਬਣਿਆ ?

ਹੁਣ ਇਕ ਹੋਰ ਉਦਾਹਰਣ ਲੈਂਦੇ ਹਾਂ। ਪੁਰਾਤਨ ਪਦਾਰਥਵਾਦ ਦਾ ਨਿਖੇਧ ਵਿਚਾਰਵਾਦ ਰਾਹੀਂ ਹੋਇਆ ਅਤੇ ਵਿਚਾਰਵਾਦ ਦਾ ਨਿਖੇਧ ਦਵੰਦਾਤਮਕ ਪਦਾਰਥਵਾਦ ਰਾਹੀਂ। ਪਰ ਅਸੀਂ ਦੇਖਦੇ ਹਾਂ ਕਿ ਹਰ ਦੇਸ਼ ਵਿਚ ਤੇ ਹਰ ਦੌਰ ਵਿਚ ਵਿਚਾਰਵਾਦ ਤੇ ਪਦਾਰਥਵਾਦ ਦੇ ਸਿਧਾਂਤ ਨਾਲੋ ਨਾਲ ਚਲਦੇ ਆਏ ਹਨ। ਇਹਨਾਂ ਵਿਚੋਂ ਕਿਸੇ ਦਾ ਵੀ ਨਿਖੇਧ ਨਹੀਂ ਹੋਇਆ। ਸਾਡੇ ਆਪਣੇ ਦੇਸ਼ ਦਾ ਇਤਿਹਾਸ ਵੀ ਇਸਦੀ ਸਪਸ਼ਟ ਹਾਮੀ ਭਰਦਾ ਹੈ। ਨਾਲੇ ਨਿਖੇਧ ਦਾ ਅਮਲ ਤਾਂ ਜਾਰੀ ਰਹਿੰਦਾ ਹੈ, ਸੋ ਇਸਦੇ ਅਧੀਨ ਦਵੰਦਵਾਦੀ ਪਦਾਰਥਵਾਦ ਦਾ ਨਿਖੇਧ ਕੌਣ ਕਰੇਗਾ ? ਕੀ ਵਿਚਾਰਵਾਦ ਦਾ ਕੋਈ ਰੂਪ ਹੀ, ਦੁਹਰਾਉ ਦੇ ਅਸੂਲ ਅਧੀਨ, ਇਸ ਕਾਰਜ ਦੀ ਪੂਰਤੀ ਕਰੇਗਾ। ਸ਼ਾਇਦ ਇਸ ਸਵਾਲ ਦਾ ਉਤਰ ਨਾ ਬਣਦਾ ਵੇਖ ਕੇ ਹੀ ਸਤਾਲਿਨ ਅਤੇ ਮਾਓ ਜੇ ਤੁੰਗ, ਜਿਹੜੇ ਕਮਿਊਨਿਸਟ ਰਾਜਾਂ ਦੇ ਸੱਤਾਧਾਰੀ ਸ਼ਾਸਕ ਸਨ, 'ਨਿਖੇਧ ਦਾ ਨਿਖੇਧ' ਦੇ ਨੇਮ ਤੋਂ ਹੀ ਨਾਬਰ ਹੋ ਗਏ ਸਨ।

## ਪਰਿਮਾਣਾਤਮਕ ਤੋਂ ਗੁਣਾਤਮਕ ਦਾ ਨੇਮ

ਹੁਣ ਪਰਿਮਾਣਾਤਮਕ ਤੋਂ ਗੁਣਾਤਮਕ ਤਬਦੀਲੀਆਂ ਵਿਚ ਵਟਣ ਦੇ ਨੇਮ ਨੂੰ ਵਿਚਾਰਦੇ ਹਾਂ। ਪਰਿਮਾਣਾਤਮਕ ਦੇ ਗੁਣਾਤਮਕ ਤਬਦੀਲੀਆਂ ਵਿਚ ਵਟਣ ਦੇ ਨੇਮ ਦਾ ਤੱਤ ਇਹ ਹੈ ਕਿ ਛੋਟੀਆਂ, ਪਹਿਲਾਂ ਪਹਿਲਾਂ ਨਾਮਾਲੂਮ ਜਿਹੀਆਂ ਪਰਿਮਾਣਾਤਮਕ ਤਬਦੀਲੀਆਂ ਹੁੰਦੀਆਂ ਹਨ, ਪਰਿਮਾਣਾਤਮਕ ਤਬਦੀਲੀਆਂ ਹੌਲੀ ਹੌਲੀ ਇਕੱਠੀਆਂ ਹੁੰਦੀਆਂ ਰਹਿੰਦੀਆਂ ਹਨ ਅਤੇ ਇਕ ਪੜਾਉ ਉਤੇ ਅੱਪੜ ਕੇ ਬੁਨਿਆਦੀ ਗੁਣਾਤਮਕ ਤਬਦੀਲੀਆਂ ਦਾ ਰੂਪ ਧਾਰ ਲੈਂਦੀਆਂ ਹਨ, ਜਿਸਦੇ ਸਿੱਟੇ ਵਜੋਂ ਪੁਰਾਣਾ ਗੁਣ ਅਲੋਪ ਹੋ ਜਾਂਦਾ ਹੈ ਤੇ ਨਵਾਂ ਗੁਣ ਉਪਜਦਾ ਹੈ ਜਿਹੜਾ ਆਪਣੀ ਵਾਰੀ ਨਵੀਆਂ ਪਰਿਮਾਣਾਤਮਕ ਤਬਦੀਲੀਆਂ ਨੂੰ ਉਪਜਾਂਦਾ ਹੈ। ਪਰਿਮਾਣਾਤਮਕ ਤਬਦੀਲੀਆਂ, ਗੁਣਾਤਮਕ ਤਬਦੀਲੀਆਂ ਵਿਚ ਕਿਵੇਂ ਵਟਦੀਆਂ ਹਨ ? ਅਜਿਹਾ ਛਾਲ ਦੇ ਅਮਲ ਰਾਹੀਂ ਹੁੰਦਾ ਹੈ। ਇਥੇ ਇਹ ਯਾਦ ਰਹੇ ਕਿ ਅਧਿਆਤਮਵਾਦੀ ਕਹਿੰਦੇ ਹਨ ਕਿ ਵਿਕਾਸ ਸਿਰਫ ਕ੍ਰਮ-ਵਿਕਾਸੀ ਢੰਗ ਰਾਹੀਂ ਹੀ ਹੁੰਦਾ ਹੈ ਅਤੇ ਕੋਈ ਛਾਲਾਂ ਨਹੀਂ ਵਜਦੀਆਂ ਅਰਥਾਤ ਧੀਮੇਪਣ ਵਿਚ ਕੋਈ ਵਿਘਨ ਨਹੀਂ ਪੈਂਦਾ। ਅਨਾਰਕਿਸਟ ਇਸਦੇ ਉਲਟ, ਸਿਰਫ ਛਾਲਾਂ ਨੂੰ ਹੀ ਮੰਨਦੇ ਹਨ ਪਰ ਮਾਰਕਸਵਾਦੀ ਚਿੰਤਕ ਕ੍ਰਮ-ਵਿਕਾਸੀ ਤਬਦੀਲੀਆਂ ਨੂੰ ਵੀ ਮੰਨਦੇ ਹਨ ਅਤੇ ਛਾਲ ਦੇ ਨੇਮ ਨੂੰ ਵੀ। ਇਸ ਸਿਲਸਿਲੇ ਵਿਚ ਨਿਰਣਾ ਤਾਂ ਸਾਪੇਖਕ ਬਾਹਰਮੁਖੀ ਹਾਲਤਾਂ ਨੇ ਹੀ ਕਰਨਾ ਹੁੰਦਾ ਹੈ।

**ਛਾਲ ਕਿਵੇਂ ਵਜਦੀ ਹੈ ?** ਅਸੀਂ ਪਾਣੀ ਗਰਮ ਕਰਦੇ ਹਾਂ। ਤਾਪਮਾਨ 100° c ਉੱਤੇ ਪਹੁੰਚਦੇ ਹੀ ਪਾਣੀ ਭਾਫ ਵਿਚ ਤਬਦੀਲ ਹੋ ਜਾਂਦਾ ਹੈ। ਇਸਦੇ ਉਲਟ ਤਾਪਮਾਨ ਘਟਣ ਦੀ ਸੂਰਤ ਵਿਚ ਜਦੋਂ ਇਹ 0° 'ਤੇ ਪਹੁੰਚਦਾ ਹੈ ਤਾਂ ਪਾਣੀ ਬਰਫ ਬਣ ਜਾਂਦਾ ਹੈ। ਇਹ ਤਬਦੀਲੀ ਇਕ ਦਮ ਹੁੰਦੀ ਹੈ ਅਤੇ ਏਸੇ ਨੂੰ 'ਛਾਲ' ਆਖਿਆ ਜਾਂਦਾ ਹੈ। ਨਵੇਂ ਗੁਣ ਵਿਚ ਤਬਦੀਲੀ ਹੀ ਛਾਲ ਹੁੰਦੀ ਹੈ।

ਛਾਲ ਦੇ ਇਸੇ ਨੇਮ ਦੇ ਅਧੀਨ ਪੁਰਾਤਨ ਸਾਂਝੀਵਾਲ ਪ੍ਰਣਾਲੀ ਤੋਂ ਗੁਲਾਮ ਸਮਾਜ ਵਿਚ ਤਬਦੀਲੀ ਅਤੇ ਫੇਰ ਗੁਲਾਮ ਤੋਂ ਜਗੀਰੂ ਸਮਾਜ ਵਿਚ ਤਬਦੀਲੀ, ਜਗੀਰੂ ਤੋਂ ਪੂੰਜੀਵਾਦੀ ਸਮਾਜ ਵਿਚ ਅਤੇ ਫੇਰ ਪੂੰਜੀਵਾਦੀ ਤੋਂ ਸਮਾਜਵਾਦੀ ਸਮਾਜ ਵਿਚ ਤਬਦੀਲੀ ਦਾ ਸਿਲਸਿਲਾ ਜਾਰੀ



ਰਿਹਾ। ਸੋ ਪਰਿਮਾਣਾਤਮਕ ਤੋਂ ਗੁਣਾਤਮਕ ਵਿਚ ਤਬਦੀਲੀ 'ਛਾਲ' ਰਾਹੀਂ ਅਤੇ 'ਕੇਵਲ ਛਾਲ' ਰਾਹੀਂ ਹੁੰਦੀ ਹੈ।

ਪਰ ਛਾਲ ਦੇ ਸੰਬੰਧ ਵਿਚ ਇਹ ਨਿਰਣਾ ਕਿ ਸਮਾਜਕ ਵਿਕਾਸ ਦੇ ਸਿਲਸਿਲੇ ਵਿਚ ਛਾਲ ਮਾਰਨ ਲਈ ਠੀਕ ਵਕਤ ਚੁਣਨਾ ਜ਼ਰੂਰੀ ਹੈ, ਗੁੰਮਰਾਹਕੁਨ ਸਿੱਧ ਹੋਇਆ। ਠੀਕ ਵਕਤ ਕਿਹੜਾ ਹੈ, ਇਹਦਾ ਫੈਸਲਾ ਕੌਣ ਕਰੇ ? ਲੈਨਿਨ ਦੇ ਪੂਰਾ ਹੋ ਜਾਣ ਪਿੱਛੋਂ ਇਸੇ ਸੋਚ ਦੇ ਅਧੀਨ ਖੇਤੀਬਾੜੀ ਦੇ ਖੇਤਰ ਵਿਚ ਛਾਲ ਮਾਰਨ ਲਈ ਵਕਤ ਦੀ ਚੋਣ ਕਰ ਲਈ ਗਈ ਅਤੇ ਵਿਅਕਤੀਵਾਦੀ ਜਗੀਰੂ ਖੇਤੀਬਾੜੀ ਦੀ ਥਾਂ ਸਾਂਝੀ ਖੇਤੀਬਾੜੀ ਲਾਗੂ ਕਰਨ ਲਈ ਸਰਕਾਰੀ ਮਸ਼ੀਨ ਨੇ ਜਬਰ, ਜ਼ੋਰ ਅਤੇ ਦਾਬੇ ਦੀ ਵਰਤੋਂ ਕੀਤੀ। ਇਸ ਸਿਲਸਿਲੇ ਵਿਚ ਕਿਸਾਨ ਦੀ ਮਾਨਸਿਕਤਾ ਨੂੰ ਬਿਲਕੁਲ ਹੀ ਨਾ ਗੌਲਿਆ ਗਿਆ ਅਤੇ ਕ੍ਰਮ-ਵਿਕਾਸ ਦੇ ਨੇਮ ਵੱਲੋਂ ਬੇਪਰਵਾਹ ਹੋਕੇ ਸਾਂਝੇ ਫਾਰਮਾਂ ਦਾ ਨਿਰਮਾਣ ਜ਼ਬਰਦਸਤੀ ਛੋਹ ਦਿੱਤਾ ਗਿਆ। ਇਹ ਨੀਤੀ ਤਾਂ ਹਰ ਸੂਰਤ ਵਿਚ ਛਾਲ ਨੂੰ ਹੀ ਮੰਨਣ ਵਾਲੇ ਨਰੋਦਨਿਕਾਂ ਤੇ ਅਨਾਰਕਿਸਟਾਂ ਦੀ ਨੀਤੀ ਦਾ ਹੀ ਪ੍ਰਤਿਰੂਪ ਸੀ। ਇਵੇਂ ਹੀ ਸਮਾਜਵਾਦੀ ਉਸਾਰੀ ਦੇ ਪ੍ਰਸੰਗ ਵਿਚ ਸਮਾਂ ਮਿਥਿਆ ਗਿਆ ਪਰ ਲੋੜੀਂਦੇ ਸਿੱਟੇ ਨਾ ਨਿਕਲਣ ਦੀ ਸੂਰਤ ਵਿਚ ਅਤੇ ਆਪਣੀ ਅਸਫਲਤਾ ਉਤੇ ਪਰਦਾ ਪਾਉਣ ਲਈ ਇਹ ਕੂੜਾ ਐਲਾਨ ਕਰ ਦਿੱਤਾ ਗਿਆ ਕਿ ਸੋਵੀਅਤ ਯੂਨੀਅਨ ਵਿਚ ਸਮਾਜਵਾਦ ਦਾ ਨਿਰਮਾਣ ਕਰ ਲਿਆ ਗਿਆ ਹੈ ਅਤੇ ਹੁਣ ਦੇਸ਼ ਵਿਕਸਿਤ ਸੋਸ਼ਲਿਜ਼ਮ ਦੀ ਮੰਜ਼ਿਲ ਵਿਚ ਦਾਖਲ ਹੋ ਰਿਹਾ ਹੈ।

## ਉਲਟਾਂ ਦਾ ਏਕਾ ਅਤੇ ਘੋਲ

'ਉਲਟਾਂ ਦਾ ਏਕਾ ਅਤੇ ਘੋਲ' ਦਾ ਨੇਮ ਦਵੰਦਵਾਦ ਦਾ ਉਹ ਨੇਮ ਹੈ ਜਿਸਨੂੰ ਸਾਰੇ ਮਾਰਕਸਵਾਦੀ ਚਿੰਤਕ ਮੰਨਦੇ ਹਨ। 'ਉਲਟਾਂ ਦਾ ਘੋਲ' ਵਿਕਾਸ ਦਾ ਸੋਮਾ ਹੈ। ਉਲਟਾਂ ਵਿਚੋਂ ਹਰ ਇਕ ਉਲਟ ਕਿਸੇ ਅਮਲ ਜਾਂ ਵਰਤਾਰੇ ਵਿਚ ਪ੍ਰਬਲ ਮਹੱਤਤਾ ਹਾਸਲ ਕਰਨ ਦਾ 'ਯਤਨ' ਕਰਦਾ ਹੈ। ਇਹ ਇਕ ਅਜਿਹਾ ਨੇਮ ਹੈ ਜਿਸ ਉਤੇ ਕਿੰਤੂ ਉਠਾਉਣਾ ਅਸੰਭਵ ਦੀ ਹੱਦ ਤਕ ਮੁਸ਼ਕਿਲ ਹੈ। ਉਲਟ ਉਹ ਵਰਤਾਰੇ ਜਾਂ ਵਰਤਾਰਿਆਂ ਦੇ ਪੱਖ ਹਨ ਜਿਹੜੇ ਇਕ ਦੂਜੇ ਨੂੰ ਖਾਰਜ ਕਰਦੇ ਹਨ। ਇਹ ਸੋਚ ਠੀਕ ਨਹੀਂ ਕਿਉਂਜੋ ਉਲਟ ਇਕ ਦੂਜੇ ਨੂੰ ਖਾਰਜ ਕਰਦੇ ਹਨ ਇਸ ਲਈ ਇਹਨਾਂ ਵਿਚਕਾਰ ਕੁਝ ਵੀ ਸਾਂਝਾ ਨਹੀਂ। ਜੀਵਨ ਵਿਚ, ਕੁਦਰਤ ਵਿਚ ਉਲਟ ਇਕ ਦੂਜੇ ਤੋਂ ਅਲੰਘ ਰੇਖਾਂ ਨਾਲ ਨਿਖੜੇ ਹੋਏ ਨਹੀਂ। ਇਹਨਾਂ ਨੂੰ ਕੇਵਲ ਇਕ ਦੂਜੇ ਦੇ ਸੰਬੰਧ ਵਿਚ ਹੀ ਸਮਝਿਆ ਜਾ ਸਕਦਾ ਹੈ।

ਯਾਦ ਰਹੇ ਪਾਜ਼ੇਟਿਵ ਤੇ ਨੈਗੇਟਿਵ ਕਣ ਇਕੋ ਪ੍ਰਮਾਣੂ ਵਿਚ ਮੌਜੂਦ ਹੁੰਦੇ ਹਨ। ਮੇਕਾਨੀਅਤ ਵਿਚ ਕਿਰਿਆ ਅਤੇ ਪ੍ਰਤੀਕਿਰਿਆ ਵੀ ਨਾਲੋ ਨਾਲ ਹੁੰਦੀ ਹੈ। ਪ੍ਰਤੀਕਿਰਿਆ ਤੋਂ ਬਿਨਾਂ ਕੋਈ ਕਿਰਿਆ ਨਹੀਂ ਹੁੰਦੀ। ਰਸਾਇਣ ਵਿਗਿਆਨ ਵਿਚ ਪ੍ਰਮਾਣੂਆਂ ਦੇ ਜੋੜ ਤੇ ਵਖਰੇਵੇਂ ਵਰਗੇ ਉਲਟ ਵੀ ਅਨਿਖੜਵੇਂ ਹੁੰਦੇ ਹਨ।

ਇਕ ਦੂਜੇ ਨਾਲ ਜੁੜੇ ਹੋਏ ਉਲਟਾਂ ਵਿਚਕਾਰ ਕਿਸੇ ਨਾ ਕਿਸੇ ਕਿਸਮ ਦੇ ਸੰਬੰਧ ਜ਼ਰੂਰ ਹੁੰਦੇ ਹਨ। ਜਿੱਥੇ ਕਿਤੇ ਵੀ ਇਹ ਸੰਬੰਧ ਸਥਾਪਿਤ ਹੁੰਦੇ ਹਨ ਉਥੇ ਹੀ ਵਿਰੋਧਤਾਈਆਂ ਪੈਦਾ ਹੁੰਦੀਆਂ ਹਨ, ਕਿਉਂਜੁ ਉਲਟ ਪੱਖ ਸ਼ਰਤੀਆ ਟੱਕਰਾਂ ਵਿਚ ਪ੍ਰਗਟਦੇ ਹਨ। ਇਸੇ ਲਈ ਵਿਰੋਧਤਾਈਆਂ ਨੂੰ ਉਲਟਾਂ ਵਿਚਕਾਰ ਸੰਬੰਧ ਵਜੋਂ ਬਿਆਨਿਆ ਜਾ ਸਕਦਾ ਹੈ।

ਜੇ ਵਸਤਾਂ ਅਤੇ ਵਰਤਾਰੇ ਤਬਦੀਲ ਨਾ ਹੁੰਦੇ, ਜੇ ਉਹ ਸਦਾ ਹੀ ਇਕੋ ਰੂਪ ਵਿਚ ਰਹਿੰਦੇ ਤਦ ਕੋਈ ਵੀ ਉਲਟ ਨਾ ਹੁੰਦੇ, ਉਹਨਾਂ ਦੇ ਅੰਦਰ ਪਰਸਪਰ ਤੌਰ 'ਤੇ ਖਾਰਜ ਪੱਖ ਨਾ ਹੁੰਦੇ। ਪਰ ਇਹ ਇਕ ਹਕੀਕਤ ਹੈ ਕਿ ਵਸਤਾਂ ਅਤੇ ਵਰਤਾਰੇ ਸਦਾ ਹੀ ਨਿਰੰਤਰ ਗਤੀ, ਪਰਿਵਰਤਨ ਤੇ

ਵਿਕਾਸ ਕ੍ਰਿਆ ਸਦਾ ਹੀ ਵਿਰੋਧੀ ਪੱਖਾਂ, ਰੁਚੀਆਂ ਅਤੇ ਸ਼ਕਤੀਆਂ ਨੂੰ ਵਿਖਾਉਂਦੀ ਹੈ ਅਤੇ ਇਸੇ ਲਈ ਵਿਰੋਧਤਾਈਆਂ ਦਾ ਪ੍ਰਗਟਾਉ ਕਰਦੀ ਹੈ।

ਸੋ ਉਲਟਾਂ ਦਾ ਇਕ ਦੂਜੇ ਨਾਲ ਸੰਬੰਧ ਸੰਘਣਾ ਤੇ ਅਟੁੱਟ ਹੁੰਦਾ ਹੈ। ਇਕ ਦੂਜੇ ਤੋਂ ਬਿਨਾ ਉਨ੍ਹਾਂ ਦੀ ਹੋਂਦ ਹੋ ਹੀ ਨਹੀਂ ਸਕਦੀ। ਇਸ ਸੰਬੰਧ ਨੂੰ ਹੀ 'ਉਲਟਾਂ ਦਾ ਏਕਾ' ਆਖਿਆ ਜਾਂਦਾ ਹੈ। ਉਦਾਹਰਣ ਵਜੋਂ ਅਸੀਂ ਕਿਸੇ ਫੈਕਟਰੀ ਦੇ ਉਲਟਾਂ-ਆਮਦਨ ਤੇ ਖਰਚ-ਨੂੰ ਨਿਖੇੜ ਨਹੀਂ ਸਕਦੇ। ਇਵੇਂ ਹੀ ਜੀਵ ਜਾਂ ਮਨੁੱਖ ਦੇ ਸਰੀਰ ਵਿਚ ਉਲਟ ਅਮਲ ਹੁੰਦੇ ਹਨ - ਕੁਝ ਸੈੱਲ ਬਣਦੇ ਹਨ ਅਤੇ ਦੂਜੇ ਤਬਾਹ ਹੁੰਦੇ ਹਨ। ਇਸ ਨਾਲ ਹੀ ਜੀਵਨ ਦਾ ਅਮਲ ਚਲਦਾ ਹੈ।

'ਉਲਟਾਂ ਦੇ ਏਕੇ' ਨੂੰ ਉਨ੍ਹਾਂ ਦੀ 'ਇਕਮਿਕਤਾ' ਦੇ ਅਰਥਾਂ ਵਿਚ ਵੀ ਸਮਝਣਾ ਜ਼ਰੂਰੀ ਹੈ। ਇਸਦਾ ਭਾਵ ਇਹ ਹੈ ਕਿ ਯੋਗ ਹਾਲਤਾਂ ਵਿਚ 'ਉਲਟ' ਇਕ ਦੂਜੇ ਵਿਚ ਵਟ ਜਾਂਦੇ ਹਨ। ਮਿਸਾਲ ਵਜੋਂ ਸਿੱਲ੍ਹਾ ਖੁਸ਼ਕ ਹੋ ਜਾਂਦਾ ਹੈ ਅਤੇ ਖੁਸ਼ਕ ਸਿੱਲ੍ਹਾ। ਇਥੇ 'ਉਲਟਾਂ' ਨੇ ਅਨੁਕੂਲ ਸਥਿਤੀਆਂ ਹੋਣ 'ਤੇ ਆਪਣੇ ਸਥਾਨ ਬਦਲ ਲਏ ਹਨ। ਇਵੇਂ ਇਕ ਗਰਮ ਦੇਹ ਆਪਣਾ ਤਾਪ ਖਾਰਜ ਕਰਕੇ ਆਲੇ ਦੁਆਲੇ ਨੂੰ ਦੇ ਦਿੰਦੀ ਹੈ ਤੇ ਠੰਢੀ ਹੋ ਜਾਂਦੀ ਹੈ। 'ਇਕਮਿਕਤਾ' ਅਨੁਕੂਲ ਹਾਲਤਾਂ ਦਾ ਨਤੀਜਾ ਹੈ। ਜਦੋਂ ਹਾਲਤਾਂ ਬਦਲ ਜਾਂਦੀਆਂ ਹਨ, ਇਕਮਿਕਤਾ ਦਾ ਵੀ ਭੋਗ ਪੈ ਜਾਂਦਾ ਹੈ। ਸੋ ਉਲਟਾਂ ਦਾ ਏਕਾ ਸਾਪੇਖਕ ਅਤੇ ਆਰਜ਼ੀ ਹੁੰਦਾ ਹੈ।

ਕਿਉਂਕਿ ਹਰ ਵਸਤੂ, ਹਰ ਵਰਤਾਰੇ, ਹਰ ਕ੍ਰਿਆ ਵਿਚ ਵਿਰੋਧੀ ਪੱਖ ਮੌਜੂਦ ਹੁੰਦੇ ਹਨ, ਇਸ ਲਈ ਉਹਨਾਂ ਵਿਚਕਾਰ ਸੰਘਰਸ਼ ਸਦਾ ਹੀ ਚਲਦਾ ਰਹਿੰਦਾ ਹੈ, ਅਰਥਾਤ, ਉਲਟਾਂ ਦਾ ਘੋਲ' ਜਾਰੀ ਰਹਿੰਦਾ ਹੈ। ਇਹਨਾਂ ਉਲਟਾਂ ਵਿਚੋਂ ਹਰ 'ਉਲਟ' ਕਿਸੇ ਅਮਲ ਜਾਂ ਵਰਤਾਰੇ ਵਿਚ ਪ੍ਰਬਲ ਮਹੱਤਤਾ ਹਾਸਲ ਕਰਨ ਲਈ 'ਜਤਨ' ਕਰਦਾ ਹੈ। ਹੀਗਲ ਦੱਸਦਾ ਹੈ ਕਿ ਵਿਕਾਸ ਕ੍ਰਿਆ ਵਿਚ ਮੁੱਖ ਗੱਲ 'ਉਲਟਾਂ ਦਾ ਏਕਾ' ਉਲਟਾਂ ਦੀ ਇਕਮਿਕਤਾ ਹੈ। ਪਰ ਅਸਲ ਵਿਚ ਮੁੱਖ ਰੋਲ ਏਕਾ ਨਹੀਂ ਸਗੋਂ ਉਲਟਾਂ ਦਾ ਘੋਲ ਅਦਾ ਕਰਦਾ ਹੈ। ਇਹ ਨਿਰੰਤਰ ਘੋਲ ਉਲਟਾਂ ਦੇ ਪਰਸਪਰ ਸੰਬੰਧ ਦਾ ਕੇਂਦਰੀ ਲੱਛਣ ਹੈ। ਇਸੇ ਲਈ ਜਦ ਕਿ ਉਲਟਾਂ ਦਾ ਏਕਾ ਆਰਜ਼ੀ ਤੇ ਵਕਤੀ ਹੁੰਦਾ ਹੈ ਉਹਨਾਂ ਵਿਚਕਾਰ ਘੋਲ ਉੱਕਾ (Absolute) ਹੈ। 'ਉਲਟਾਂ ਦਾ ਘੋਲ' ਵਿਕਾਸ ਦੀ ਗਤੀ ਦਾ ਸੋਮਾ ਹੈ। ਸੋ ਅਸੀਂ ਆਖ ਸਕਦੇ ਹਾਂ ਕਿ ਵਿਕਾਸ ਉਲਟਾਂ ਦਾ ਘੋਲ ਹੁੰਦਾ ਹੈ।

'ਉਲਟਾਂ ਦਾ ਏਕਾ ਤੇ ਘੋਲ' ਦਵੰਦਵਾਦ ਦਾ ਇਕ ਅਜਿਹਾ ਨੇਮ ਹੈ ਜਿਸ ਉਤੇ ਕਿੰਤੂ ਕਰਨਾ ਅਸੰਭਵ ਹੈ। ਕਿੰਤੂ ਕਰਨ ਵਾਲੇ ਬੱਸ ਚੁੰਬਕ ਦੀ ਉਦਾਹਰਣ ਦਾ ਹੀ ਸਹਾਰਾ ਲੈਂਦੇ ਹਨ। ਉਹ ਕਹਿੰਦੇ ਹਨ ਕਿ ਚੁੰਬਕ ਦੇ ਦੋ ਧਰੁਵ ਉਤਰੀ ਅਤੇ ਦੱਖਣੀ ਇਕ ਦੂਜੇ ਨਾਲ ਸੰਘਰਸ਼ ਦੀ ਹਾਲਤ ਵਿਚ ਹਨ। ਤਦ ਵੀ ਉਹ ਇਕ ਦੂਜੇ ਨੂੰ ਖਾਰਜ ਨਹੀਂ ਕਰਦੇ। ਪਰ ਇਹ ਕਿੰਤੂ ਨਿਰਮੂਲ ਜਾਪਦਾ ਹੈ। ਠੀਕ ਹੈ ਕਿ ਜੇ ਚੁੰਬਕ ਦਾ ਕੋਈ ਟੁਕੜਾ ਲੈਕੇ ਇਹਦੀ ਵੰਡ ਕਰਦੇ ਚਲੇ ਜਾਈਏ ਤਾਂ ਅੰਤ ਵਿਚ ਇਹਦੇ ਨਿੱਕੇ ਨਿੱਕੇ ਕਣ ਬਣ ਜਾਂਦੇ ਹਨ। ਪਰ ਇਹਨਾਂ ਵਿਚੋਂ ਹਰ ਟੁਕੜੇ ਦੇ ਅਤੇ ਫਿਰ ਹਰ ਕਣ ਦੇ ਦੋਹਵੇਂ ਧਰੁਵ ਉੱਤਰੀ ਅਤੇ ਦੱਖਣੀ ਮੌਜੂਦ ਰਹਿੰਦੇ ਹਨ, ਪਰ ਇਹ ਇਕ ਦੂਜੇ ਨੂੰ ਖਾਰਜ ਵੀ ਕਰਦੇ ਹਨ - ਉੱਤਰੀ ਅਰਧ ਖੰਡ ਵਿਚ ਚੁੰਬਕ ਦਾ ਜਿਹੜਾ ਸਿਰਾ ਉਤਰ ਵੱਲ ਰਹਿੰਦਾ ਹੈ, ਉਹੋ ਦੱਖਣੀ ਅਰਧ ਖੰਡ ਵਿਚ ਦੱਖਣ ਵੱਲ ਹੋ ਜਾਂਦਾ ਹੈ। ਨਾਲੇ ਅਜਿਹੇ ਤਜਰਬੇ ਤਾਂ ਸੌਖਿਆਂ ਹੀ ਕੀਤੇ ਜਾ ਸਕਦੇ ਹਨ ਜੋ ਵਿਖਾਉਂਦੇ ਹਨ ਕਿ ਉਲਟ ਚੁੰਬਕੀ ਧਰੁਵ (ਦੋਹਵੇਂ ਉੱਤਰੀ ਜਾਂ ਦੋਹਵੇ ਦੱਖਣੀ ਧਰੁਵ) ਇਕ ਦੂਜੇ ਨੂੰ ਪਰੇ ਧੱਕਦੇ ਹਨ। ਇਹ ਚੁੰਬਕੀ ਧਰੁਵਾਂ ਦਾ ਨੇਮ ਹੈ।

**ਵਿਚਾਰਵਾਦ ਜਾਂ ਆਦਰਸ਼ਵਾਦ :**

ਵਿਰੋਧ-ਵਿਕਾਸ ਦੇ ਨਾਲ ਨਾਲ ਮਾਰਕਸਵਾਦ ਦਾ ਦੂਸਰਾ ਦਾਰਸ਼ਨਿਕ ਆਧਾਰ ਪਦਾਰਥਵਾਦ



ਹੈ। ਪਦਾਰਥਵਾਦ ਦਾ ਵਿਰੋਧੀ ਦਾਰਸ਼ਨਿਕ ਸੰਕਲਪ 'ਵਿਚਾਰਵਾਦ' ਦਾ ਹੈ ਪਰੰਤੂ ਅਕਸਰ ਹੀ ਇਸਦੀ ਜਗ੍ਹਾ ਉਤੇ 'ਆਦਰਸ਼ਵਾਦ' ਸ਼ਬਦ ਵਰਤਿਆ ਜਾਂਦਾ ਰਿਹਾ ਹੈ ਜੋ ਭਾਵ ਪੱਖੋਂ ਬੁਨਿਆਦੀ ਤੌਰ 'ਤੇ ਹੀ ਗਲਤ ਹੈ ਅਤੇ ਸਾਨੂੰ ਇਸ ਗਲਤ ਪਿਰਤ ਦੀਆਂ ਜੜ੍ਹਾਂ ਫਰੋਲਣ ਦੀ ਲੋੜ ਹੈ। ਅੰਗ੍ਰੇਜ਼ੀ ਵਿਚ ਪਦਾਰਥਵਾਦ ਲਈ Materialism ਅਤੇ ਇਸਦੇ ਵਿਰੋਧੀ ਭਾਵ ਵਾਲੇ ਸੰਕਲਪ ਲਈ Idealism ਸ਼ਬਦ ਵਰਤਿਆ ਜਾਂਦਾ ਹੈ। ਪਰ Ideal (ਆਦਰਸ਼) ਸ਼ਬਦ Idea (ਵਿਚਾਰ) ਦੀ ਥਾਂ 'ਤੇ ਕਿਵੇਂ ਵਰਤਿਆ ਜਾ ਸਕਦਾ ਹੈ? ਜੇ ਅੰਗ੍ਰੇਜ਼ ਚਿੰਤਕ 'ਆਈਡੀਆ-ਇਜ਼ਮ' ਵਰਗਾ ਕੋਈ ਸ਼ਬਦ ਘੜਦੇ ਤਾਂ ਠੀਕ ਹੋਣਾ ਸੀ। ਪਰ ਉਹਨਾਂ ਨੇ ਚਲਾਕੀ ਵਰਤੀ। ਪਦਾਰਥਵਾਦ ਤਾਂ ਵਿਵੇਕਪੂਰਨ ਅਤੇ ਤਰਕਮਈ ਸੀ ਅਤੇ ਪਦਾਰਥਵਾਦੀ ਫਿਲਾਸਫਰ ਸ਼ੁਰੂ ਤੋਂ ਹੀ ਆਦਰਸ਼ਵਾਦੀ (Idealist) ਸਨ ਕਿਉਂਜੋ ਉਹ ਮਨੁੱਖ ਲਈ ਇਕ ਅਤਿ ਸੁਹਣੀ ਸਮਾਜਕ ਪ੍ਰਣਾਲੀ ਨੂੰ ਨਿਰੂਪਦੇ ਸਨ। ਇਹਦੇ ਉਲਟ ਪੂੰਜੀਵਾਦੀ ਫਲਸਫਾ ਜਾਂ ਕਹਿ ਲਵੋ ਗੈਰ ਪਦਾਰਥਵਾਦੀ ਫਲਸਫਾ ਆਦਰਸ਼ਵਾਦੀ ਨਹੀਂ ਹੋ ਸਕਦਾ, ਕਿਉਂਜੁ ਸਿਵਾਏ ਧਨ ਦੀ ਪੂਜਾ ਕਰਨ ਦੇ ਇਸਦਾ ਕੋਈ ਆਦਰਸ਼ ਹੈ ਹੀ ਨਹੀਂ। ਇਹਦੇ ਲਈ ਤਾਂ ਚੀਜ਼ਾਂ ਅਤੇ ਪਦਾਰਥ ਹੀ ਸਭ ਕੁਝ ਹਨ, ਪਰ ਪਦਾਰਥਵਾਦੀ ਚਿੰਤਕ ਮਨੁੱਖ ਦੀ ਸਮਾਜਕ ਅਤੇ ਆਤਮਕ ਉਚਾਈ ਨੂੰ ਵੀ ਚਿਤਵਦੇ ਰਹੇ ਹਨ।

ਗੱਲ ਕੀ ਅੰਗ੍ਰੇਜ਼ ਚਿੰਤਕਾਂ ਨੇ ਚਲਾਕੀ ਵਰਤਦਿਆਂ ਸਾਡੇ 'ਪਦਾਰਥਵਾਦ' ਦੇ ਟਾਕਰੇ ਉਤੇ ਆਪਣੇ ਫਲਸਫੇ ਦਾ ਨਾਂ ਆਦਰਸ਼ਵਾਦ (Idealism) ਧਰ ਦਿੱਤਾ ਅਤੇ ਇਸ ਤਰ੍ਹਾਂ ਦੁਨੀਆ ਸਾਹਮਣੇ ਆਦਰਸ਼ਵਾਦੀ ਦੇ ਤੌਰ ਉਤੇ ਪੇਸ਼ ਹੋਏ ਅਤੇ ਸਾਨੂੰ ਪਦਾਰਥਾਂ ਨੂੰ ਚਾਹੁਣ ਵਾਲੇ, ਪਦਾਰਥ ਦੀ ਪੂਜਾ ਕਰਨ ਵਾਲੇ ਦਰਸਾਉਣ ਵਜੋਂ ਸਫਲ ਹੋ ਗਏ। ਅਤੇ ਅਸੀਂ ਵੀ ਉਹਨਾਂ ਦੀ ਇਸ ਚਲਾਕੀ ਵਿਚ ਫਸ ਗਏ, ਅਸੀਂ ਵੀ ਉਹਨਾਂ ਦੇ ਫਲਸਫੇ ਨੂੰ ਆਦਰਸ਼ਵਾਦ (Idealism) ਲਿਖਣ ਲੱਗ ਪਏ। ਅਸੀਂ ਇਸ ਸ਼ਬਦ ਦੀ ਵਿਆਖਿਆ ਭਾਵੇਂ ਵਿਗਿਆਨਕ ਤੌਰ ਉਤੇ ਕਰਦੇ ਰਹੀਏ, ਪਰ ਇਹ ਸ਼ਬਦ ਭੁਲੇਖਾ ਪਾਉਂਦਾ ਰਹੇਗਾ। ਸ਼ਬਦਾਂ ਦਾ ਵੀ ਖੁਦ ਆਪਣਾ ਜਾਦੂ ਹੁੰਦਾ ਹੈ।

ਸੋ ਜਿਵੇਂ ਕਿ ਪਹਿਲਾਂ ਕਿਹਾ ਜਾ ਚੁੱਕਾ ਹੈ ਮਾਰਕਸਵਾਦ ਕੁਦਰਤੀ ਵਿਗਿਆਨਾਂ ਵਰਗਾ ਸੰਪੂਰਨ ਵਿਗਿਆਨ ਨਹੀਂ ਹੈ ਪਰ ਇਹ ਮਨੋਵਿਗਿਆਨ, ਇਤਿਹਾਸ, ਭੂਗੋਲ ਵਰਗਾ ਵਿਗਿਆਨ ਜ਼ਰੂਰ ਹੈ। ਵਿਗਿਆਨ ਜਿੰਨ੍ਹਾ ਦੇ ਨੇਮਾਂ ਨੂੰ ਅਟੱਲਤਾ ਦਾ ਦਰਜਾ ਤਾਂ ਪ੍ਰਾਪਤ ਨਹੀਂ ਹੋ ਸਕਦਾ ਪਰ ਜਿੰਨ੍ਹਾਂ ਨੂੰ ਇਨ੍ਹਾਂ ਵਿਚੋਂ ਕੁਝ ਵਕਤ ਨੇ ਠੀਕ ਸਿੱਧ ਕਰ ਦਿੱਤੇ ਹੋਏ ਹਨ, ਕੁਝ ਅਧੂਰੇ, ਅਤੇ ਕੁਝ ਕੱਚੇ ਜਾਪਦੇ ਹਨ। ਇਹਨਾਂ ਨੇਮਾਂ ਵਿਚੋਂ ਕਈਆਂ ਬਾਰੇ ਅਸਹਿਮਤੀ ਵੀ ਪਾਈ ਜਾਂਦੀ ਹੈ। ਇਕੋ ਵਰਤਾਰੇ ਬਾਰੇ ਸਮਾਜ ਵਿਗਿਆਨੀਆ ਦੇ ਵੱਖ ਵੱਖ ਵਿਚਾਰ ਹੋ ਸਕਦੇ ਹਨ ਅਤੇ ਵੱਖ ਵੱਖ ਵਿਚਾਰ ਹਨ ਵੀ। ਇਸੇ ਲਈ ਇਕੋ ਵਰਤਾਰੇ ਬਾਰੇ ਇਕ ਤੋਂ ਵੱਧ ਨੇਮ ਪ੍ਰਗਟ ਹੋ ਜਾਂਦੇ ਹਨ। ਪਰ ਫਿਰ ਵੀ ਇਹ ਵਿਗਿਆਨ ਹੀ ਹਨ ਕਿਉਂਜੁ ਇਹਨਾਂ ਦੇ ਨੇਮ ਹਨ।

ਇਹ ਗੱਲ ਕਦੇ ਨਹੀਂ ਭੁੱਲਣੀ ਚਾਹੀਦੀ ਕਿ ਆਖਰੀ ਸਚਾਈ ਕੋਈ ਨਹੀਂ, ਆਖਰੀ ਸ਼ਬਦ ਕੋਈ ਨਹੀਂ, ਸਭ ਕੁਝ ਹੀ ਸਾਪੇਖਕ ਹੈ। ਇਸੇ ਲਈ ਹਾਲਾਤ ਬਦਲਣ ਨਾਲ ਮਾਰਕਸਵਾਦ ਦੇ ਸਿਧਾਂਤ ਵੀ ਤਬਦੀਲ ਹੋ ਸਕਦੇ ਹਨ। ਸਮਾਜਕ ਵਿਗਿਆਨਾਂ ਦੀ ਤਾਂ ਗੱਲ ਹੀ ਛੱਡੋ, ਕੁਦਰਤੀ ਵਿਗਿਆਨਾਂ ਦੇ ਕਈ ਨੇਮ ਵੀ ਗਲਤ ਜਾਂ ਅਧੂਰੇ ਸਿੱਧ ਹੋ ਚੁੱਕੇ ਹਨ ਅਤੇ ਉਹਨਾਂ ਦੀ ਥਾਂ ਨਵੇਂ ਨੇ ਲੈ ਲਈ ਹੈ ਜਾਂ ਇਹ ਵਿਕਸਿਤ ਹੋ ਗਏ ਹਨ। ਉਦਾਹਰਣ ਸਰੂਪ ਰੋਸ਼ਨੀ ਬਾਰੇ ਦੋ ਸਿਧਾਂਤ ਪਾਏ ਜਾਂਦੇ ਸਨ। ਇਕ ਅਨੁਸਾਰ ਰੋਸ਼ਨੀ ਦੀਆਂ ਲਹਿਰਾਂ ਹੁੰਦੀਆ ਹਨ, ਦੂਜੇ ਅਨੁਸਾਰ ਇਸਦੇ ਕਣ ਹੁੰਦੇ ਹਨ ਪਰ ਅੱਜ ਦੇ ਭੌਤਿਕ ਵਿਗਿਆਨ ਨੇ ਮੰਨ ਲਿਆ ਹੈ ਕਿ ਰੋਸ਼ਨੀ ਦੇ ਕਣ (Particles) ਵੀ ਹਨ ਅਤੇ ਲਹਿਰਾਂ (Waves) ਵੀ-ਦੋਹਵੇਂ ਹੀ ਇਹਦੇ ਗੁਣ ਹਨ। ਅਜਿਹੇ ਹੋਰ ਵੀ ਬਹੁਤ ਉਦਾਹਰਣ ਮਿਲਣਗੇ ਕਿ ਪੁਰਾਣੇ ਨੇਮ ਛੱਡੇ ਗਏ ਅਤੇ ਨਵੇਂ ਪ੍ਰਵਾਨ ਕੀਤੇ ਗਏ ਹਨ। ਜਿਵੇਂ ਨਿਊਟਨ ਦੇ

ਗਤੀ ਦੇ ਪ੍ਰਵਾਨਿਤ ਨਿਯਮ ਬਹੁਤ ਤੇਜ਼ ਗਤੀਆਂ (ਰੌਸ਼ਨੀ ਦੀ ਰਫਤਾਰ ਨੇੜੇ) ਲਈ ਯੋਗ ਨਹੀਂ ਪਾਏ ਗਏ ਅਤੇ ਆਈਨਸਟਾਈਨ ਦੇ ਸਾਪੇਖਤਾ ਦੇ ਸਿਧਾਂਤਾਂ ਨੂੰ ਮਾਨਤਾ ਮਿਲੀ। ਅੱਜ ਕਈ ਸਾਇੰਸਦਾਨ ਆਈਨਸਟਾਈਨ ਦੇ ਸਾਪੇਖਤਾ ਦੇ ਸਿਧਾਂਤ ਨੂੰ ਊਣਾ ਦੱਸਦੇ ਹਨ ਅਤੇ ਇਸਨੂੰ ਵਿਕਸਿਤ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਸ੍ਰਿਸ਼ਟੀ ਦੀ ਰਚਨਾ ਬਾਰੇ ਵਿਗਿਆਨੀਆਂ ਵਿਚ ਵੱਖ ਵੱਖ ਦ੍ਰਿਸ਼ਟੀਕੋਣ ਪਾਏ ਜਾਂਦੇ ਹਨ।

**ਊਰਜਾ ਕੀ ਹੈ ?**

ਇਸ ਬਾਰੇ ਵਿਗਿਆਨੀਆਂ ਦੇ ਕਈ ਵਿਚਾਰ ਹੁੰਦੇ ਸਨ ਤੇ ਅੱਜ ਸਟੀਫਨ ਹਾਕਿੰਗ 'ਏ ਬਰੀਫ਼ ਹਿਸਟਰੀ ਆਫ਼ ਟਾਈਮ' ਵਿਚ ਸਪਸ਼ਟ ਕਰਦਾ ਹੈ ਕਿ ਬ੍ਰਹਿਮੰਡ ਵਿਚ ਦੀ ਊਰਜਾ ਦਾ ਜੋੜ ਸਿਫਰ (ਜ਼ੀਰੋ) ਹੈ। ਬ੍ਰਹਿਮੰਡ ਪਦਾਰਥ ਪਾਜ਼ੇਟਿਵ ਊਰਜਾ ਦਾ ਬਣਿਆ ਹੋਇਆ ਹੈ ਪਰ ਇਹ ਪਦਾਰਥ ਆਪਣੇ ਆਪ ਨੂੰ ਗੁਰੂਤਾ ਸ਼ਕਤੀ ਰਾਹੀਂ ਖਿੱਚ ਰਿਹਾ ਹੈ। ਪਦਾਰਥ ਦੇ ਦੋ ਟੁਕੜੇ ਜਿਹੜੇ ਇਕ ਦੂਜੇ ਦੇ ਨੇੜੇ ਹਨ, ਉਨ੍ਹਾਂ ਹੀ ਦੋ ਨਾਲੋਂ ਘੱਟ ਊਰਜਾ ਵਾਲੇ ਹੁੰਦੇ ਹਨ ਜੋ ਇਕ ਦੂਜੇ ਦੇ ਬਹੁਤ ਦੂਰ ਹੁੰਦੇ ਹਨ ਕਿਉਂਕਿ ਗੁਰੂਤਾ ਖਿੱਚ ਨੂੰ ਗੁਰੂਤਾ ਸ਼ਕਤੀ ਦੇ ਵਿਰੁੱਧ ਵਖਰਾਉਣ ਲਈ ਊਰਜਾ ਖਰਚ ਹੁੰਦੀ ਹੈ। ਇਸ ਤਰ੍ਹਾਂ ਇਕ ਅਰਥੇ, ਗੁਰੂਤਾ ਖੇਤਰ ਨੈਗੇਟਿਵ ਊਰਜਾ ਦਾ ਹੀ ਮਾਲਕ ਹੈ। ਉਸ ਬ੍ਰਹਿਮੰਡ ਦੇ ਮਾਮਲੇ ਵਿਚ ਜਿਹੜਾ ਪੁਲਾੜ ਵਿਚ ਲਗਭਗ ਇਕਸਾਰ ਹੈ, ਇਹ ਦਰਸਾਇਆ ਜਾ ਸਕਦਾ ਹੈ ਕਿ ਇਹ ਨੈਗੇਟਿਵ ਗਰੈਵੀਟੇਸ਼ਨਲ (ਗੁਰੂਤਾ ਵਾਲੇ) ਊਰਜਾ ਪਦਾਰਥ ਦੀ ਪਾਜ਼ੇਟਿਵ ਊਰਜਾ ਨੂੰ ਬਿਲਕੁਲ ਕੈਂਸਲ ਕਰ ਦਿੰਦੀ ਹੈ। ਇਸੇ ਲਈ ਬ੍ਰਹਿਮੰਡ ਦੀ ਊਰਜਾ ਦਾ ਜੋੜ-ਫਲ ਸਿਫ਼ਰ ਹੈ।

ਭੌਤਿਕ-ਵਿਗਿਆਨੀਆਂ ਵੱਲੋਂ ਊਰਜਾ ਬਾਰੇ ਸਿਰਜੇ ਗਏ ਕਈ ਨੇਮਾਂ ਦੇ ਫਲ-ਸਰੂਪ ਹੀ ਅੰਤ ਵਿਚ ਇਸ ਸਿੱਟੇ ਉਤੇ ਅੱਪੜਿਆ ਗਿਆ ਹੈ।

ਸੋ, ਜੇ ਏਂਗਲਜ਼ ਵੱਲੋਂ ਘੜੇ ਗਏ ਦਵੰਦਵਾਦ ਦੇ ਤਿੰਨੇ ਨੇਮ ਹੀ ਗਲਤ ਸਿੱਧ ਹੋ ਜਾਂਦੇ ਹਨ, ਤਦ ਵੀ ਮਾਰਕਸਵਾਦੀ ਸਾਰਥਕਤਾ ਕਿਸੇ ਗੱਲੋਂ ਘੱਟ ਨਹੀਂ। ਕਾਰਲ ਮਾਰਕਸ ਨੇ ਤਾਂ ਆਪਣੀਆਂ ਲਿਖਤਾਂ ਵਿਚ ਦਵੰਦਾਤਮਕ ਪਦਾਰਥਵਾਦ ਦਾ ਜ਼ਿਕਰ ਹੀ ਨਹੀਂ ਕੀਤਾ। ਹਾਂ ਉਹ ਦਵੰਦਾਤਮਕ ਵਿਧੀ ਦੀ ਵਰਤੋਂ ਜ਼ਰੂਰ ਕਰਦਾ ਹੈ। ਕਾਰਲ ਮਾਰਕਸ ਦੀ ਦੇਣ ਏਨੀ ਮਹਾਨ ਹੈ ਕਿ ਇਹਦਾ ਮੁੱਲ ਨਹੀਂ ਪਾਇਆ ਜਾ ਸਕਦਾ। ਉਸਨੇ ਰੋਗੀ ਅਤੇ ਅਣਮਨੁੱਖੀ ਪੂੰਜੀਵਾਦੀ ਸਮਾਜ ਦੇ ਟਾਕਰੇ ਉਤੇ ਇਕ ਸਿਹਤਮੰਦ ਅਤੇ ਮਨੁੱਖੀ ਕਦਰਾਂ-ਕੀਮਤਾਂ ਵਾਲੇ ਸੁਹਣੇਰੇ ਤੇ ਚੰਗੇਰੇ ਸਮਾਜ ਨੂੰ ਚਿਤਵਿਆ ਅਤੇ ਇਸਨੂੰ ਸਕਾਰਨ ਦੇ ਸਿਲਸਿਲੇ ਵਿਚ ਵੱਡੀ ਘਾਲਣਾ ਘਾਲੀ ਅਤੇ ਇਸ ਨਵੇਂ ਸਮਾਜ ਦੇ ਚਾਹਵਾਨਾਂ ਨੂੰ ਆਸ਼ਾਵਾਦੀ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ।

ਕਾਰਲ ਮਾਰਕਸ ਦੇ 'ਦਾਰਸ਼ਨਿਕ ਪਦਾਰਥਵਾਦ' ਨੇ ਪ੍ਰੋਲੇਤਾਰੀ ਨੂੰ ਉਸ ਰੂਹਾਨੀ ਗੁਲਾਮੀ ਵਿਚੋਂ ਬਾਹਰ ਨਿਕਲਣ ਦਾ ਰਾਹ ਦਿਖਾਇਆ ਜੋ ਅਜੇ ਤਕ ਸਭਨਾਂ ਪੀੜਿਤ ਜਮਾਤਾਂ ਦੀ ਹੋਣੀ ਬਣੀ ਹੋਈ ਹੈ। ਮਾਰਕਸ ਦੇ ਆਰਥਿਕ ਸਿਧਾਂਤ ਨੇ ਪੂੰਜੀਵਾਦ ਦੇ ਆਮ ਨਿਜ਼ਾਮ ਵਿਚ ਪ੍ਰੋਲਤਾਰੀਏ ਦੀ ਅਸਲੀ ਪੁਜ਼ੀਸ਼ਨ ਦੀ ਸਪਸ਼ਟ ਤਰ੍ਹਾਂ ਵਿਆਖਿਆ ਕੀਤੀ। ਮਾਰਕਸ ਨੇ ਸਿਧਾਂਤ ਅਤੇ ਅਮਲ ਨੂੰ ਦਵੰਦਾਤਮਕ ਏਕੇ ਵਿਚ ਜੋੜਨ ਦੀ ਮਹੱਤਵਪੂਰਨ ਪ੍ਰਾਪਤੀ ਕੀਤੀ। ਉਸਨੇ ਇਤਿਹਾਸਕ ਵਿਕਾਸ ਉਤੇ ਰੋਸ਼ਨੀ ਪਾਉਂਦਿਆਂ ਦੱਸਿਆ ਕਿ 'ਇਤਿਹਾਸ ਤਾਂ ਮਨੁੱਖ ਵੱਲੋਂ ਆਪਣੇ ਟੀਚੇ ਢੂੰਡਣ ਦੀ ਸਰਗਰਮੀ ਤੋਂ ਸਿਵਾਏ ਹੋਰ ਕੁਝ ਵੀ ਨਹੀਂ'। ਮਾਰਕਸ ਨੇ ਸਪਸ਼ਟ ਕੀਤਾ ਕਿ 'ਰਾਜ ਅਤੇ ਆਰਥਿਕ ਪ੍ਰਣਾਲੀ ਵਿਚਕਾਰ ਸੰਘਣਾ ਦਵੰਦਾਤਮਕ ਸੰਬੰਧ ਸਥਾਪਤ ਹੈ। ਹਰ ਸ਼ਕਲ ਦਾ ਰਾਜ ਆਖਰਕਾਰ ਸਮਾਜ ਦੀ ਆਰਥਿਕ ਪ੍ਰਣਾਲੀ ਦੁਆਰਾ ਹੀ ਮਿਥਿਆ ਜਾਂਦਾ ਹੈ, ਪਰ ਜਿਥੋਂ ਤਕ ਰਾਜ



ਦਾ ਸੰਬੰਧ ਹੈ, ਉਹ ਸੰਬੰਧਤ ਪ੍ਰਣਾਲੀ ਨੂੰ ਉਲਟਾ ਗੇੜਾ ਵੀ ਦਿੰਦਾ ਹੈ।

ਕਾਰਲ ਮਾਰਕਸ ਨੇ ਵਿਖਾਇਆ ਕਿ ਪਦਾਰਥਕ ਪੈਦਾਵਾਰ ਹੀ ਮਨੁੱਖ ਜਾਤੀ ਦੇ ਇਤਿਹਾਸ ਦਾ ਆਧਾਰ ਹੈ। 'ਹੋਲੀ ਫੈਮਿਲੀ' ਵਿਚ ਮਾਰਕਸ ਨੇ ਇਤਿਹਾਸ ਵਿਚ ਆਮ ਜਨਤਾ ਦੇ ਮੁਖੀ ਰੋਲ ਨੂੰ ਸੂਤਰਬੱਧ ਕੀਤਾ ਜਿਹੜਾ ਕ੍ਰਾਂਤੀਕਾਰੀ ਦੌਰਾਂ ਵਿਚ ਖਾਸ ਤੌਰ 'ਤੇ ਨੁਮਾਇਆਂ ਹੁੰਦਾ ਹੈ। 'ਜਰਮਨ ਆਈਡੀਆਲੋਜੀ' ਲਿਖਤ ਦੀ ਅਹਿਮੀਅਤ ਇਹ ਹੈ ਕਿ ਇਹ ਸਮਾਜ ਦੇ ਜੀਵਨ ਵਿਚ ਪਦਾਰਥਕ ਪੈਦਾਵਾਰ ਦੇ ਫੈਸਲਾਕੁਨ ਰੋਲ ਨੂੰ ਉਭਾਰਦੀ ਹੈ। ਇਹਦੇ ਨਾਲ ਹੀ ਮਾਰਕਸ ਨੇ ਇਸ ਲਿਖਤ ਵਿਚ ਪਹਿਲੀ ਵਾਰ ਪੈਦਾਵਾਰੀ ਸ਼ਕਤੀਆਂ ਦੇ ਦਵੰਦਾਤਮਕ ਵਿਕਾਸ ਅਤੇ ਪੈਦਾਵਾਰ ਦੇ ਰਿਸ਼ਤਿਆਂ ਨੂੰ ਸਪਸ਼ਟ ਤਰ੍ਹਾਂ ਦਰਸਾਇਆ। ਇਹ ਉਸਦੀ ਬਹੁਤ ਮਹਾਨ ਲੱਭਤ ਸੀ। ਕਾਰਲ ਮਾਰਕਸ ਦੀ ਸਰਬ-ਉੱਚ ਲਿਖਤ 'ਸਰਮਾਇਆ' ਇਸ ਵਿਸ਼ਵਾਸ ਨੂੰ ਸਿਧਾਂਤਕ ਤੌਰ ਉਤੇ ਤਬਾਹ ਕਰਨ ਵਿਚ ਹਿੱਸਾ ਪਾਉਂਦੀ ਹੈ ਕਿ ਪੂੰਜੀਵਾਦ ਅਮਿੱਟ ਅਤੇ ਸਦੀਵੀ ਹੈ। 'ਸਰਮਾਇਆ' ਨੇ ਕੌਮਾਂਤਰੀ ਮਜ਼ਦੂਰ ਜਮਾਤ ਨੂੰ ਮਨੋਰਥ ਦੀ ਸਪਸ਼ਟਤਾ ਪ੍ਰਦਾਨ ਕੀਤੀ ਅਤੇ ਉਜਾਰਤੀ ਗੁਲਾਮੀ ਦੀ ਲੁਟੇਰੀ ਪ੍ਰਣਾਲੀ ਵਿਰੁੱਧ ਜੇਤੂ ਸੰਗਰਾਮ ਦੀਆਂ ਸੰਭਾਵਨਾਵਾਂ ਵਿਚ ਕਾਮਿਆਂ ਦਾ ਯਕੀਨ ਦ੍ਰਿੜ ਕੀਤਾ।

ਪਰ ਅਸੀਂ ਮਾਰਕਸਵਾਦੀ ਚਿੰਤਕ ਇਹ ਭੁੱਲ ਗਏ ਕਿ ਕਾਰਲ ਮਾਰਕਸ ਆਖਰਕਾਰ ਇਕ ਮਨੁੱਖ ਸੀ ਅਤੇ ਮਨੁੱਖ ਦੇ ਚਿੰਤਨ ਅਤੇ ਬੌਧਿਕ ਸ਼ਕਤੀ ਦੀ ਇਕ ਸੀਮਾ ਹੁੰਦੀ ਹੈ। ਅਸਾਂ ਤਾਂ ਮਾਰਕਸ ਨੂੰ ਸਰਬਗਿਆਤਾ ਅਤੇ ਅਭੁੱਲ ਮੰਨ ਲਿਆ ਅਤੇ ਉਹਦੀਆਂ ਲਿਖਤਾਂ ਨੂੰ ਉਵੇਂ ਹੀ ਸਮਝ ਲਿਆ ਜਿਵੇਂ ਮੁਸਲਮਾਨ ਕੁਰਾਨ ਸ਼ਰੀਫ਼ ਦੀਆਂ ਆਇਤਾਂ ਨੂੰ ਸਮਝਦੇ ਹਨ। ਅਸੀਂ ਵੀ ਅਧਿਆਤਮਵਾਦੀਆਂ ਵਾਂਗ, ਜਿਹੜੇ ਧਰਮ-ਗ੍ਰੰਥਾਂ ਵਿਚੋਂ ਟੂਕਾਂ ਪੇਸ਼ ਕਰਕੇ ਆਪਣੀ ਗੱਲ ਮੰਨਵਾਉਣ ਦਾ ਗੁਰ ਵਰਤਦੇ ਹਨ, ਕਾਰਲ ਮਾਰਕਸ ਦੀਆਂ ਲਿਖਤਾਂ ਵਿਚੋਂ ਟੂਕਾਂ ਦੇ ਦੇ ਕੇ ਕੰਮ ਸਾਰਨ ਲੱਗ ਪਏ। ਅਸੀਂ ਤਾਂ ਲੈਨਿਨ ਦੇ ਉਨ੍ਹਾਂ ਸ਼ਬਦਾਂ ਨੂੰ ਵੀ ਭੁੱਲ ਗਏ ਜਿਹੜੇ ਉਸਨੇ ਕੱਟੜਪੰਥੀਆਂ ਦੀ ਹਾਸੀ ਉਡਾਉਂਦਿਆਂ ਵਰਤੇ ਸਨ : 'ਇਹਨਾਂ ਲੋਕਾਂ ਨੇ ''ਕਿਤਾਬਾਂ ਵੱਲ ਵੇਖਿਆ, ਕਿਤਾਬਾਂ ਵਿਚੋਂ ਹੀ ਸਿੱਖਿਆ, ਕਿਤਾਬਾਂ ਵਿਚੋਂ ਲੈ ਲੈ ਕੇ ਬਿਆਨ ਦੁਹਰਾਏ ਪਰੰਤੂ ਉਹਨਾਂ ਵਿਚ ਕੀ ਹੈ ਉਸਨੂੰ ਉੱਕਾ ਹੀ ਨਹੀਂ ਸਮਝਿਆ।'' ਲੈਨਿਨ ਨੇ ਉਸ ਕਿਸਮ ਦੇ ਆਗੂ ਦੀ ਕਰੜੀ ਨੁਕਤਾਚੀਨੀ ਕੀਤੀ ਜਿਸਦਾ ਮਨ 'ਉਸ ਤਰ੍ਹਾਂ ਦਾ ਹੈ ਜਿਵੇਂ ਟੂਕਾਂ ਦਾ ਬਕਸਾ ਹੁੰਦਾ ਹੈ, ਜਿਨ੍ਹਾਂ ਨੂੰ ਉਹ ਪੇਸ਼ ਕਰਦਾ ਰਹਿੰਦਾ ਹੈ। ਪਰ ਜੇ ਕੋਈ ਨਵੀਂ ਸੂਰਤ ਪੈਦਾ ਹੁੰਦੀ ਹੈ, ਜਿਸਦਾ ਜ਼ਿਕਰ ਕਿਤਾਬਾਂ ਵਿਚ ਨਹੀਂ ਮਿਲਦਾ ਤਾਂ ਉਹ ਬੌਂਦਲ ਜਾਂਦਾ ਹੈ ਅਤੇ ਕਿਤਾਬ ਵਿਚੋਂ ਉਹੋ ਟੂਕ ਕੱਢਦਾ ਹੈ ਜਿਹੜੀ ਲਾਗੂ ਹੋਣ ਯੋਗ ਨਹੀਂ ਹੁੰਦੀ।'

ਰਚਣੇਈ ਪਹੁੰਚ ਕੱਟੜਵਾਦ ਨਾਲੋਂ ਬਿਲਕੁਲ ਹੀ ਵੱਖਰੀ ਹੁੰਦੀ ਹੈ। ਇਸਦਾ ਨਵੀਂ, ਅਜੋਕੀ ਹਾਲਤ ਨਾਲ ਨੇੜਵਾਂ ਰਿਸ਼ਤਾ ਹੁੰਦਾ ਹੈ। ਰਚਣੇਈ ਚਿੰਤਨ ਉਸਨੂੰ ਆਖਦੇ ਹਨ ਜਿਹੜਾ ਖੜੋਤ ਦਾ ਅਤੇ ਸਮਾਂ ਵਿਹਾ ਚੁੱਕੇ ਸੂਤਰਾਂ ਦਾ ਸ਼ਿਕਾਰ ਨਹੀਂ ਹੁੰਦਾ, ਜਿਹੜਾ 'ਸਦੀਵੀ' ਸੱਚ ਨੂੰ ਮੰਨਣ ਤੋਂ ਨਾਬਰ ਹੁੰਦਾ ਹੈ, ਜਿਹੜਾ ਰਟਣ ਮੰਤਰਾਂ ਨੂੰ ਨਹੀਂ ਮੰਨਦਾ।

ਇਹ ਨਹੀਂ ਭੁੱਲਣਾ ਚਾਹੀਦਾ ਕਿ ਅੱਜ ਦਾ ਪੂੰਜੀਵਾਦ ਕਾਰਲ ਮਾਰਕਸ ਦੇ ਵੇਲੇ ਦਾ ਜਾਂ ਲੈਨਿਨ ਦੇ ਵੇਲੇ ਦਾ ਪੂੰਜੀਵਾਦ ਨਹੀਂ ਹੈ। ਉਹ ਪੂੰਜੀਵਾਦ ਤਾਂ ਵੱਧ ਤੋਂ ਵੱਧ ਦੂਜੇ ਵਿਸ਼ਵ-ਯੁੱਧ ਤਕ ਹੀ ਕਾਇਮ ਰਿਹਾ। ਦੂਜੇ ਵਿਸ਼ਵਯੁੱਧ ਪਿੱਛੋਂ ਵਿਗਿਆਨਕ ਤੇ ਟੈਕਨਾਲੋਜੀਕਲ ਇਨਕਲਾਬ ਨੇ ਅਤੇ ਕੰਪਿਊਟਰੀਕਰਨ ਨੇ ਸਥਿਤੀ ਵਿਚ ਓੜਕਾਂ ਦੀ ਤਬਦੀਲੀ ਲੈ ਆਂਦੀ ਹੈ। ਸੋ ਮਾਰਕਸਵਾਦੀ ਸਿਧਾਂਤ ਨੂੰ ਵਿਕਸਿਤ ਕਰਕੇ, ਇਸਦੀਆਂ ਧਾਰਨਾਵਾਂ ਵਿਚੋਂ ਜੋ ਗਲਤ ਸਿੱਧ ਹੋ ਚੁੱਕਾ ਹੈ ਉਸਨੂੰ ਤਿਆਗ ਕੇ ਅਤੇ ਨਵੇਂ ਲੱਭੇ ਜਾਣ ਵਾਲੇ ਨੂੰ ਇਸ ਵਿਚ ਜੋੜ ਕੇ ਸਮੇਂ ਦਾ ਹਾਣੀ ਬਣਾਉਣ ਦੀ ਲੋੜ ਹੈ। ਜਿਵੇਂ ਕਾਰਲ ਮਾਰਕਸ ਦੇ 'ਫਾਲਤੂ ਕਦਰ' ਦੇ ਸਿਧਾਂਤ ਨੂੰ ਮੁੜ ਘੋਖਣ ਅਤੇ ਵਿਕਸਿਤ ਕਰਨ

ਦੀ ਲੋੜ ਹੈ। ਮਾਰਕਸਵਾਦ ਨੂੰ ਵਕਤ ਦੀਆਂ ਮੰਗਾਂ ਅਨੁਸਾਰ ਢਾਲਣਾ ਅਤੇ ਵਿਕਸਿਤ ਕਰਨਾ ਇਕ ਬਹੁਤ ਹੀ ਅਹਿਮ ਕਾਰਜ ਹੈ।

ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਕਾਰਲ ਮਾਰਕਸ ਆਪਣੇ ਇਕ ਤੋਂ ਬਹੁਤੇ ਵਿਚਾਰਾਂ ਨੂੰ ਲਿਖਤੀ ਰੂਪ ਦੇ ਹੀ ਨਹੀਂ ਸੀ ਸਕਿਆ। ਉਹ ਰਾਜ ਬਾਰੇ ਆਪਣੀ ਵਿਉਂਤੀ ਹੋਈ ਪੁਸਤਕ ਨਾ ਲਿਖ ਸਕਿਆ। ਉਹ ਕਲਚਰ, ਨੈਤਿਕਤਾ ਅਤੇ ਸਾਹਿਤ ਬਾਰੇ ਆਪਣੇ ਵਿਚਾਰ ਕਲਮਬੰਦ ਨਾ ਕਰ ਸਕਿਆ। ਇਥੋਂ ਤਕ ਕਿ ਅਰਥ ਸ਼ਾਤਸਰ ਦੇ ਕਈ ਨੁਕਤਿਆਂ ਦਾ ਸਪਸ਼ਟੀਕਰਣ ਕਰਨ ਦਾ ਉਸਨੂੰ ਵਕਤ ਹੀ ਨਾ ਮਿਲਿਆ। ਉਦਾਹਰਣ ਵਜੋਂ ਕਾਰਲ ਮਾਰਕਸ ਆਪਣੇ 'ਫਾਲਤੂ ਕਦਰ' ਦੇ ਸਿਧਾਂਤਾਂ ਨੂੰ ਸੋਧਣਾ ਚਾਹੁੰਦਾ ਸੀ, ਇਹਨਾਂ ਨੂੰ ਵਧੇਰੇ ਸਪਸ਼ਟ ਕਰਨਾ ਚਾਹੁੰਦਾ ਸੀ ਪਰ ਇਹਦੇ ਲਈ ਉਹ ਵਕਤ ਹੀ ਨਾ ਕੱਢ ਸਕਿਆ।

ਅੰਤ ਵਿਚ ਮੈਂ ਮਾਰਕਸ ਦੇ ਇਸ ਪਹਿਲੂ ਉਤੇ ਰੋਸ਼ਨੀ ਪਾਉਣ ਲਈ ਉੱਘੇ ਚਿੰਤਕ ਪ੍ਰੋ: ਰਣਧੀਰ ਸਿੰਘ ਦੇ ਲੇਖ 'ਆਫ ਮਾਰਕਸਿਜ਼ਮ ਟੂਡੇ' ਵਿਚੋਂ ਟੂਕ ਦੇਣੀ ਚਾਹਾਗਾ:

'ਮਾਰਕਸ ਕੋਈ ਪ੍ਰਣਾਲੀ ਸਿਰਜਕ (System Builder) ਨਹੀਂ ਸੀ ਅਤੇ ਨਾ ਹੀ ਉਸ ਦਾ ਮਾਰਕਸਵਾਦ ਪ੍ਰਤੱਖਵਾਦੀ ਵਿਗਿਆਨ (Positivist Science) ਹੈ। ਅਤੇ ਇਹ ਚੇਤੇ ਰੱਖਣਾ ਜ਼ਰੂਰੀ ਹੈ ਕਿ ਉਸਦਾ ਸਿਧਾਂਤਕ ਕਾਰਜ, ਅਤਿ ਮਹੱਤਵਪੂਰਨ ਅਰਥਾ ਵਿਚ, ਇਕ ਅਪੂਰਣ ਪ੍ਰਾਜੈਕਟ ਹੈ। ਮਾਰਕਸ ਆਪਣੇ ਵਿਚਾਰਾਂ ਦੀ ਵਧੇਰੇ ਸਪਸ਼ਟ ਅਤੇ ਵਧੇਰੇ ਪੂਰਨ ਸਮਝ ਨੂੰ ਯਕੀਨੀ ਬਣਾਉਣ ਲਈ ਖੋਹਲ ਕੇ ਲਿਖਣਾ ਚਾਹੁੰਦਾ ਸੀ... ਰਾਜਨੀਤੀ, ਨੈਤਿਕ ਸ਼ਾਸਤਰ, ਸਾਹਿਤ, ਸਭਿਆਚਾਰ, ਗੱਲ ਕੀ ਆਮ ਤੌਰ 'ਤੇ ਗੈਰ ਆਰਥਿਕ ਖੇਤਰ ਦੀ ਮਾਰਕਸ ਵੱਲੋਂ ਵਿਆਖਿਆ ਵੱਡੀ ਹੱਦ ਤਕ ਸਿਧਾਂਤਕ ਰੂਪ ਧਾਰਨ ਨਾ ਕਰ ਸਕੀ।

ਇਸੇ ਲਈ ਇਹ ਗੱਲ ਪੂਰੀ ਤਰ੍ਹਾਂ ਸਮਝ ਆਉਂਦੀ ਹੈ ਕਿ ਮਾਰਕਸਵਾਦ ਦੀਆਂ ਸੀਮਾਵਾਂ ਤੇ ਅਪੂਰਣਤਾਵਾ ਹਨ, ਇਸਦੀਆ ਅਸਪਸ਼ਟਤਾਵਾਂ ਅਤੇ 'ਖਾਮੋਸ਼ੀਆਂ' ਜਾਂ ਖਾਲੀ ਸਥਾਨ ਹਨ। ਇਸ ਵਿਚ ਕਈ ਢਿੱਲੇ ਧਾਗੇ ਹਨ, ਦਲੀਲ ਅਕਸਰ ਸਾਫ਼ ਉਤਰ ਦੇਣ ਦੀ ਥਾਂ ਨਵੇਂ ਪ੍ਰਸ਼ਨ ਲਿਆ ਖੜ੍ਹੇ ਕਰਦੀ ਹੈ। ...ਫਿਰ ਵੀ ਇਹ ਮੰਨਿਆ ਜਾਣਾ ਚਾਹੀਦਾ ਹੈ ਕਿ ਮਾਰਕਸਵਾਦ ਦੇ ਬਹੁਤੇ ਨੁਕਤਾਚੀਨ ਪੂਰੀ ਤਰ੍ਹਾਂ ਵਿਨਾਸ਼ਵਾਦੀ ਹਨ, ਬਿਲਕੁਲ ਹੀ ਗੈਰ-ਵਿਗਿਆਨਕ, 'ਸਾਰਾ ਜਾਂ ਕੁਝ ਵੀ ਨਹੀਂ' ਦੇ ਵਤੀਰੇ ਦੀ ਪੈਦਾਇਸ਼। ਕਿਉਂਕਿ ਇਹ ਤੱਥ ਕਾਇਮ ਰਹਿੰਦਾ ਹੈ ਕਿ ਮਾਰਕਸ ਨੇ ਸਮਾਜਕ ਵਿਗਿਆਨਾਂ ਦੇ ਮਹਾਂਦੀਪ ਦੇ ਦਰਵਾਜ਼ੇ ਖੋਲ੍ਹੇ ਜਿਵੇਂ ਕਿ ਅਲਥੂਸਰ ਨੇ ਬੜੇ ਵਰ੍ਹੇ ਪਹਿਲਾਂ ਆਖਿਆ ਸੀ। ਗੱਲ ਇਹੋ ਹੀ ਨਹੀਂ ਕਿ 'ਮਾਰਕਸ ਦੀ ਸੂਝ ਅਤੇ ਵਿਧੀ ਨੇ ਉਸ ਢੰਗ ਨੂੰ ਹੀ ਸਦੀਵੀ ਤੌਰ 'ਤੇ ਤਬਦੀਲ ਕਰ ਦਿੱਤਾ ਜਿਸ ਰਾਹੀਂ ਯਥਾਰਥ ਨੂੰ ਅੱਗੋਂ ਲਈ ਪ੍ਰਤੀਤ ਕੀਤਾ ਅਤੇ ਪਛਾਣਿਆ ਜਾਵੇਗਾ', ਜਿਵੇਂ ਕਿ ਹੈਲਬਰੋਨਰ ਨੇ ਵਧੇਰੇ ਪਿੱਛੇ ਜਿਹੇ ਦਾਅਵਾ ਕੀਤਾ ਹੈ। ਉਹ ਇਹ ਕਿ 'ਅਜੇ ਤਕ ਕਿਸੇ ਨੇ ਵੀ ਇਸ ਯਥਾਰਥ ਨੂੰ, ਸਮਾਜ ਦੇ ਯਥਾਰਥ ਅਤੇ ਇਤਿਹਾਸਕ ਅਮਲਾਂ ਨੂੰ ਸਮਝਣ ਦਾ ਇਸਤੋਂ ਵਧੇਰੇ ਚੰਗਾ ਢੰਗ ਪੇਸ਼ ਨਹੀਂ ਕੀਤਾ।' ਮਾਰਕਸ ਨੇ ਬੀਤੇ ਸਮੇਂ ਦੀਆ ਅਤੇ ਸਮਕਾਲੀ ਸਮਾਜਕ ਬਣਤਰਾਂ ਦੇ ਢਾਂਚੇ ਅਤੇ ਗਤੀਸ਼ੀਲਤਾ ਦਾ ਗਿਆਨ ਸਾਡੇ ਲਈ ਖੱਟਿਆ-ਕਮਾਇਆ ਹੈ, ਖਾਸ ਕਰਕੇ ਸਮਕਾਲੀ ਤੌਰ 'ਤੇ ਪ੍ਰਬਲ ਪੂੰਜੀਵਾਦੀ ਸਮਾਜਕ ਬਣਤਰਾਂ ਦਾ ਗਿਆਨ। ਅਤੇ ਕੋਈ ਵੀ ਬੁਰਜੁਆ ਸਮਾਜਕ ਵਿਗਿਆਨ ਇਸ ਤਰ੍ਹਾਂ ਦਾ ਗਿਆਨ ਸਾਡੇ ਸਾਹਮਣੇ ਨਹੀਂ ਰੱਖ ਸਕਿਆ।'

ਮਾਰਕਸਵਾਦ 'ਸੋਧ' ਦੇ ਦਰ ਖੁਲ੍ਹੇ ਰੱਖਦਾ ਹੈ ਅਤੇ ਇਹ ਗੱਲ ਮਾਰਕਸਵਾਦ ਦੀ ਨਿਰਬਲਤਾ ਨਹੀਂ ਸਗੋਂ ਇਸਦੀ ਤਾਕਤ ਹੈ।

(ਬੀ 180, ਪਲਾਟ ਨੰ: 8, ਸੈਕਟਰ 13, ਰੋਹਣੀ, ਦਿੱਲੀ)





## ਕਾਲੀ ਮਿੱਟੀ [ਲਾਲ ਸਿੰਘ]

ਕਾਲੀ ਮਿੱਟੀ (1996) ਲਾਲ ਸਿੰਘ ਦਾ ਚੌਥਾ ਮੌਲਿਕ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਤਿੰਨ ਮੌਲਿਕ ਕਹਾਣੀ ਸੰਗ੍ਰਹਿ - ਮਾਸਖ਼ੋਰੇ (1984), ਬਲੌਰ (1986) ਤੇ ਧੁੱਪ-ਛਾਂ (1990) ਅਤੇ ਇਕ ਸੰਪਾਦਤ ਕਹਾਣੀ ਸੰਗ੍ਰਹਿ 'ਚੋਣਵੀਂ ਪੰਜਾਬੀ ਕਹਾਣੀ' (1995) ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕਾ ਹੈ। ਵਿਚਾਰ ਅਧੀਨ ਸੰਗ੍ਰਹਿ ਵਿਚ ਛੇ ਕਹਾਣੀਆਂ ਸ਼ਾਮਲ ਹਨ। ਇਹ ਕਹਾਣੀਆਂ ''ਕਹਾਣੀ'' ਕਹਿਣ ਨਾਲੋਂ ਕਿਤੇ ਵੱਧ ਇਸ ਨੁਕਤੇ ਨੂੰ ਉਜਾਗਰ ਕਰਦੀਆਂ ਹਨ ਕਿ ਇਨ੍ਹਾਂ ਵਿਚਲਾ ਕਥਾ-ਵਸਤੂ ਕਥਾਨਕ ਦਾ ਅੰਗ ਕਿਵੇਂ ਅਤੇ ਕਿਉਂ ਬਣਿਆ ? ਕਹਾਣੀ ਨਾਲੋਂ ਵਧੇਰੇ ਜ਼ੋਰ ਇਸ ਗੱਲ ਉਤੇ ਹੈ ਕਿ ਇਹ ਕਿਵੇਂ ਅਤੇ ਕਿਉਂ ਵਾਪਰੀ ? ਆਲੋਚਨਾਤਮਕ ਯਥਾਰਥਵਾਦੀ ਪਹੁੰਚ-ਦ੍ਰਿਸ਼ਟੀ ਨੂੰ ਲਾਲ ਸਿੰਘ ਇਨ੍ਹਾਂ ਕਹਾਣੀਆਂ ਵਿਚ ਅਗਲਾ ਵਿਸਥਾਰ ਦਿੰਦਾ ਹੈ। ਕਹਾਣੀਆਂ ਵਿਚਲੇ ਪਾਤਰ ਕੀ ਕਰਦੇ ਹਨ, ਨਾਲੋਂ ਕਿਉਂ ਅਤੇ ਕਿਵੇਂ ਕਰਦੇ ਹਨ - ਇਹ ਗੱਲ ਵਧੇਰੇ ਪ੍ਰਮੁੱਖਤਾ ਗ੍ਰਹਿਣ ਕਰ ਜਾਂਦੀ ਹੈ। ਕਹਾਣੀਕਾਰ ਆਪਣੀ ਕਲਾਤਮਕ ਪ੍ਰਤਿਭਾ ਕਹਾਣੀ ਸੁਣਾਉਣ ਲਈ ਘੱਟ ਖਰਚ ਕਰਦਾ ਹੈ, ਸਗੋਂ ਉਹ ਆਪਣੀ ਸਾਰੀ ਦੀ ਸਾਰੀ ਸਿਰਜਣ-ਸਮਰਥਾ ਉਨ੍ਹਾਂ ਪਰਿਸਥਿਤੀਆਂ ਦੇ ਵਿਸ਼ਲੇਸ਼ਣ ਅਤੇ ਪੇਸ਼ ਕਰਨ ਵਿਚ ਖਰਚ ਕਰ ਦਿੰਦਾ ਹੈ ਜਿੰਨ੍ਹਾਂ ਵਿਚ ਉਸ ਦੇ ਪਾਤਰ ਵਿਚਰਦੇ ਹਨ, ਡਿੱਗਦੇ-ਢਹਿੰਦੇ ਹਨ, ਮੁੜ ਉੱਠਦੇ ਹਨ ਪਰ ਅੰਤਿਮ ਤੌਰ 'ਤੇ ਡਿੱਗ ਪੈਂਦੇ ਹਨ। ਉਹ ਹਾਰ ਜਾਂਦੇ ਹਨ। ਕਹਾਣੀਕਾਰ ਉਨ੍ਹਾਂ ਨੂੰ ਹਾਰੇ ਹੋਏ ਕਿਉਂ ਦਰਸਾਉਂਦਾ ਹੈ ? ਸ਼ਾਇਦ ਸਾਡੇ ਸਮਿਆਂ ਦੀ ਬਾਹਰਮੁਖੀ ਵਾਸਤਵਿਕਤਾ ਹੀ ਇਹੀ ਹੈ। ''ਛਿੰਝ'' ਵਿਚਲਾ ਪਹਿਲਵਾਨ, ''ਮਿੱਟੀ'' ਵਿਚੋਂ ਉਪਜਿਆ ਤਾਇਆ, ''ਝਾਂਜਰ'' ਕਹਾਣੀ ਦੇ ਸਾਰੇ ਪਾਤਰ, ''ਜ਼ਜੀਰੇ'' ਕਹਾਣੀ ਦੀ ਮਾਈ ਅਤੇ ਮੁੱਖ ਪਾਤਰ ਕਰਮਾ ''ਵਾਵਰੋਲੇ'' ਦੇ ਸਾਰੇ ਪਾਤਰ ਹਾਰ ਜਾਦੇ ਹਨ ਜਾਂ ਚੇਤਨਾ-ਸੰਕਟ ਦਾ ਸ਼ਿਕਾਰ ਹੋ ਕੇ ਹਾਰ ਵੱਲ ਵਧਦੇ ਹਨ। ਪਹਿਲਵਾਨ (ਛਿੰਝ), ਤਾਏ (ਮਿੱਟੀ) ਪ੍ਰੋ. ਸ਼ੇਰੀ (ਵਾਵਰੋਲੇ) ਵਾਂਗ ''ਬੂਟਾ ਰਾਮ'' ਤਾਂ ਉਂਝ ਹੀ ''ਪੂਰਾ ਹੋ ਗਿਆ'' ਹੈ। ਇਹ ਸਾਡੇ ਸਮਿਆਂ ਦੀ ਤ੍ਰਾਸਦੀ ਹੈ। ਇਸ ਨੂੰ ਕਿਸੇ ਵੀ ਤਰ੍ਹਾਂ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਇਹ ਕਹਾਣੀਆਂ ਆਲੋਚਨਾਤਮਕ ਯਥਾਰਥਵਾਦੀ ਪਹੁੰਚ-ਦ੍ਰਿਸ਼ਟੀ ਦੀਆਂ ਇਸ ਲਈ ਵੀ ਲਖਾਇਕ ਹਨ ਕਿਉਂਕਿ ਇਹ ਸਾਮਿਅਕ ਸਮੱਸਿਆਵਾਂ ਦਾ ਕੋਈ ਸਮਾਧਾਨ ਪੇਸ਼ ਕਰਨ ਦੀ ਥਾਂ ਕੁਝ ਮਹੱਤਵਪੂਰਨ ਪ੍ਰਸ਼ਨ ਖੜ੍ਹੇ ਕਰਦੀਆਂ ਹਨ ਅਤੇ ਪਾਠਕ ਨੂੰ ਕੋਈ ਉਪਦੇਸ਼ ਦੇਣ ਦੀ ਥਾ ਉਸ ਨੂੰ ਸੋਚਣ ਸਮਝਣ ਅਤੇ ਚਿੰਤਨ ਦੀ ਗਹਿਰ-ਗੰਭੀਰ ਪ੍ਰਕ੍ਰਿਆ ਵਿਚ ਠੇਲ੍ਹ ਦਿੰਦੀਆਂ ਹਨ। ਉਦਾਹਰਣ ਵਜੋਂ ''ਛਿੰਝ'' ਅਤੇ ''ਮਿੱਟੀ'' ਕਹਾਣੀਆਂ ਬੜੇ ਮਹੱਤਵਪੂਰਨ ਪ੍ਰਸ਼ਨ ਉਠਾਉਂਦੀਆ ਹਨ: ਪੈਸਾ ਤੇ ਸ਼ੁਹਰਤ ਪ੍ਰਾਪਤ ਕਰਨ ਦੀ ਦੌੜ ਦਾ ਅੰਤ ਕੀ ਹੈ ? ਭਲਵਾਨ ਦੇ ਘਰ 'ਪੂਰੀਆ ਲਹਿਰਾਂ-ਬਹਿਰਾ ਸਨ। ਮਾਇਆ ਪੱਖੋਂ ਵੀ, ਮੁਰੱਬਿਆਂ ਵੱਲੋਂ ਵੀ। ਕੋਈ ਫਿਕਰ ਨਈਂ, ਕੋਈ ਫ਼ਾਕਾ ਨਹੀਂ। ਫਿਰ ਵੀ ਇਕੋ ਇਕ ਝੋਰਾ ਉਹਨਾਂ ਨੂੰ ਚੈਨ ਨਹੀਂ ਸੀ ਲੈਣ ਦਿੰਦਾ ਕਿ ਉਹਨਾਂ ਦੀ ਪੁੱਛ ਪੜਤਾਲ ਦੂਜਿਆਂ ਵਰਗੀ ਕਿਉਂ ਨਈਂ। ਹਉਂ ਦੀ ਤ੍ਰਿਪਤੀ ਪ੍ਰਮੁੱਖਤਾ ਹਾਸਲ ਕਰ ਜਾਂਦੀ ਹੈ। ''ਮਿੱਟੀ'' ਦਾ ਮੁੱਖ ਪਾਤਰ-ਤਾਇਆ ਕਹਾਣੀ ਵਿਚਲੇ ਵਰਣਿਤ ਪਾਤਰ ਹਰੀਏ ਨਾਲੋਂ ਕਿਉਂ ਵੱਡਾ ਬਣਨਾ ਚਾਹੁੰਦਾ ਹੈ ? ਉਸ ਨੇ ਵੱਡਾ ਬਣਕੇ ਕੀ ਲੈਣਾ ਹੈ ? ਕਹਾਣੀ ਦੇ ਆਰੰਭ ਵਿਚ ਹੀ ਇਕ ਪ੍ਰਸ਼ਨ ਉਤਪੰਨ ਹੁੰਦਾ ਹੈ: ''ਯੈਹ ਦੀਖ਼ਤ ਸੰਸਾਰ ਸਭ ਝੂਹਟ ਹੈਅ, ਕਪਟ ਹੈਅ... ਫਰੇਬ ਕਾ ਵਰਤਾਓ ਹੈਅ, ਫਰੇ-ਬ ਕਾ...।'' ਕੀ ਸੰਸਾਰ ਅਜਿਹਾ ਹੈ ? ਵਿਗਿਆਨਕ ਅਤੇ ਫੈਸਲਾਕੁਨ ਰੂਪ ਵਿਚ ਇਸ ਸੰਸਾਰ ਦੀ ਪਦਾਰਥਕ ਤੇ ਆਤਮਕ ਹੋਂਦ ਸਥਾਪਤ ਹੋਣ ਦੇ ਬਾਵਜੂਦ ਇਹ ਸਵਾਲ ਅਜੇ ਵੀ ਬਣਿਆ ਹੋਇਆ ਹੈ।

"ਮਿੱਟੀ" ਕਹਾਣੀ ਇਕ ਹੋਰ ਮਹੱਤਵਪੂਰਨ ਪ੍ਰਸ਼ਨ ਖੜ੍ਹਾ ਕਰਦੀ ਹੈ ਕਿ ਮਨੁੱਖ ਨਸ਼ੇ ਕਿਉਂ ਵਰਤਦਾ ਹੈ ? ਇਹ ਪ੍ਰਸ਼ਨ "ਝਾਂਜਰ" ਵੀ ਛਣਕਾਉਂਦੀ ਹੈ ਅਤੇ "ਵਾਵਰੋਲੇ" ਵਿਚ ਵੀ ਉਡਦਾ ਨਜ਼ਰ ਆਉਂਦਾ ਹੈ। ਕੀ ਮਨੁੱਖ ਨਸ਼ਾ ਉਦੋਂ ਕਰਦਾ ਹੈ ਜਦ ਉਸ ਦੀਆਂ ਕੁਝ ਸਹਿਜ ਇੱਛਾਵਾਂ ਦੀ ਪੂਰਤੀ ਨਹੀਂ ਹੁੰਦੀ ? ਐਪਰ ਇੱਛਾਵਾਂ ਦੀ ਸੀਮਾ ਕੀ ਹੋਵੇ ? ਇਹ ਪੈਦਾ ਕਦੋਂ, ਕਿਸ ਤਰ੍ਹਾਂ ਅਤੇ ਕਿਵੇਂ ਹੁੰਦੀਆਂ ਹਨ ? ਪ੍ਰਾਪਤੀਕਰਨ ਯੋਗ ਇੱਛਾਵਾਂ ਕੀ ਹਨ ? ਇਹ ਕਿਹੜੀਆਂ ਪਰਿਸਥਿਤੀਆਂ ਵਿਚ ਕਿਵੇਂ ਪੂਰੀਆਂ ਹੋ ਸਕਦੀਆਂ ਹਨ ? ਪੁਰਸ਼ ਦੀ ਜ਼ਿੰਦਗੀ ਵਿਚ ਔਰਤ ਦੀ ਕੀ ਭੂਮਿਕਾ ਹੈ ? ਇਸ ਭੂਮਿਕਾ ਦੀ ਸੀਮਾ ਕੀ ਹੈ ? ਮਿੱਟੀ ਕਾਲੀ ਜਾਂ ਚਿੱਟੀ ਭੂਰੀ ਹੋਵੇ ਇਸ ਦੀ ਮਨੁੱਖੀ ਜ਼ਿੰਦਗੀ ਵਿਚ ਕੀ ਭੂਮਿਕਾ ਹੈ ? "ਝਾਂਜਰ" ਨਾਂ ਦੀ ਕਹਾਣੀ ਦੀ ਸੰਰਚਨਾ ਮੂਲ ਮਨੁੱਖੀ ਲਿੰਗ ਜਜ਼ਬੇ ਦੁਆਲੇ ਹੋਈ ਹੈ। ਕਹਾਣੀ ਦਾ ਕਥਾਨਕ ਬੰਤੀ ਬਨਾਮ ਮੀਹਾਂ ਸੁੰਹ ਅਤੇ ਫੌਜੀ ਅਫਸਰ ਦੀ ਪਤਨੀ ਦੇ ਗਲਪ ਸੰਕੇਤਾਂ ਰਾਹੀਂ ਇਨ੍ਹਾਂ ਭਾਵਾਂ ਨੂੰ ਤੀਖਣਤਾ ਸਹਿਤ ਪੇਸ਼ ਕਰਦਾ ਹੈ। ਐਪਰ ਬਰਛੀਆਂ ਵਰਗੇ ਤਿੱਖੇ ਪ੍ਰਸ਼ਨ ਹਨ : ਤਾਰਾ ਸਿੰਘ ਜਾਂ ਫੌਜੀ ਅਫਸਰ ਜਾਂ ਚਰਨੇ ਵਿਚ ਇਹ ਲਿੰਗ ਪ੍ਰਵਿਰਤੀ ਮੰਦ ਕਿਉਂ ਹੈ ? ਜਾਂ ਇਸ ਦੇ ਉਲਟ ਬੰਤੀ, ਸਾਹਬ ਦੀ ਪਤਨੀ ਜਾ ਮੀਹਾਂ ਸੁੰਹ ਵਿਚ ਇਹ ਪ੍ਰਵਿਰਤੀ ਉਤੇਜਿਤ ਕਿਉਂ ਹੈ ? ਕਹਾਣੀਕਾਰ ਸਾਹਬ ਦੀ ਪਤਨੀ ਦਾ ਨਾਂ-ਵਿਸ਼ੇਸ਼ ਕਿਉਂ ਨਹੀਂ ਰੱਖਦਾ ? ਕੀ ਇਸ ਦਾ ਅਰਥ ਇਹ ਲਿਆ ਜਾਵੇ ਕਿ ਇਸ ਪ੍ਰਵਰਗ ਦੀਆਂ ਔਰਤਾਂ ਇਕ ਤਰ੍ਹਾਂ ਹੀ ਸੋਚਦੀਆਂ ਅਤੇ ਵਿਵਿਹਾਰ ਕਰਦੀਆਂ ਹਨ ? ਸੋਹਣ ਅਤੇ ਘੋਨੇ ਵਰਗਿਆਂ ਦੀਆਂ ਲੋੜਾਂ-ਥੋੜਾਂ ਲਈ ਅਤੇ ਉਨ੍ਹਾਂ ਦੇ ਚੇਤਨਾ ਸੰਕਟ ਲਈ ਜ਼ਿੰਮੇਵਾਰ ਕੌਣ ਹੈ ?

"ਜਜ਼ੀਰੇ" ਕਹਾਣੀ ਰਾਖਵੇਂ ਕਰਨ ਨਾਲ ਜੁੜੇ ਮੁੱਦਿਆਂ ਨੂੰ ਬਾਖ਼ੂਬੀ ਪੇਸ਼ ਕਰਦੀ ਹੈ। ਜਟਿਲ ਭਾਰਤੀ ਜਾਤ-ਪਾਤੀ ਅਤੇ ਜਮਾਤੀ ਵਿਵਸਥਾ ਕਿਵੇਂ ਆਮ ਲੋਕਾਂ ਦੀਆਂ ਹੋਣੀਆਂ ਨੂੰ ਨਿਰਧਾਰਤ ਕਰ ਰਹੀ ਹੈ ? ਇਸ ਅਮਾਨਵੀ ਵਿਵਸਥਾ ਵਿਚ ਮਨੁੱਖੀ ਮੁਕਤੀ ਦਾ ਰਾਹ ਕੀ ਹੈ ? ਇਸ ਕਹਾਣੀ ਵਿਚਲੇ ਮੁੱਖ ਪਾਤਰ, ਜਿਸ ਨੇ ਕਠੋਰ ਅਮਲ ਵਿਚੋਂ ਲੰਘਕੇ ਜਮਾਤੀ ਚੇਤਨਾ ਦਾ ਪ੍ਰਗਟਾਵਾ ਕਰਨਾ ਹੈ, ਨੇ ਪਹਿਲਾਂ "ਅਛੂਤ ਗਿਣੇ ਜਾਂਦੇ ਲੋਕਾਂ ਲਈ ਮਸਾਂ ਹੱਥ ਲੱਗੀ ਵੱਡੀ ਪੜ੍ਹਾਈ ਵੀ ਅੱਧ ਵਿਚਕਾਰ ਈ ਛੱਡ ਦਿੱਤੀ ਸੀ। ਚੰਗੇ-ਚੰਗੇ ਘਰਾਂ ਤੋਂ ਆਉਂਦੇ ਕਈ ਸਾਰੇ ਰਿਸ਼ਤੇ ਵੀ ਖ਼ਾਲੀ ਹੱਥ ਮੋੜ ਛੱਡੇ ਸਨ।" ਉਸ ਦਾ ਆਦਰਸ਼ ਵੇਖਣਾ ਬਣਦਾ ਹੈ; "ਆਪਣੇ ਲੋਕਾਂ ਦੀ ਹੋਣੀ ਨੂੰ ਧਿਆਨ ਨਾਲ ਵਾਚਦਾ ਪਹਿਲਾਂ ਉਹ ਬਾਪੂ ਜੀ ਦੀ ਵਿਚਾਰਧਾਰਾ ਵੱਲ ਖਿੱਚਿਆ ਗਿਆ, ਫਿਰ ਆਪਣੇ ਈ ਸ਼ਹਿਰ ਦੇ, ਬਾਪੂ ਜੀ ਦੇ ਸਭ ਤੋਂ ਵੱਧ ਕਦਰਦਾਨ, ਬਾਊ ਜੀ ਵੱਲ। ਉਹਦੀ ਨਿਗਾਹ 'ਚ ਬਾਊ ਜੀ ਇਨਸਾਨ ਨਹੀਂ ਦੇਵਤਾ ਸਨ ਦੇਵਤਾ। ਸਾਖ਼ਸ਼ਾਤ ਗਾਂਧੀ ਜੀ ਦਾ ਸਰੂਪ, ਤਪ ਤਿਆਗ ਦੀ ਮੂਰਤੀ। ਕਿਲ੍ਹੇ ਜਿੱਡੀ ਕੋਠੀ 'ਚ ਰਹਿੰਦਿਆਂ ਵੀ ਸਾਦ-ਮੁਰਾਦਾ ਜੀਵਨ। ਸਾਦ ਮੁਰਾਦੇ ਕੱਪੜੇ। ਮੂੰਹ 'ਚ ਮਿਸਰੀ ਵਰਗੀ ਮਿਠਾਸ।" ਇਥੇ "ਕਿਲ੍ਹੇ ਵਰਗੀ ਕੋਠੀ" ਵਾਕੰਸ਼ ਵੱਲ ਧਿਆਨ ਦੇਣਾ ਬਣਦਾ ਹੈ ਜਿਸ ਨੂੰ ਕਹਾਣੀਕਾਰ ਬਿਨਾਂ ਕਿਸੇ ਉਚੇਚ ਦੇ ਲਿਖਦਾ ਹੈ ਅਤੇ ਆਪਣੀ ਅੰਤਰੀਵ ਪਰ ਪ੍ਰੋਢ ਸਮਝਦਾਰੀ ਦਾ ਉਲੇਖ ਕਰ ਜਾਂਦਾ ਹੈ। ਕੀਮਤੀ ਸਮਾ ਗੁਆਉਣ ਤੋਂ ਬਾਅਦ ਮੋਹ-ਭੰਗ ਦੀ ਸਥਿਤੀ ਵਿਚ ਉਹੀ ਪਾਤਰ ਜਮਾਤੀ ਚੇਤਨਾ ਦਾ ਪ੍ਰਗਟਾਵਾ ਕਰਦਾ ਹੈ : "ਸਾਡੇ ਦੁਆਲੇ ਖ਼ਾਸ ਕਰ ਕੰਮੀ ਲੋਕਾਂ ਦੁਆਲੇ ਕੱਸ ਹੋਈ ਜਾਤ-ਜਕੜ ਨਾ ਤਾਂ ਕਿਸੇ ਭੜੂਏ ਨੇ ਟੁੱਟਣ ਦੇਣੀਆ, ਨਾਈ ਢਿੱਲੀ ਪੈਣ ਦੇਣੀ ਆਂ। ਏਦੇ ਆਸਰੇ ਈ ਤਾਂ ਉਪਰਲਿਆਂ ਦਾ ਫੁਲਕਾ-ਮੰਡਾ ਚਲਦਾ... । ਏਹ ਤਾਂ ਜਿੰਨਾਂ ਚਿਰ ਅਸੀਂ, ਸਾਡੀ ਤਰ੍ਹਾਂ ਦੀ ਆਬਾਦੀ ਵਾਲੀ ਸਾਰੀ ਗਿਣਤੀ ਆਪੂੰ ਕੋਈ ਹੀਲਾ-ਵਸੀਲਾ ਨਈਂ ਕਰਦੀ, ਆਪਣੇ ਅੰਦਰਲਾ ਜਾਤ-ਵੰਡ-ਹੇਜ ਮੁੱਢੋਂ-ਸੁੱਢੋਂ ਭਸਮ ਕਰਕੇ, ਵਰਗ-ਵੰਡ-ਸੂਝ ਅੰਦਰ ਤਬਦੀਲ ਨਹੀਂ ਕਰਦੀ, ਓਨਾ ਚਿਰ ਅਸੀਂ ਐਉਂ ਈ ਬੁੱਧੂ ਬਣੇ ਰਹਿਣਾ, ਕਦੀ ਬਾਊ ਜੀ ਦੇ



ਪਿਛਲੱਗ ਬਣਕੇ, ਕਦੇ ਸਾਂਈ ਜੀਦੇ।"

"ਵਾਵਰੋਲੇ" ਕਹਾਣੀ ਇਕ ਹੋਰ ਪ੍ਰਸ਼ਨ ਖੜ੍ਹਾ ਕਰਦੀ ਹੈ ? ਖੱਬੀ ਲਹਿਰ ਵਿਚ ਨੌਜਵਾਨ ਵਾਵਰੋਲਿਆਂ ਵਾਂਗ ਆ ਕੇ ਕਿਉਂ ਵਾਵਰੋਲਿਆ ਵਾਗ ਹੀ ਮਰ-ਮੁੱਕ ਜਾਂਦੇ ਹਨ ? ਉਨ੍ਹਾਂ ਦੇ ਲਹਿਰ ਵਿਚ ਸ਼ਾਮਲ ਹੋਣ ਅਤੇ ਵਿਚਰਨ ਦੀ ਪ੍ਰਕ੍ਰਿਆ ਸਹਿਜ ਕਿਉਂ ਨਹੀਂ ਰਹਿੰਦੀ ? ਕੀ ਉਹ ਪਹਿਲਾਂ ਕੇਵਲ ਬਿੰਦੀਆ ਚਮਕਾਉਣ ਹੀ ਆਉਂਦੇ ਹਨ ? ਪ੍ਰੋ. ਸ਼ੇਰੀ ਵਰਗਾ ਪਾਤਰ ਭਾਵ ਹੀਣਤਾ ਦੀ ਸਥਿਤੀ ਵਿਚ ਕਿਉਂ ਪੁੱਜ ਜਾਂਦਾ ਹੈ ? ਲਸ਼ਕਰ, ਮਾਸਟਰ ਦਰਸ਼ਨ, ਜਲਾਲ ਅਤੇ ਖ਼ਾਨਪੁਰੀ ਬੇਲਾ ਆਦਿ ਟਰੇਡ ਯੂਨੀਅਨ ਆਗੂ ਕਿਉਂ ਯਾਂਤਰਿਕ ਪਹੁੰਚ-ਦ੍ਰਿਸ਼ਟੀ ਦਾ ਸ਼ਿਕਾਰ ਹੋ ਜਾਂਦੇ ਹਨ ? ਪ੍ਰੋ. ਸ਼ੇਰੀ ਸਮੇਤ ਇਹ ਸਾਰੇ "ਬਿਜਲੀਆ ਨੂੰ ਅੱਖ ਮਾਰਨ" ਤੋਂ ਸ਼ੁਰੂ ਕਰਕੇ ਕਿਉਂ ਰਵਾਇਤੀ ਜ਼ਿੰਦਗੀ ਦੇ ਰਾਹੀ ਬਣ ਜਾਂਦੇ ਹਨ ? ਬੂਟਾ ਰਾਮ ਨੂੰ ਪਛਤਾਵਾ ਕਿਉਂ ਹੈ ? "ਏਨ੍ਹਾਂ ਗੁਣਾਂ ਨੇ ਈ ਮੈਨੂੰ ਪੱਟਿਆ ਨਈਂ ਹੁਣ ਨੂੰ ਮੈਂ ਵੀ ਕਿਸੇ ਸਿਰੇ ਲੱਗਾ ਹੁੰਦਾ, ਵੱਡੇ ਭਾਂਈ ਵਾਂਗ।" ਵੱਡਾ ਭਾਈ ਜਿਸ ਦੀ ਲੋਕ ਹਿੱਤਾਂ ਲਈ ਸੰਘਰਸ਼ਸ਼ੀਲ ਵਿਅਕਤੀ ਬਾਰੇ ਸਮਝ ਸੂਝ ਹੈ: "ਆਪ ਤਾਂ ਤੂੰ ਮਰਿਆ", ਸਾਨੂੰ ਕਾਤ੍ਹੇ ਮਰਆਉਨਾ ? ਲੋਕ ਕੀ ਆਖਣਗੇ, ਇਕ ਭਰਾ ਅਫਸਰ, ਇਕ ਅਵਾਰਾਗਰਦ ਲੁੱਚਾ, ਲਫੰਗਾ ਤੇ ਨਿਕੰਮਾ। ਆਪਣੇ ਦੁੱਖਾਂ ਤਕਲੀਫ਼ਾਂ ਦਾ ਰੁਮਾਂਚੀਕਰਨ ਕਰਨ ਨਾਲ ਛੋਟੇ-ਮੋਟੇ ਇਨਾਮ-ਸਨਮਾਨ ਮਿਲਣ ਤੇ ਇਹ ਭਰਮ ਕਿਉਂ ਬਣ ਜਾਂਦਾ ਹੈ : "ਇਹ ਮੇਰੀ ਜ਼ਿੰਦਗੀ ਦੇ ਗਹਿਣੇ ਹਨ ਬਾਪੂ, ਕਾਮਾ ਜਮਾਤ ਦੀ ਬੰਦ ਖਲਾਸੀ ਦੇ ਚਿੰਨ੍ਹ ਤੇ ਜੁਗ ਬਦਲੀ ਦੀ ਗਾਰੰਟੀ। ਏਨ੍ਹਾਂ ਦਾ ਝੋਲਾ ਭਰੀ ਮੈਂ ਜੇੜ੍ਹੇ ਰਾਹੇ ਵੀ ਲੰਘੂੰ, ਉਨ੍ਹਾਂ ਉਪਰਲੇ ਸਾਰੇ ਵਸੀਲੇ ਝੱਟ ਤੇਰੀ ਝੋਲੀ 'ਚ ਆ ਡਿੱਗਣੇ... ਤੇਰਾ ਸਭ ਕੁਝ ਬਦਲਿਆ ਜਾਊ ਘਰ ਬਾਰ, ਕਾਰ-ਕਿੱਤਾ, ਰਹਿਣੀ-ਬਹਿਣੀ।"

ਔਰਤ/ਮਾਂ ਕਿਉਂ ਵਧੇਰੇ ਠਰ੍ਹੰਮੇ ਦੀ ਮੁਜੱਸਮਾ ਹੈ ? ਔਰਤ/ਮਾਂ ਦਾ ਅਜਿਹਾ ਰੂਪ "ਛਿੰਝ" ਅਤੇ "ਮਿੱਟੀ" ਸਿਰਲੇਖ ਵਿਚਲੀ ਮਾਂ ਅਤੇ ਤਾਈ ਰਤਨੀ ਦੇ ਰੂਪ ਵਿਚ ਸਪਸ਼ਟ ਹੈ। ਉਹ ਥੋੜ੍ਹੇ ਨਾਲ ਜਾਂ ਨਿਸਬਤਨ ਚੰਗੇਰੇ ਨਾਲ ਹੀ ਸੰਤੁਸ਼ਟ ਹੋ ਜਾਂਦੀਆਂ ਹਨ। ਕਿਉਂ ? ਉਨ੍ਹਾ ਦੀਆ ਇੱਛਾਵਾਂ ਸੀਮਤ ਕਿਉਂ ਹਨ ? ਸਦੀਆਂ ਦੀ ਆਰਥਿਕ ਅਤੇ ਮਰਦ ਦੀ ਗੁਲਾਮੀ ਕਾਰਨ ਜਾ ਕੁਝ ਹੋਰ - ਔਰਤ/ਮਾਂ ਕਹਿੰਦੀ ਹੈ : "ਏਹ ਮਿਰਗ ਤ੍ਰਿਸ਼ਨਾ ਤੈਨੂੰ ਟਿਕਾਈ ਕਾਤੋਂ ਨਈਂ ਲੈਣ ਦਿੰਦੀ। ਬੰਦਿਆ ! ਭਲੀ ਚੰਗੀ ਰੋਟੀ ਖਾਨਾਂ ਤੂੰ ਫੇਰ ਵੀ ਸਮਾਨ ਨੂੰ ਛੜਾ ਮਾਰਨੇ ਨਹੀਂ ਹਟਦਾ.. ।" ਉਸ ਨੂੰ ਉਂਜ ਅਹਿਸਾਸ ਹੈ ਕਿ ਪੈਸਾ ਤੇ ਸ਼ੁਹਰਤ ਪ੍ਰਾਪਤੀ ਦੀ ਦੌੜ ਅਸਮਾਨ ਨੂੰ ਛੜਾਂ ਮਾਰਨ ਵਾਲੀ ਗੱਲ ਹੈ। ਐਪਰ ਇਹ ਅਹਿਸਾਸ ਪੁਰਸ਼-ਪਹਿਲਵਾਨ ਕਿਉਂ ਨਹੀਂ ਕਰਦਾ ? ਇਸੇ ਤਰ੍ਹਾਂ ਇਕ ਹੋਰ ਪ੍ਰਸ਼ਨ ਪਹਿਲੀਆਂ ਦੋ ਕਹਾਣੀਆ ਵਿਚ ਉਗਰ ਰੂਪ ਵਿਚ ਪੇਸ਼ ਹੁੰਦਾ ਹੈ। ਵਿਕਾਸ ਲਈ ਰੀਸ ਜਾਂ ਮੁਕਾਬਲੇਬਾਜ਼ੀ ਤਾ ਠੀਕ ਹੈ। ਐਪਰ ਇਸ ਵਿਚੋਂ ਈਰਖਾ ਦੀ ਭਾਵਨਾ ਪਨਪਦੀ ਹੈ। ਈਰਖਾ ਆਪਣੀ ਵਾਰੀ ਸਿਰ ਸ਼ਰੀਕੇ ਦੀ ਸੰਸਥਾ ਨੂੰ ਜਨਮ ਦਿੰਦੀ ਹੈ। ਰੀਸ ਜਾਂ ਮੁਕਾਬਲਾ ਈਰਖਾ ਜਾਂ ਸ਼ਰੀਕੇਬਾਜ਼ੀ ਵਿਚ ਕਦੋਂ ਅਤੇ ਕਿਵੇਂ ਪਰਿਵਰਤਿਤ ਹੁੰਦਾ ਹੈ ? ਇਸ ਪ੍ਰਕ੍ਰਿਆ ਨੂੰ ਕਿਵੇਂ ਰੋਕਿਆ ਜਾਵੇ ? ਅਤੇ ਸਮਤੋਲ-ਸੰਤੁਲਿਤ ਕਿਵੇਂ ਰਿਹਾ ਜਾਵੇ ?

ਇੰਨ੍ਹਾਂ ਅਤੇ ਅਜਿਹੇ ਹੋਰ ਪ੍ਰਸ਼ਨਾਂ ਨੂੰ ਉਠਾਉਂਦੀਆਂ ਇਹ ਕਹਾਣੀਆ ਸਾਮਿਅਕ ਸਮੱਸਿਆਵਾਂ ਨੂੰ ਆਪਣੇ-ਆਪਣੇ ਕਥਾਨਕਾਂ ਵਿਚ ਸਮੋਅ-ਗੁੰਦਕੇ ਸਦੀਵਤਾ ਪ੍ਰਾਪਤ ਕਰਨ ਵੱਲ ਅੱਗੇ ਵਧਦੀਆ ਹਨ। ਇਹ ਇਕ ਹਕੀਕਤ ਹੈ ਕਿ ਸਾਮਿਅਕ ਸਮੱਸਿਆਵਾਂ ਨੂੰ ਸੰਬੋਧਨ ਹੋਏ ਬਗੈਰ ਸਦੀਵਤਾ ਜਾਂ ਚਿਰ ਸਥਾਈ ਮਹੱਤਵ ਦੀ ਇੱਛਾ ਰੱਖਣੀ ਪਾਣੀ ਰਿੜਕਣ ਵਾਲੀ ਗੱਲ ਹੈ। ਇਹ ਕਹਾਣੀਆਂ ਇਸ ਮਿਰਗ ਤ੍ਰਿਸ਼ਨਾ ਤੋਂ ਮੁਕਤ ਹਨ। ਉਦਾਹਰਣ ਵਜੋਂ ਅੱਤਵਾਦੀ-ਵੱਖਵਾਦੀ ਲਹਿਰ ਦੀ ਪਿੱਠ-ਭੂਮੀ ਅਤੇ ਪੂੰਜੀਵਾਦੀ ਆਰਥਿਕਤਾ ਦੇ ਜਲ-ਜਲੌਅ ਵਿਚ ਜਗੀਰੂ ਮਾਨਸਿਕਤਾ ਅਤੇ ਹਉਂ ਦੀ ਪੂਰਤੀ

ਕਾਰਨ ਪੈਂਦੀ “ਛਿੰਝ” ਪਹਿਲੀ ਕਹਾਣੀ ਵਿਚ ਬਾਖ਼ੂਬੀ ਦ੍ਰਿਸ਼ਟਮਾਨ ਹੁੰਦੀ ਹੈ। ਅੱਤਵਾਦੀ-ਵੱਖਵਾਦੀ ਲਹਿਰ ਵੱਲ ਖਿੱਚੇ ਜਾਣ ਵਾਲੇ ਤੱਤਾਂ ਲਈ ਇਕ ਖਿੱਚ ਜਾਇਦਾਦ ਦੀ ਢੇਰੀ ਵੱਡੀ ਕਰਨ ਜਾਂ ਰੱਖਣ ਦਾ ਮੋਹ ਵੀ ਸੀ। ਕਹਾਣੀ ਦਾ ਮੁੱਖ ਪਾਤਰ ਪਹਿਲਵਾਨ ਇਸ ਵਰਤਾਰੇ ਦਾ ਪ੍ਰਤੀਨਿਧ ਹੀ ਬਣਦਾ ਹੈ ਜਦੋਂ ਉਹ ਆਪਣੀ ਪਤਨੀ ਨੂੰ ਤਸੱਲੀ ਦਿੰਦਾ ਹੋਇਆ ਕਹਿੰਦਾ ਹੈ : “ਐਸਲੇ ਤੇਰੇ ਦੋਨਾਂ ਹੱਥਾਂ 'ਚ ਲੱਡੂ ਆ।... ਕੱਲ੍ਹ ਨੂੰ ਜੇ ਨਿਹਾਲਾ ਝੰਡੀ ਜਿੱਤ ਕੇ ਆ ਮੁੜਿਆ ਤਾਂ ਪੰਜਾਬ ਦੀ ਸਰਦਾਰੀ ਤੇਰੇ ਸਰਦਾਰ ਹੇਠ ਹੋਊ ਤੇ ਜੇ... ਜੇ ਕਿਧਰੇ ਸੱਚੇ-ਝੂਠੇ ਮੁਕਾਬਲੇ 'ਚ ਮਾਰਿਆ ਗਿਆ ਤਾਂ ਭੋਏਂ ਤੇਰੀ ਤਿੰਨਾਂ ਦੀ ਥਾਂ ਦੋਹ ਹਿੱਸਿਆਂ 'ਚ ਵੰਡ ਹੋਊ...।” ਧੰਨ ਸੰਚਿਤ ਕਰਨ ਦੀ ਅੰਨ੍ਹੀ ਦੌੜ, ਅਨਿਸ਼ਚਿਤ ਵਰਤਮਾਨ ਅਤੇ ਭਵਿੱਖ ਨੂੰ ਸੁਰੱਖਿਅਤ ਕਰਨ ਦੀ ਲਾਲਸਾ ਅਤੇ ਜਗੀਰੂ ਹਉਂ ਦੀ ਪੂਰਤੀ ਦਾ ਮੋਹ “ਮਿੱਟੀ” ਅਤੇ “ਛਿੰਝ” ਕਹਾਣੀ ਵਿਚ ਬਾਖ਼ੂਬੀ ਰੂਪਮਾਨ ਹੋਇਆ ਹੈ। ਜਦੋਂ “ਛਿੰਝ” ਕਹਾਣੀ ਦੇ ਮੁੱਖ ਪਾਤਰ ਦਾ ਪੁੱਤਰ ਬੰਸਾ ਆਪਣੀ ਮਾਂ ਸੁਰਸਤੀ ਨੂੰ ਲਿਖਦਾ ਹੈ : “ਹਾਂ, ਇਕ ਜ਼ਰੂਰੀ ਬਾਤ ਦਾ ਧਿਆਨ ਜ਼ਰੂਰ ਰੱਖਣਾ।... ਫਾਦਰ ਸਾਹਿਬ ਦੇ ਅੰਡਰ ਗਰਾਊਂਡ ਜਾਣ ਤੋਂ ਪਹਿਲਾਂ ਸਾਰੀ ਜ਼ਮੀਨ ਦਾ ਮੁਖ਼ਤਾਰਨਾਮਾ ਆਪਣੇ ਨਾਮ ਜ਼ਰੂਰ ਕਰਵਾ ਲੈਣਾਂ। ਪਿੱਛੋਂ ਬੜੀ ਟਰਬਲ ਹੁੰਦੀ ਆ।” ਤਾਂ ਉਹ ਪੂੰਜੀਵਾਦੀ ਨਿਜ਼ਾਮ ਦੀ ਚਰਮ ਸੀਮਾ ਵਿਚ ਪੈਸਾ-ਕੀਮਤਾਂ ਨੂੰ ਮਿਲਦੀ ਪ੍ਰਮੁੱਖਤਾ ਦੀ ਹੀ ਪ੍ਰਤੀਨਿਧਤਾ ਕਰ ਰਿਹਾ ਹੈ। “ਮਿੱਟੀ” ਸਿਰਲੇਖ ਵਾਲੀ ਕਹਾਣੀ ਵਿਚ ਤਾਏ, ਆਤੂ ਅਤੇ ਖੇਮੇ ਦਾ ਆਪਸੀ ਮੋਹ, ਪਿਆਰ ਤੇ ਹਮਦਰਦੀ ਜਗੀਰਦਾਰੀ ਯੁਗ ਵਿਚ ਪ੍ਰਵਾਨ ਚੜ੍ਹੇ ਵਿਅਕਤੀਆਂ ਦੀਆਂ ਭਾਵਨਾਵਾਂ ਦੇ ਐਨ ਅਨੁਕੂਲ ਹੈ। ਵੱਖ ਵੱਖ ਜੀਵਨ-ਸ਼ੈਲੀਆਂ ਦੇ ਧਾਰਨੀ ਹੋਣ ਦੇ ਬਾਵਜੂਦ ਉਹ ਇਕ ਦੂਜੇ ਦੀਆਂ ਭਾਵਨਾਵਾਂ ਦਾ ਪੂਰਾ ਪੂਰਾ ਖਿਆਲ ਰੱਖਦੇ ਹਨ। ਉਹ ਆਪਣੇ ਸਮਿਆ ਦੇ ਪ੍ਰਤਿਨਿਧ ਹਨ।

“ਝਾਂਜਰ” ਕਹਾਣੀ ਲਿੰਗਕ ਜਜ਼ਬੇ ਨਸ਼ਿਆਂ ਦੀ ਵਿਆਪਕ ਵਰਤੋਂ, ਅਨਪੜ੍ਹਤਾ ਅਤੇ ਅਗਿਆਨਤਾ ਦੇ ਆਲਮ ਵਿਚ ਚੇਤਨਾ ਸੰਕਟ ਦੇ ਗਲਪ ਬਿੰਬਾਂ ਨੂੰ ਸਾਕਾਰ ਕਰਦੀ ਹੈ। “ਜੰਜ਼ੀਰੇ” ਕਹਾਣੀ ਰਾਖਵੇਂਕਰਨ ਨਾਲ ਉਤਪੰਨ ਜਜ਼ੀਰਿਆਂ ਦੀ ਗੱਲ ਕਰਦੀ ਹੋਈ ਵਧ ਰਹੀ ਆਰਥਿਕ-ਸਮਾਜਕ ਚੇਤਨਾ ਦੇ ਗਲਪੀ ਸਰੂਪ ਨੂੰ ਨਿਰਧਾਰਤ ਕਰਦੀ ਹੈ। ਰਾਖਵੇਂਕਰਨ ਨਾਲ ਸਰਕਾਰ ਗਰੀਬ ਅਤੇ ਨਿਮਨ ਜਾਤੀਆਂ ਨੂੰ ਉੱਪਰ ਚੁੱਕਣ ਦੇ ਲਬਾਦੇ ਅਤੇ ਨਿਮਨ ਵਰਗਾਂ ਨੂੰ ਜਾਤ-ਪਾਤੀ ਆਧਾਰ 'ਤੇ ਵੰਡਣ ਦੀ ਪਹੁੰਚ ਅਧੀਨ ਨਿਮਨ ਜਾਤੀਆਂ ਦੇ ਵਿਸ਼ਾਲ ਸਮੁੰਦਰ ਵਿਚ ਛੋਟੇ-ਛੋਟੇ ਜਜ਼ੀਰੇ ਬਣਾਉਣ ਵਿਚ ਸਫਲ ਹੋਈ ਹੈ। ਇਸ ਪ੍ਰਕ੍ਰਿਆ ਵਿਚੋਂ ਹਾਕਮ ਜਮਾਤਾਂ ਨੇ ਆਪਣੀ ਆਉਧ ਲੰਮੀ ਕਰਨ ਦੀ ਇਕ ਤਕਨੀਕ ਲੱਭੀ ਹੈ ਅਤੇ ਇਸ ਦੀ ਬਾਖ਼ੂਬੀ ਵਰਤੋਂ ਕੀਤੀ ਹੈ। ਇਸ ਤਰ੍ਹਾਂ ਅਚੇਤ/ਸੁਚੇਤ ਜਾਤ-ਪਾਤੀ ਚੇਤਨਾ ਨੂੰ ਵਧਾਉਂਦੀ ਹੈ। ਨਿਮਨਜਾਤੀਆਂ ਅਤੇ ਉੱਚ ਜਾਤੀਆਂ ਵਿਚਲੇ ਇਨ੍ਹਾਂ ਦੇ ਜਜ਼ੀਰਿਆਂ ਦਰਮਿਆਨ ਖਾਈ ਹੋਰ ਵੱਡੀ ਹੋਈ ਹੈ। ਇਸ ਖਾਈ ਨੂੰ ਘੱਟ ਕਰਨ ਦੀ ਥਾਂ ਸਰਕਾਰ ਨਿਰੰਤਰ ਇਸ ਨੂੰ ਵਧਾ ਰਹੀ ਹੈ।

“ਵਾਵਰੋਲੇ” ਅਤੇ “ਬੂਟਾ ਰਾਮ ਪੂਰਾ ਹੋ ਗਿਆ” ਕਹਾਣੀਆਂ ਖੱਬੇ ਪੱਖੀ ਲਹਿਰ ਦੀਆਂ ਸੀਮਾਵਾਂ ਨੂੰ ਰੂਪਮਾਨ ਕਰਦੀਆਂ ਹੋਈਆਂ ਇਸ ਦੇ ਮੱਧ-ਸ਼੍ਰੇਣਿਕ ਖਾਸੇ ਨੂੰ ਉਘਾੜਕੇ ਪੇਸ਼ ਕਰਦੀਆਂ ਹਨ। ਖੱਬੇ-ਪੱਖੀ ਲਹਿਰ ਹਨੇਰੀ ਬਣਨ ਦੀ ਥਾਂ “ਵਾਵਰੋਲੇ” ਹੀ ਬਣਦੀ ਹੈ। ਗਿੰਦਰੋ, ਪ੍ਰੋ. ਸ਼ੇਰੀ, ਲਸ਼ਕਰ ਆਦਿ ਮੱਧ-ਸ਼੍ਰੇਣਿਕ ਪਾਤਰ ਵਾਵਰੋਲੇ ਹੀ ਸਾਬਤ ਹੁੰਦੇ ਹਨ। ਜਮਾਤੀ ਸਥਿਤੀ ਅਨੁਸਾਰ ਇਨ੍ਹਾਂ ਨੇ ਅਜਿਹਾ ਹੀ ਹੋਣਾ ਹੈ। ਇਨਕਲਾਬ ਕਰਨ ਤੁਰਿਆ ਬੂਟਾ ਰਾਮ “ਗਜਾ” ਕਰਨ ਵਿਚ ਹੀ ਸੰਤੁਸ਼ਟ ਪ੍ਰਤੀਤ ਹੁੰਦਾ ਹੈ। ਹਰਕਤਹੀਣ ਹੁੰਦਾ ਜਾਂਦਾ ਬੂਟਾ ਰਾਮ ਅੱਤਵਾਦੀ-ਵੱਖਵਾਦੀ ਲਹਿਰ ਦਾ ਸ਼ਿਕਾਰ ਹੋ ਜਾਂਦਾ ਹੈ। ਬੂਟਾ ਰਾਮ ਦਾ ਇਹ ਸਫਰ ਭਾਰਤ/ਪੰਜਾਬ ਦੀਆਂ ਠੋਸ ਅਵਸਥਾਵਾਂ ਵਿਚੋਂ



ਉਪਜੀ ਖੱਬੇ ਪੱਖੀ ਲਹਿਰ ਦੇ ਪ੍ਰਤੀਨਿਧ ਇਕ ਮੱਧ-ਸ਼੍ਰੇਣਿਕ ਨੌਜਵਾਨ ਦੀ ਦੁਖਾਂਤ ਗਾਥਾ ਹੈ। ਕਹਾਣੀ ਦੇ ਇਕ ਹੋਰ ਪਾਤਰ ਅਮਰੀਕ ਚੰਦ ਨੇ ਵੀ ਅੰਤ ਨੂੰ ਇਸੇ ਹੋਣੀ ਦਾ ਸ਼ਿਕਾਰ ਹੋਣਾ ਹੈ। ਕਹਾਣੀ ਦਾ ਅੰਤਿਮ ਵਾਕ ਬੜਾ ਹੀ ਭਾਵਪੂਰਤ ਹੈ : “ਬੂਟਾ ਰਾਮ ਪੂਰਾ ਹੋ ਗਿਆ... ਸੱਚ-ਮੁੱਚ ਪੂਰਾ ਹੋ ਗਿਐ... ਬੂਟਾ ਰਾਮ... ਰੁੱਖੀ ਬੰਜਰ ਧਰਤੀ 'ਤੇ ਠੰਢੀ ਮਿੱਠੀ ਛਾਂ ਕਰਨ ਵਾਲਾ ਬੂਟਾ... ਰਾਮ...।”

ਪਹਿਲੀਆਂ ਚਾਰ ਕਹਾਣੀਆਂ ਵਿਚ ਮਿੱਟੀ ਦਾ ਪ੍ਰਤੱਖ ਅਤੇ ਵਿਆਪਕ ਜ਼ਿਕਰ ਮਿਲਦਾ ਹੈ। ਮਿੱਟੀ ਜਿਹੜੀ ਜੀਵਨ ਦਾ ਆਧਾਰ ਤੇ ਸਿਰਜਣਹਾਰ ਹੈ ਜਿਹੜੀ ਜੀਵਨ ਦੇ ਮੰਦ-ਚੰਗ ਨੂੰ ਆਪਣੇ ਵਿਚ ਸਮੋਅ ਲੈਂਦੀ ਹੈ - ਬਿਨਾਂ ਕਿਸੇ ਹੀਲ-ਹੁਜਤ ਤੋਂ, ਬਿਨਾਂ ਕਿਸੇ ਉਜ਼ਰ ਤੋਂ। ਪੰਜਾਬ ਦੀ ਮਿੱਟੀ ਜੁਗ ਗਰਦੀਆਂ ਕਾਰਨ ਡੁੱਲ੍ਹੇ ਖ਼ੂਨ ਕਾਰਨ ਕਾਲੀ ਹੋਈ ਪਈ ਹੈ। ਇਹ ਮਾਣ ਪੰਜਾਬ ਦੀ ਮਿੱਟੀ ਅਤੇ ਇਸ ਵਿਚੋਂ ਉਗਮੇ-ਜਨਮੇਂ ਪੰਜਾਬੀਆਂ ਨੂੰ ਜਾਂਦਾ ਹੈ ਕਿ ਮਿੱਟੀ ਦੇ ਕਾਲੀ ਹੋ ਜਾਣ ਦੇ ਬਾਵਜੂਦ ਉਨ੍ਹਾਂ ਦੇ ਦਿਲ ਕਾਲੇ ਨਹੀਂ ਹੋਏ। ਉਹ ਹਾਰ ਸਕਦੇ ਹਨ ਅਤੇ ਹਾਰ ਰਹੇ ਹਨ ਐਪਰ ਉਨ੍ਹਾਂ ਕਦੇ ਮਾਨਸਿਕ ਸਤਰ 'ਤੇ ਹਾਰ ਪ੍ਰਵਾਨ ਨਹੀਂ ਕੀਤੀ ਅਤੇ ਨਾ ਹੀ ਕਰਨਗੇ। ਉਹ ਅੰਤਿਮ ਲੜਾਈ ਜਿੱਤਣਗੇ। ਇਹ ਕਹਾਣੀਕਾਰ ਦੀ ਆਸ਼ਾ ਵੀ ਹੈ ਅਤੇ ਉਦੇਸ਼ ਵੀ। ਉਸ ਨੂੰ ਭਲੀ-ਭਾਂਤ ਅਹਿਸਾਸ ਹੈ : “ਖ਼ੂਨ ਰੰਗੀ ਧਰਤੀ ਕਿਸੇ ਨੂੰ ਮੁਆਫ਼ ਨਹੀਂ ਕਰਦੀ - ਨਾ ਰਾਜੇ ਨੂੰ ਨਾ ਰੰਕ ਨੂੰ, ਨਾ ਦੁਸ਼ਮਣ ਨੂੰ...।”

“ਛਿੰਝ”, “ਵਾਵਰੋਲੇ” ਅਤੇ “ਬੂਟਾ ਰਾਮ ਪੂਰਾ ਹੋ ਗਿਆ” ਆਦਿ ਕਹਾਣੀਆਂ ਫਿਰਕੂ ਅਤੇ ਰਾਜਕੀ ਦਹਿਸ਼ਤ ਦੇ ਦੌਰ ਵਿਚ ਭਾਵਹੀਣਤਾ ਦੀ ਸਥਿਤੀ ਦੇ ਪੈਦਾ ਹੋਣ ਅਤੇ ਮੌਤ ਸੰਵੇਦਨਾ ਦੇ ਮਰ-ਮੁੱਕ ਜਾਣ ਦੇ ਗਲਪ-ਬਿੰਬਾਂ ਨੂੰ ਸਿਰਜਦੀਆਂ ਹਨ। ਅਨੇਕਾਂ ਸੰਵੇਦਨਸ਼ੀਲ ਲੋਕ ਡਰ ਸਹਿਮ ਗਏ ਸਨ ਅਤੇ 'ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਵਣਗੇ' ਦੀ ਲੋਕ-ਉਕਤੀ ਅਨੁਸਾਰ ਵਿਚਰ ਰਹੇ ਸਨ। ਇਸ ਦੌਰ ਵਿਚਲੇ ਮੱਧ-ਸ਼੍ਰੇਣਿਕ ਦੁਬਿਧਾ ਅਤੇ ਨਿੱਜ-ਹਿੱਤਾਂ ਨੂੰ ਮਿਲਦੀ ਪ੍ਰਮੁੱਖਤਾ ਦੇ ਗਲਪ-ਬਿੰਬ ਇਨ੍ਹਾਂ ਕਹਾਣੀਆਂ ਵਿਚ ਰੇਖਾਂਕਿਤ ਕੀਤੇ ਜਾ ਸਕਦੇ ਹਨ।

ਆਲੋਚਨਾਤਮਕ ਯਥਾਰਥਵਾਦੀ ਗਲਪ ਪਹੁੰਚ ਦ੍ਰਿਸ਼ਟੀ ਦੇ ਅਨੁਰੂਪ ਹੀ ਕਹਾਣੀਆਂ ਵਿਚ ਪੇਸ਼ ਪਾਤਰਾਂ ਦੀ ਬੋਲ-ਬਾਣੀ ਉਨ੍ਹਾਂ ਦੇ ਆਰਥਿਕ-ਸਮਾਜਕ ਪੱਧਰ ਅਨੁਸਾਰ ਹੈ। ਲਾਲ ਸਿੰਘ ਉਸੇ ਤਰ੍ਹਾਂ ਹੀ ਲਿਖਦਾ ਹੈ ਜਿਸ ਤਰ੍ਹਾਂ ਉਸ ਦੇ ਪਾਤਰ ਬੋਲਦੇ ਹਨ। ਪਾਤਰ ਦੀ ਬਾਹਰੀ ਤੇ ਮਾਨਸਿਕ ਸਥਿਤੀ ਨੂੰ ਉਸ ਨੇ ਬੜੀ ਹੀ ਬਾਰੀਕੀ, ਗੰਭੀਰਤਾ ਅਤੇ ਪਾਤਰ ਦੇ ਸੰਤਾਪ ਨੂੰ ਮਾਨਸਿਕ ਸਤਰ 'ਤੇ ਹੰਢਾ ਕੇ ਲਿਖਣ ਦਾ ਸਫਲ ਯਤਨ ਕੀਤਾ ਹੈ। ਉਹ ਪਾਤਰ ਦੇ ਧੁਰ ਅੰਦਰ ਲਹਿ ਜਾਂਦਾ ਹੈ।ਬਾਹਰੀ ਸ਼ਕਲ ਸੂਰਤ ਨਾਲੋਂ ਉਹ ਪਾਤਰ ਦੇ ਮਨ ਮਸਤਕ ਵਿਚ ਹੁੰਦੀ ਨਿਰੰਤਰ ਹਲਚਲ ਨੂੰ ਪੇਸ਼ ਕਰਨ ਵਿਚ ਵਧੇਰੇ ਰੁਚਿਤ ਰਿਹਾ ਹੈ। ਪਾਤਰ ਕੀ ਕਰਦਾ ਹੈ ਅਤੇ ਕੀ ਕਹਿੰਦਾ ਹੈ ? ਇਹ ਗੱਲ ਲਾਲ ਸਿੰਘ ਲਈ ਘੱਟ ਮਹੱਤਵ ਰੱਖਦੀ ਹੈ। ਉਹ ਅਜਿਹਾ ਕਿਉਂ ਅਤੇ ਕਿਸ ਤਰ੍ਹਾਂ ਕਰਦਾ ਹੈ ? ਇਹ ਉਸ ਲਈ ਵਧੇਰੇ ਮਹੱਤਵਸ਼ੀਲ ਹੈ। ਜਿੰਨ੍ਹਾਂ ਆਰਥਿਕ-ਸਮਾਜਕ ਪਰਿਸਥਿਤੀਆਂ ਵਿਚ ਉਸ ਦੇ ਪਾਤਰ ਵਿਚਰਦੇ ਹਨ ਉਨ੍ਹਾਂ ਦਾ ਅਧਿਐਨ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨ ਲਈ ਵਧੇਰੇ ਫਿਕਰਮੰਦੀ ਦਾ ਪ੍ਰਗਟਾਵਾ ਕਰਦਾ ਹੈ। ਇਹ ਪਹੁੰਚ ਆਲੋਚਨਾਤਮਕ ਯਥਾਰਥਵਾਦੀ ਗਲਪ ਦ੍ਰਿਸ਼ਟੀ ਦੇ ਅਨੁਰੂਪ ਹੈ ਕਿਉਂਕਿ ਹਰੇਕ ਵਿਅਕਤੀ ਦਾ ਸੁਭਾਅ, ਉਸ ਦੀ ਸੋਚ-ਪ੍ਰਕ੍ਰਿਆ ਅਤੇ ਕਾਰ-ਵਿਵਹਾਰ ਉਸ ਦੀਆਂ ਪਰਿਸਥਿਤੀਆਂ ਦੁਆਰਾ ਸੁਨਿਸ਼ਚਿਤ ਹੁੰਦਾ ਹੈ। ਇਸ ਤਰ੍ਹਾਂ ਉਹ ਮਨੁੱਖੀ ਵਿਵਿਹਾਰ ਪਿੱਛੇ ਕਾਰਜਸ਼ੀਲ ਸ਼ਕਤੀਆਂ ਦੀ ਮਾਨਸਿਕ ਨਿਸ਼ਾਨਦੇਹੀ ਬਾਰੇ ਵਧੇਰੇ ਰੁਚਿਤ ਹੈ। ਇਸੇ ਕਾਰਨ ਪਹਿਲਵਾਨ (ਛਿੰਝ), ਤਾਇਆ ਗੁਰਬਚਨ ਸਿੰਘ, ਤਾਈ ਰਤਨੀ , ਮਾਨ ਸਿੰਘ, ਆਤੂ ਅਤੇ ਖੇਮਾ

(ਮਿੱਟੀ), ਘੋਨਾ, ਮੀਹਾਂ-ਸੁੰਹ, ਸੋਹਣ, ਤਾਰਾ ਸਿੰਘ ਅਤੇ ਬੰਤੀ (ਝਾਂਜਰ), ਮਾਈ ਆਤੋ ਅਤੇ ਮੁੱਖ ਪਾਤਰ (ਜਜ਼ੀਰੇ), ਪ੍ਰੋ. ਸ਼ੇਰੀ, ਗਿੰਦਰੋ ਅਤੇ ਲਸ਼ਕਰ (ਵਾਵਰੋਲੇ) ਅਤੇ ਬੂਟਾ ਰਾਮ ਤੇ ਅਮਰੀਕ ਚੰਦ (ਬੂਟਾ ਰਾਮ ਪੂਰਾ ਹੋ ਗਿਆ) ਆਦਿ ਪਾਤਰ ਪ੍ਰਤੀਨਿਧ ਪਰਿਸਥਿਤੀਆਂ ਵਿਚ ਵਿਚਰਦਿਆਂ ਪ੍ਰਤੀਨਿਧ ਵਿਵਿਹਾਰ ਕਰਨ ਕਰਕੇ ਯਾਦਗਾਰੀ ਗਲਪ ਪਾਤਰ ਹੋ ਨਿੱਬੜੇ ਹਨ।

ਵਿਚਾਰ ਅਧੀਨ ਸੰਗ੍ਰਹਿ ਦੀਆਂ ਵਧੇਰੇ ਕਹਾਣੀਆਂ ਵਿਚ ਦੋ ਜਾਂ ਦੋ ਤੋਂ ਵੱਧ ਕਥਾਵਾਂ ਜਾਂ ਉਪ-ਕਥਾਵਾਂ ਨਾਲ ਨਾਲ ਚੱਲਦੀਆਂ ਹਨ। ਇਕ ਕਹਾਣੀ ਵਰਤਮਾਨ ਵਿਚ ਵਾਪਰਦੀ ਹੈ ਐਪਰ ਉਸ ਦੇ ਨਾਲ ਕਹਾਣੀਕਾਰ ਅਤੀਤ ਦੇ ਸੰਬੰਧਤ ਵੇਰਵਿਆਂ ਨੂੰ ਬੜੇ ਕਲਾਮਈ ਢੰਗ ਨਾਲ ਜੋੜ ਦਿੰਦਾ ਹੈ। ਇਹ ਜੋੜ ਕਿਤੇ ਵੀ ਰੜਕਦੇ ਨਹੀਂ ਹਨ। ਅਤੇ ਮੁੱਖ ਕਥਾ ਸਹਿਜ ਰੂਪ ਵਿਚ ਆਪਣੇ ਸਿਖਰ ਵੱਲ ਵਧਦੀ ਹੈ। ''ਮਿੱਟੀ'' ਨਾਂ ਦੀ ਕਹਾਣੀ ਜੋ ਇਸ ਸੰਗ੍ਰਹਿ ਦੀ ਸਰਵ-ਉਤਮ ਕਹਾਣੀ ਹੈ ਫਲੈਸ਼ਬੈਕ ਵਿਧੀ ਨਾਲ ਆਰੰਭ ਹੁੰਦੀ ਹੈ। ਨਸ਼ੇ ਵਿਚ ਬੇਸੁਰਤ ਪਾਤਰ ਦੇ ਅਵਚੇਤਨ ਵਿਚ ਪਈਆਂ ਆਪ ਬੀਤੀਆਂ ਇਕ ਰੀਲ ਵਾਂਗ ਉੱਧੜਦੀਆਂ ਹਨ। ਦੂਜੇ, ਉਸ ਨਾਲ ਜੋ ਨਸ਼ਈ ਹਾਲਤ ਵਿਚ ਵਾਪਰ ਰਿਹਾ ਹੈ ਉਸ ਨੂੰ ਕਹਾਣੀਕਾਰ ਬੜੀ ਸਹਿਜਤਾ ਨਾਲ ਗੁੰਦੀ ਜਾਂਦਾ ਹੈ। ਦੋਵਾਂ ਕਹਾਣੀਆਂ ਨੂੰ ਜੋ ਇਕ ਹੀ ਵਿਅਕਤੀ ਪਾਤਰ ਨਾਲ ਵਾਪਰਦੀਆਂ ਹਨ ਉਹ ਜੀਵੰਤ ਰੂਪ ਵਿਚ ਜੋੜਕੇ ਪੇਸ਼ ਕਰਦਾ ਹੈ। ਇਸ ਜੀਵੰਤ ਸੰਬੰਧ ਦੀ ਕਲਾਤਮਕ ਪੁਨਰ ਸਿਰਜਣਾ ਕਹਾਣੀਕਾਰ ਦੀ ਪ੍ਰਾਪਤੀ ਹੈ।

ਇਸ ਤਰ੍ਹਾਂ ਇਹ ਸਾਰੀਆਂ ਕਹਾਣੀਆਂ ਲੇਖਕ ਦੀ ਕਹਾਣੀ ਕਲਾ ਦਾ ਸਿਖ਼ਰ ਅਤੇ ਪੰਜਾਬੀ ਕਹਾਣੀ ਦਾ ਅੱਜ ਕਹੀਆਂ ਜਾ ਸਕਦੀਆਂ ਹਨ।

(ਅਨੂਪ ਸਿੰਘ)

**ਦਲੀਪ ਕੌਰ ਟਿਵਾਣਾ ਦਾ ਨਾਵਲ ਜਗਤ** [ਤਾਰਾ ਸਿੰਘ]

ਡਾ. ਤਾਰਾ ਸਿੰਘ ਦੀ ਪੁਸਤਕ 'ਦਲੀਪ ਕੌਰ ਟਿਵਾਣਾ ਦਾ ਨਾਵਲ ਜਗਤ' ਪੰਜਾਬੀ ਦੀ ਪ੍ਰਸਿੱਧ ਲੇਖਿਕਾ ਦੀ ਨਾਵਲ ਕਲਾ ਦਾ ਇਕ ਸਿਲਸਿਲੇਵਾਰ ਅਧਿਐਨ ਹੈ। ਇਸ ਦਾ ਸੰਪੂਰਨ ਰੂਪ ਤਾਰਾ ਸਿੰਘ ਦਾ ਸ਼ੋਧ-ਪ੍ਰਬੰਧ ਹੈ, ਜਿਸ ਵਿਚ ਲੇਖਿਕਾ ਦੀ ਸਾਹਿਤਕ ਅਭਿਵਿਅਕਤੀ ਦਾ ਹਿੰਦੀ ਲੇਖਿਕਾ ਕ੍ਰਿਸ਼ਨਾ ਸੋਬਤੀ ਦੀ ਕਲਾ ਨਾਲ ਤੁਲਨਾਤਮਕ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਆਸ ਹੈ ਕਿ ਇਹ ਯਤਨ ਜਲਦੀ ਹੀ ਪਾਠਕਾਂ ਸਾਹਮਣੇ ਆਏਗਾ। ਇਸ ਯਤਨ ਦੇ ਪ੍ਰਕਾਸ਼ਿਤ ਹੋਣ ਲਈ ਜ਼ੋਰ ਇਸ ਲਈ ਦਿੱਤਾ ਹੈ ਕਿਉਂਕਿ ਪੰਜਾਬੀ ਖੋਜ ਅਤੇ ਆਲੋਚਨਾ ਦੇ ਖੇਤਰ ਵਿਚ ਤੁਲਨਾਤਮਕ ਸਾਹਿਤਕ ਉਦਮਾਂ ਦੀ ਘਾਟ ਹੈ। ਆਸ ਹੈ ਕਿ ਖੋਜ-ਪ੍ਰੇਰਕ ਅਤੇ ਅਧਿਆਪਕ ਵਰਗ ਇਸ ਥੁੜ ਨੂੰ ਪੂਰਿਆਂ ਕਰਨਗੇ।

ਤਾਰਾ ਸਿੰਘ ਨੇ ਹੱਥਲੀ ਪੁਸਤਕ ਵਿਚ ਡਾ. ਟਿਵਾਣਾ ਦੇ ਨਾਵਲ-ਜਗਤ ਦੇ ਵਿਕਾਸ ਨੂੰ ਉਭਾਰਿਆ ਹੈ। ਇਹ ਉਭਾਰ ਕੇਵਲ ਦ੍ਰਿਸ਼ਟਾਂਤਗੋਚਰ ਹੀ ਨਹੀਂ ਚਿੰਤਨ-ਕੇਂਦ੍ਰਿਤ ਹੈ। ਪੁਸਤਕ ਦੇ ਲੇਖਕ ਦੀ ਇਹ ਵਿਸ਼ੇਸ਼ ਪ੍ਰਾਪਤੀ ਹੈ। ਕਲਾਤਮਕ ਉਭਾਰ ਦੀ ਇਸ ਨਵੀਂ ਸ਼ੈਲੀ ਤੋਂ ਭਾਵ ਇਹ ਹੈ ਕਿ ਲੇਖਕ ਡਾ. ਟਿਵਾਣਾ ਦੇ ਨਾਵਲਾਂ ਦੀ ਮੂਲ ਸਮੱਸਿਆ ਬਾਰੇ ਹੀ ਗੱਲ ਨਹੀਂ ਛੇੜਦਾ ਸਗੋਂ ਪਾਠ-ਅਧਿਐਨ ਤੋਂ ਕਲਾਕਾਰ ਦੇ ਵਿਚਾਰਾਤਮਕ ਆਪੇ ਵਿਚ ਆਏ ਬੁਨਿਆਦੀ ਪਰਿਵਰਤਨ ਵੱਲ ਵੀ ਸੰਕੇਤ ਕਰਦਾ ਹੈ। ਇਸ ਸੰਦਰਭ ਵਿਚ ਧਿਆਨਯੋਗ ਗੱਲ ਇਹ ਹੈ ਕਿ ਪਾਠ-ਅਧਿਐਨ ਨੂੰ ਹੀ ਮੁੱਲਾਂਕਣ-ਵਿਧੀ ਦਾ ਆਧਾਰ ਬਣਾਇਆ ਗਿਆ ਹੈ। ਇਸ ਦ੍ਰਿਸ਼ਟੀ ਤੋਂ ਕੁਝ ਸਿੱਟੇ ਕੱਢੇ ਗਏ ਹਨ ਜਿਹੜੇ ਲੇਖਕ ਦਾ ਡਾ. ਟਿਵਾਣਾ ਪ੍ਰਤਿ ਸਤਿਕਾਰ ਪ੍ਰਗਟਾਉਂਦੇ ਹਨ। ਮੇਰੀ ਦ੍ਰਿਸ਼ਟੀ ਵਿਚ ਸਤਿਕਾਰ ਭਰੀ ਆਲੋਚਨਾ ਦੀ ਅੱਜ ਬਹੁਤ ਲੋੜ ਹੈ। ਤਣਾਓ ਅਤੇ ਵਿਸਫੋਟ ਭਰੀ ਸਥਿਤੀ ਵਿਚ ਆਲੋਚਨਾ



ਆਪਣਾ ਸਾਰਥਕ ਗੌਰਵ ਗੁਆ ਬੈਠਦੀ ਹੈ। ਪੁਸਤਕ ਦਾ 'ਕੁਝ ਅੰਤਰਦ੍ਰਿਸ਼ਟੀਆਂ' ਅਧਿਆਇ ਇਸ ਗੌਰਵ ਨੂੰ ਪੁਨਰ-ਜਾਗ੍ਰਿਤ ਕਰਨ ਵੱਲ ਇਕ ਕਦਮ ਹੈ।

ਪੁਸਤਕ ਦਾ ਅਧਿਐਨ ਦੱਸਦਾ ਹੈ ਕਿ ਤਾਰਾ ਸਿੰਘ ਨੇ ਦਲੀਪ ਕੌਰ ਟਿਵਾਣਾ ਦੇ ਸਾਰੇ ਨਾਵਲਾਂ ਨੂੰ ਇਤਿਹਾਸਕ ਕ੍ਰਮ ਵਿਚ ਰੱਖ ਕੇ ਕਈ ਨੁਕਤਿਆਂ ਨੂੰ ਸਾਡੇ ਸਾਹਮਣੇ ਲਿਆਂਦਾ ਹੈ। ਜ਼ਰੂਰੀ ਨਹੀਂ ਕਿ ਇਹ ਨੁਕਤੇ ਲੇਖਿਕਾ ਦੇ ਸੰਪੂਰਨ ਗਲਪ-ਮਿੱਥ ਦੀ ਵਿਆਖਿਆ ਕਰਨ, ਇਨ੍ਹਾਂ ਦੀ ਸੁਤੰਤਰ ਹੋਂਦ ਵੀ ਹੋ ਸਕਦੀ ਹੈ, ਭਾਵ ਇਹ ਨਾਵਲ-ਵਿਸ਼ੇਸ਼ ਦੀ ਸੰਰਚਨਾ-ਪ੍ਰਕਿਰਿਆ ਨੂੰ ਖੋਲ੍ਹ ਸਕਦੇ ਹਨ। ਮਿਸਾਲ ਵਜੋਂ ਲੇਖਿਕਾ ਦੇ ਨਾਵਲ 'ਵਾਟ ਹਮਾਰੀ' ਬਾਰੇ ਲਿਖਿਆ ਹੈ ਕਿ ਇਹ ਰਚਨਾ ਪਰੰਪਰਾ ਤੇ ਆਧੁਨਿਕਤਾ ਦਾ ਸੁਮੇਲ ਹੈ। ਜਾਗੀਰਦਾਰੀ ਪ੍ਰਬੰਧ ਦੇ ਪਿਛੋਕੜ ਵਿਚ ਤਰਾਸ਼ੇ ਪਾਤਰ ਨਾਵਲ ਦੀ ਵਿਅਕਤੀਗਤ ਪ੍ਰਾਪਤੀ ਹਨ, ਟਿਵਾਣਾ ਦੀ ਸੰਪੂਰਨ ਗਲਪ-ਮਿੱਥ ਦੇ ਨਹੀਂ। ਸੰਪੂਰਨ ਮਿੱਥ ਵਿਚ ਪਰੰਪਰਾ ਦੇ ਵਿਸ਼ਾਲ ਅਰਥ ਹੁੰਦੇ ਹਨ ਤੇ ਇਸ ਦੀਆਂ ਕਈ ਇਕਾਈਆਂ ਅਤੇ ਪਰਤਾਂ ਹੁੰਦੀਆਂ ਹਨ। ਦਲੀਪ ਕੌਰ ਟਿਵਾਣਾ ਦੀ ਨਾਵਲ-ਚੇਤਨਾ ਵਿਚ ਆਇਆ ਕਲਾਤਮਕ ਵਿਕਾਸ (ਵਿਚਾਰਾਤਮਕ ਦ੍ਰਿਸ਼ਟੀ ਤੋਂ) ਇਸ ਦੇ ਮੁਹਾਂਦਰੇ ਨੂੰ ਹੋਰ ਲਿਸ਼ਕਾਉਂਦੇ ਹਨ। 'ਕਥਾ ਕੁਕਨੂਸ ਦੀ' ਦਾ ਪੜ੍ਹਨ-ਅਭਿਆਸ ਇਸ ਪੱਖੋਂ ਬੌਧਿਕ ਸੰਤੁਸ਼ਟਤਾ ਦਿੰਦਾ ਹੈ। ਸਹੀ ਹੈ ਕਿ ਇਸ ਵਿਚ ਮਨੁੱਖੀ-ਹੋਂਦ ਨਾਲ ਅਨੇਕਾਂ ਅਰਥ ਆ ਜੁੜਦੇ ਹਨ ਅਤੇ ਇਸ ਦਾ ਅਨੁਮਾਨ ਤੇ ਅਨੁਭਵ ਸੱਚ ਦੀ ਢੂੰਡ ਕਰਵਾਉਂਦੇ ਹਨ ਤੇ ਕਈ ਵਾਰੀ ਸਾਡੇ ਅਰਥ ਸਾਥੋਂ ਹੀ ਗੁਆਚ ਜਾਂਦੇ ਹਨ। ਨਾਵਲ ਦੇ 'ਨਿਰਮਲ' ਪਾਤਰ ਦੀ ਸਥਿਤੀ ਵੀਹਵੀਂ ਸਦੀ ਤੋਂ ਉਲਾਂਘ ਪੁਟਦੇ ਮਾਨਵ ਦੀ ਸੋਚਮਈ ਤਸਵੀਰ ਸਾਡੇ ਸਾਹਮਣੇ ਲਿਆਉਂਦੀ ਹੈ। ਪ੍ਰਸਤੁਤੀਕਰਨ ਦੀ ਦ੍ਰਿਸ਼ਟੀ ਤੋਂ ਟਿਵਾਣਾ ਦਾ ਇਹ ਨਾਵਲ ਪ੍ਰਸੰਸਾ ਮੰਗਦਾ ਹੈ।

ਦਲੀਪ ਕੌਰ ਟਿਵਾਣਾ ਦੇ ਸਾਰੇ ਨਾਵਲਾਂ ਨੂੰ ਸਾਹਮਣੇ ਰੱਖ ਕੇ ਤਾਰਾ ਸਿੰਘ ਨੇ ਲੇਖਿਕਾ ਦੀ ਚਿੰਤਨ-ਪ੍ਰਕ੍ਰਿਆ ਤੋਂ ਉਭਰੇ ਮਨੁੱਖੀ ਰਿਸ਼ਤਿਆਂ ਅਤੇ ਵਿਸ਼ੇਸ਼ ਕਰਕੇ ਇਸਤਰੀ-ਮਰਦ ਸੰਬੰਧਾਂ ਦੀ ਚਰਚਾ ਕੀਤੀ ਹੈ। ਇਹ ਯਤਨ ਵੀ ਸਲਾਹੁਣਯੋਗ ਹੈ ਕਿਉਂਕਿ ਅਜਿਹੀ ਸਮੱਗਰੀ ਦੁਆਰਾ ਖੋਜ-ਵਿਦਿਆਰਥੀਆਂ ਅਤੇ ਪਾਠਕਾਂ ਦੇ ਕਈ ਭੁਲੇਖੇ ਦੂਰ ਹੁੰਦੇ ਹਨ। ਪੁਸਤਕ ਦੇ ਲੇਖਕ ਨੇ ਸਪਸ਼ਟ ਸ਼ੈਲੀ ਵਿਚ ਆਪਣੇ ਵਿਚਾਰ ਪੇਸ਼ ਕੀਤੇ ਹਨ, ਲੋੜ ਅਨੁਸਾਰ ਨਾਵਲਾਂ ਵਿਚੋਂ ਮਿਸਾਲਾਂ ਵੀ ਦਿੱਤੀਆਂ ਹਨ। ਇਸ ਨਾਲ ਪੁਸਤਕ ਦਾ ਉਪਯੋਗੀ ਪੱਖ ਵਧਦਾ ਹੈ। ਲੇਖਕ ਨੇ ਡਾ. ਟਿਵਾਣਾ ਦੇ ਨਾਵਲਾਂ ਵਿਚ ਮਨੁੱਖੀ ਰਿਸ਼ਤਿਆਂ ਦਾ ਮੂਲ-ਬਿੰਦੂ ਸੰਸਕ੍ਰਿਤਿਕ ਕਦਰਾਂ-ਕੀਮਤਾਂ ਨੂੰ ਮੰਨਿਆ ਹੈ। ਇਹ ਸਥਾਪਨਾ ਕਿਸੇ ਹੱਦ ਤਕ ਠੀਕ ਵੀ ਹੈ ਪਰ ਇਸ ਦੀ ਅਧਾਰ-ਸ਼ਿਲਾ ਬਦਲੀ ਵੀ ਹੈ, ਸ਼ਾਇਦ ਇਸ ਵਿਚ ਚਿੰਤਨ-ਤ੍ਰੇੜ ਆਈ ਹੈ। ਇਸ ਕਾਰਨ ਲੇਖਿਕਾ ਦੇ ਸੱਜਰੇ ਨਾਵਲਾਂ ਵਿਚ ਅਧਾਰ ਭੂਤ ਪਰਿਵਰਤਨ ਆਇਆ ਹੈ। ਮਨੁੱਖੀ ਰਿਸ਼ਤੇ ਆਪਣੀ ਸਥਾਪਨ-ਇਕਾਈ ਨੂੰ ਤੋੜ ਕੇ ਸਮੂਹ ਨਾਲ ਮਿਲਣ ਲਈ ਉਤਾਵਲੇ ਹੋ ਉਠਦੇ ਹਨ। ਸੁਭਾਵਕਤਾ ਦੀ ਲੋਅ ਵਿਚ ਉਹ ਵਿਸ਼ਾਲਤਾ ਪ੍ਰਤਿ ਤੀਬਰ ਹੋ ਉਠਦੇ ਹਨ। 'ਦੂਨੀ ਸੁਹਾਵਾ ਬਾਗੁ' ਨਾਵਲ ਦਾ ਸਮੁੱਚਾ ਟੈਕਸਚਰ ਮੈਨੂੰ ਅਜਿਹਾ ਲਗਦਾ ਹੈ। ਬੇਜੀ ਤੇ ਬੀਬੀ ਰਾਮਦੇਈ, ਪਰੰਪਰਾ ਤੋਂ ਵਿਸ਼ਾਲਤਾ ਨੂੰ ਸਿਰਜਦੇ ਪਾਤਰ ਲਗਦੇ ਹਨ। ਇਹ ਰਚਨਾ ਆਪਣਾ ਸੰਕੇਤਾਤਮਕ ਅਰਥ ਅਤੇ ਵਿਸ਼ੇਸ਼ਤਾ ਰਖਦੀ ਹੈ।

ਤਾਰਾ ਸਿੰਘ ਨੇ ਡਾ. ਦਲੀਪ ਕੌਰ ਟਿਵਾਣਾ ਬਾਰੇ ਪੁਸਤਕ ਦੀ ਸਿਰਜਣਾ ਕਰਕੇ ਪੰਜਾਬੀ ਆਲੋਚਨਾ-ਜਗਤ ਵਿਚ ਗੁਣਾਤਮਕ ਵਾਧਾ ਕੀਤਾ ਹੈ। ਮਿਹਨਤ, ਲਗਨ ਤੇ ਸਤਿਕਾਰ ਕਾਰਨ ਇਹ ਪੁਸਤਕ ਧਿਆਨ ਖਿਚਦੀ ਹੈ। ਮੈਂ ਇਸ ਦਾ ਸੁਆਗਤ ਕਰਦਾ ਹਾਂ - ਇਸ ਆਸ ਨਾਲ ਕਿ ਡਾ. ਤਾਰਾ ਸਿੰਘ ਲੇਖਕ - ਬਰਾਦਰੀ ਦਾ ਅੰਗ ਬਣਿਆ ਰਹੇਗਾ।

(ਮਨਮੋਹਨ ਕੇਸਰ)

## ਪ੍ਰਾਪਤ ਪੁਸਤਕਾਂ

**ਆਲੋਚਨਾ**

1. ਪ੍ਰਸੰਗਵਸ : ਡਾ. ਚਮਨ ਲਾਲ,
   ਪੰਨੇ : 342, ਮੁੱਲ 200 ਰੁਪਏ, ਸਪਤ ਸਿੰਧੂ ਪਬਲੀਕੇਸ਼ਨਜ਼, ਦਿੱਲੀ
2. ਪੰਜਾਬੀ ਆਲੋਚਨਾ, ਸਿਧਾਂਤ ਤੇ ਵਿਹਾਰ : ਹਰਿਭਜਨ ਸਿੰਘ ਭਾਟੀਆ
   ਪੰਨੇ : 240, ਮੁੱਲ 180 ਰੁਪਏ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
3. ਪਾਕਿਸਤਾਨੀ ਪੰਜਾਬੀ ਸਾਹਿਤ : ਡਾ. ਗੁਰਚਰਨ ਸਿੰਘ ਮਹਿਤਾ
   ਪੰਨੇ : 148, ਮੁੱਲ 100 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
4. ਸਮੀਖਿਆ ਪ੍ਰਤੀਮਾਨ : ਸੰ: ਡਾ. ਸੁਰਜੀਤ ਬਰਾੜ, ਨਰਿੰਦਰ ਸ਼ਰਮਾ
   ਪੰਨੇ : 96, ਮੁੱਲ 70 ਰੁਪਏ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ
5. ਪੰਜਾਬੀ ਕਹਾਣੀ ਬਦਲਦੇ ਪਰਿਪੇਖ : ਜੀਤ ਸਿੰਘ ਜੋਸ਼ੀ
   ਪੰਨੇ : 204, ਮੁੱਲ 70 ਰੁਪਏ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ
6. ਨਾਨਕ ਸਿੰਘ - ਇਕ ਪੁਨਰ ਮੁਲੰਕਣ : ਕਰਮਵੀਰ ਸਿੰਘ, ਹਰਪ੍ਰੀਤ ਸਿੰਘ ਰਾਣਾ (ਸੰਪਾ)
   ਪੰਨੇ : 136, ਮੁੱਲ 120 ਰੁਪਏ, ਗੁੰਚਾ ਪਬਲੀਕੇਸ਼ਨਜ਼, ਪਟਿਆਲਾ
7. ਡਾ. ਅਤਰ ਸਿੰਘ ਆਲੋਚਨਾ ਚਿੰਤਨ : ਡਾ. ਸਰਬਜੀਤ ਸਿੰਘ (ਸੰਪਾਦਕ)
   ਪੰਨੇ : 93, ਮੁੱਲ 60 ਰੁਪਏ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

**ਨਾਵਲ**

1. ਹਰਨਾਮ ਹੀਰਾ : ਅਮਰਜੀਤ ਸਿੰਘ (ਡਾ.)
   ਪੰਨੇ : 128, ਮੁੱਲ 100 ਰੁਪਏ, ਏਸ਼ੀਆ ਵਿਜ਼ਨ, ਲੁਦਿਹਾਣਾ
2. ਫਤਹਿ : ਜਸਬੀਰ ਕਾਲਰਵੀ
   ਪੰਨੇ : 136, ਮੁੱਲ 75 ਰੁਪਏ, ਹਰਕਾਰਾ ਪ੍ਰਕਾਸ਼ਨ, ਜਲੰਧਰ
3. ਨਿਧਾਨਾ ਸਾਧ ਨਹੀਂ : ਬਲਵੰਤ ਸਿੰਘ
   ਪੰਨੇ : 198, ਮੁੱਲ 50 ਰੁਪਏ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ
4. ਟੁੱਟੇ ਘਰਾਂ ਦੀ ਦਾਸਤਾਨ : ਸੰਤਵੀਰ
   ਪੰਨੇ : 74, ਮੁੱਲ 40 ਰੁਪਏ, ਸਾਂਝ ਪ੍ਰਕਾਸ਼ਨ, ਰੋਪੜ
5. ਮੈਂ ਕੌਣ : ਕੇਵਲ ਸੂਦ
   ਪੰਨੇ : 164, ਮੁੱਲ : 110 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ
6. ਮਿੱਟੀ ਨਾ ਫਰੋਲ ਜੋਗੀਆ : ਅਸ਼ਵਨੀ ਗੁਪਤਾ
   ਪੰਨੇ :120, ਮੁੱਲ 70 ਰੁਪਏ, ਨੈਸ਼ਨਲ ਬੁਕ ਸ਼ਾਪ, ਦਿੱਲੀ

**ਕਹਾਣੀ**

1. ਦੂਸਰੀ ਮਾ : ਬਲਦੇਵ ਸਿੰਘ
   ਪੰਨੇ : 143, ਮੁੱਲ 120 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
2. ਮੈਂ ਸ਼ੈਤਾਨ ਤੇ ਇੰਦੂਮਤੀ : ਭਗਵੰਤ ਰਸੂਲਪੁਰੀ
   ਪੰਨੇ : 88, ਮੁੱਲ 20 ਰੁਪਏ, ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨ, ਖੰਨਾ
3. ਖੌਲਦੇ ਪਾਣੀ : ਮੱਖਣ ਮਾਨ
   ਪੰਨੇ : 100, ਮੁੱਲ 70 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ
4. ਪਿੰਡ, ਪਲੇਟਫਾਰਮ ਤੇ ਮਹਾਂਨਗਰ : ਸੁਖਮਿੰਦਰ ਸੇਖੋਂ
   ਪੰਨੇ : 125, ਮੁੱਲ 100 ਰੁਪਏ
5. ਹਾਦਸੇ, ਹਵਾਲੇ ਤੇ ਸਲੀਬਾ : ਬਲਜੀਤ ਕੌਰ ਬਲੀ
   ਪੰਨੇ : 144, ਮੁੱਲ 120 ਰੁਪਏ, ਨੈਸ਼ਨਲ ਬੁੱਕ ਸ਼ਾਪ, ਦਿੱਲੀ
6. ਮਹਾਂਨਗਰ : ਐੱਸ ਬਲਵੰਤ
   ਪੰਨੇ : 103, ਮੁੱਲ 90 ਰੁਪਏ, ਅਜੰਤਾ ਬੁਕਸ ਇੰਟਰਨੈਸ਼ਨਲ, ਦਿੱਲੀ
7. ਇਹ ਕਹਾਣੀਆਂ : ਸਰਵਮੀਤ (ਸੰਪਾ.)
   ਪੰਨੇ : 104, ਮੁੱਲ 20 ਰੁਪਏ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਚੰਡੀਗੜ੍ਹ
8. ਵਗਦੇ ਪਾਣੀ : ਮੱਖਣ ਮਾਨ (ਸੰਪਾ.)
   ਪੰਨੇ : 86, ਮੁੱਲ 30 ਰੁਪਏ, ਖਾਂਬਰਾ ਪ੍ਰਕਾਸ਼ਨ, ਜਲੰਧਰ
9. ਮੁੱਠੀ ਵਿਚੋਂ ਕਿਰਦਾ ਮਾਰੂਥਲ : ਗੁਰਪਾਲ ਸਿੰਘ ਲਿੱਟ
   ਪੰਨੇ : 62, ਮੁੱਲ 30 ਰੁਪਏ, ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨ, ਖੰਨਾ
10. ਜਦ ਵੀ ਚਾਹੇਂ ਮਾ : ਗੁਰਪਾਲ ਸਿੰਘ ਲਿੱਟ
    ਪੰਨੇ : 87, ਮੁੱਲ 20 ਰੁਪਏ, ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨ, ਖੰਨਾ
11. ਇਕ ਹਾਦਸੇ ਦੇ ਆਰ-ਪਾਰ : ਗੁਰਪਾਲ ਸਿੰਘ ਲਿੱਟ
    ਪੰਨੇ : 119, ਮੁੱਲ 20 ਰੁਪਏ, ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨ, ਖੰਨਾ



12. ਕੁਝ ਸਲੀਬਾਂ ਦੇ ਸੰਗ : ਗੁਰਪਾਲ ਸਿੰਘ ਲਿੱਟ
    ਪੰਨੇ : 78, ਮੁੱਲ 20 ਰੁਪਏ, ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨ, ਖੰਨਾ
13. ਅੰਨ੍ਹੀ ਥੇਹ : ਅਤਰਜੀਤ
    ਪੰਨੇ : 148, ਮੁੱਲ 70 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
14. ਅੱਧੀ ਧਰਤੀ ਅੱਧਾ ਅਕਾਸ਼ : ਜਿੰਦਰ (ਸੰਪਾ)
    ਪੰਨੇ : 96, ਮੁੱਲ 25 ਰੁਪਏ, ਖਾਬਰਾ ਪ੍ਰਕਾਸ਼ਨ, ਜਲੰਧਰ
15. ਸ਼ਿਕਾਰ : ਡਾ. ਸੁਰਜੀਤ ਬਰਾੜ ਤੇ ਨਰਿੰਦਰ ਸ਼ਰਮਾ (ਅਨੁ. ਤੇ ਸੰਪਾ.)
    ਪੰਨੇ : 106, ਮੁੱਲ 15 ਰੁਪਏ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਚੰਡੀਗੜ੍ਹ
16. ਪੱਛਮੀ ਪੌਣਾ : ਸੁਰਿੰਦਰ ਕੈਲੇ (ਸੰਪਾ.)
    ਪੰਨੇ : 64, ਮੁੱਲ 60 ਰੁਪਏ, ਅਣੂ ਮੰਚ, ਲੁਧਿਆਣਾ
17. ਧੁੰਦ ਛਟਣ ਤੋਂ ਪਹਿਲਾ : ਸੁਰਿੰਦਰ ਕੈਲੇ
    ਪੰਨੇ : 92, ਮੁੱਲ 80 ਰੁਪਏ, ਅਣੂ ਮੰਚ, ਲੁਧਿਆਣਾ
18. ਗਾਥਾ ਇਕ ਪਿੰਡ ਦੀ : ਬਲਬੀਰ ਪਰਵਾਨਾ
    ਪੰਨੇ : 96, ਮੁੱਲ 10 ਰੁਪਏ, ਜ਼ਿੰਦਗੀ ਪ੍ਰਕਾਸ਼ਨ ਚਨੌਰ (ਹੁਸ਼ਿਆਰਪੁਰ)
19. ਜ਼ਮੀਨ ਤੇ ਜਵਾਨੀ : ਬਲਬੀਰ ਪਰਵਾਨਾ
    ਪੰਨੇ : 80, ਮੁੱਲ 8 ਰੁਪਏ, ਜ਼ਿੰਦਗੀ ਪ੍ਰਕਾਸ਼ਨ, ਚਨੌਰ, (ਹੁਸ਼ਿਆਰਪੁਰ)
20. ਮੇਰੇ ਹਿੱਸੇ ਦਾ ਆਸਮਾਨ : ਹਮਦਰਦਵੀਰ ਨੌਸ਼ਹਿਰਵੀ
    ਪੰਨੇ : 209, ਮੁੱਲ 85 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
21. ਮੁਕਤੀ ਲਈ ਭਟਕਦੇ ਮੱਠ : ਸ਼ਮਸ਼ੇਰ ਢਪਾਲੀ
    ਪੰਨੇ : 132, ਮੁੱਲ 75 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ
22 ਬਰਤਾਨਵੀ ਲੇਖਕਾਵਾਂ ਦੀਆ ਉਰਦੂ ਕਹਾਣੀਆ : ਗੁਰਦਿਆਲ ਸਿੰਘ ਰਾਏ (ਸੰਪਾ.)
    ਪੰਨੇ : 104, ਮੁੱਲ 80 ਰੁਪਏ, ਲਿਟਰੇਚਰ ਹਾਊਸ, ਅੰਮ੍ਰਿਤਸਰ
23. ਸੰਦਰਭ ਗੁਆਚ ਜਾਂਦੇ ਹਨ : ਕੇਵਲ ਸੂਦ
    ਪੰਨੇ : 45, ਮੁੱਲ 60 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ
24. ਕਾਲੀ ਮੇਮ : ਹਰਿੰਦਰ ਸਿੰਘ ਬਜਾਜ
    ਪੰਨੇ : 144, ਮੁੱਲ 70 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
25. ਮੱਸਿਆ ਦੀ ਰਾਤ : ਪਵਨ ਪਰਿੰਦਾ
    ਪੰਨੇ : 70, ਮੁੱਲ 20 ਰੁਪਏ, ਚੇਤਨਾ ਪ੍ਰਕਾਸ਼ਨ, ਬਰਨਾਲਾ
26. ਪੋਹਲੀ ਦੇ ਕੰਡੇ : ਹਰਭਜਨ ਸਿੰਘ ਨਿੱਝਰ
    ਪੰਨੇ : 108, ਮੁੱਲ 40 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
27. ਨਰਕ ਕੁੰਡ : ਅਜਮੇਰ ਸਿੱਧੂ, ਮਾਸਟਰ ਜਗਦੀਸ਼ (ਸੰਪਾ.)
    ਪੰਨੇ : 95, ਮੁੱਲ 15 ਰੁਪਏ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ

**ਕਵਿਤਾ** :

1. ਜਾਗਦੇ ਅੱਖਰ : ਸੁਖਵਿੰਦਰ ਕੰਬੋਜ
   ਪੰਨੇ : 128, ਮੁੱਲ 135 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ
2. ਸੁਰਖੀਆਂ : ਗੁਰੂਮੇਲ
   ਪੰਨੇ : 79, ਮੁੱਲ 100 ਰੁਪਏ, ਪੈਰਾਗੋਨ ਪਬਲਿਸ਼ਰਜ਼, ਲੁਧਿਆਣਾ
3. ਚੇਤਨਾ-ਅਵਚੇਤਨਾ (ਗਜ਼ਲ ਸੰਗ੍ਰਹਿ) : ਬਲਵਿੰਦਰ ਰਿਸ਼ੀ
   ਪੰਨੇ : 112, ਮੁੱਲ 60 ਰੁਪਏ, ਨੈਸ਼ਨਲ ਬੁੱਕ ਸ਼ਾਪ, ਦਿੱਲੀ
4. ਇਰਾਵਤੀ ਸੁਣਦੀ ਰਹੀ : ਬਲਵਿੰਦਰ ਰਿਸ਼ੀ
   ਪੰਨੇ : 147, ਮੁੱਲ 100 ਰੁਪਏ, ਅੰਗਦ ਪਬਲਿਸ਼ਰਜ਼, ਜਲੰਧਰ
5. ਕਿੱਸਿਆ ਦੇ ਕੈਦੀ : ਸੁਖਪਾਲ ਸੰਘੇੜਾ
   ਪੰਨੇ : 100, ਮੁੱਲ 100 ਰੁਪਏ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਚੰਡੀਗੜ੍ਹ
6. ਕਾਲੇ ਹਰਫਾਂ ਦੀ ਲੋਅ (ਗਜ਼ਲਾਂ) : ਜਸਵਿੰਦਰ
   ਪੰਨੇ : 72, ਮੁੱਲ 30 ਰੁਪਏ, ਗੁਰਦੇਵ ਪ੍ਰਕਾਸ਼ਨ, ਲੁਧਿਆਣਾ
7. ਆਪਣੇ ਆਪਣੇ ਖੰਭ (ਗਜ਼ਲਾਂ) : ਐੱਸ ਤਰਸੇਮ (ਸੰਪਾ.)
   ਪੰਨੇ : 136, ਮੁੱਲ 100 ਰੁਪਏ, ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ, ਮਾਲੇਰਕੋਟਲਾ
8. ਬੂੰਦ ਬੂੰਦ ਬਰਸਾਤ : ਰਮਨ
   ਪੰਨੇ : 44, ਮੁੱਲ 25 ਰੁਪਏ, ਸ਼ਬਦਲੋਕ ਪ੍ਰਕਾਸ਼ਨ ਲੁਧਿਆਣਾ
9. ਜਾਗਦੇ ਸ਼ਬਦ : ਮਨਜੀਤ ਕਾਦਰ
   ਪੰਨੇ 80, ਮੁੱਲ 15 ਰੁਪਏ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਚੰਡੀਗੜ੍ਹ
10. ਤੰਦੂਏ ਵਾਲੀ ਸੜਕ : ਜਗਬੀਰ ਸਿੰਘ
    ਪੰਨੇ : 95, ਮੁੱਲ 85 ਰੁਪਏ, ਜੰਡੂ ਪਬਲੀਕੇਸ਼ਨਜ਼, ਨਾਭਾ

11. ਚਿੱਟੇ ਲਫ਼ਜ਼ ਉਦਾਸੇ ਰੰਗ : ਸੁਖਦੇਵ ਸਿੰਘ ਗਰੇਵਾਲ
ਪੰਨੇ : 72, ਮੁੱਲ 60 ਰੁਪਏ, ਲਾਹੌਰ ਬੁੱਕ ਸ਼ਾਪ, ਲੁਧਿਆਣਾ

12. ਇਹ ਗੀਤ ਬੜਬੋਲਾ : ਸੁਰਿੰਦਰ ਕਾਹਲੋਂ
ਪੰਨੇ : 132, ਮੁੱਲ 100 ਰੁਪਏ, ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ

13. ਜਲਤਰੰਗ (ਗ਼ਜ਼ਲਾਂ) : ਕ੍ਰਿਸ਼ਨ ਭਨੋਟ
ਪੰਨੇ : 80, ਮੁੱਲ 30 ਰੁਪਏ, ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨ, ਖੰਨਾ

14. ਹੁਣ ਤਾਂ : ਸੁਰਜੀਤ ਹਾਂਸ,
ਪੰਨੇ : 52, ਮੁੱਲ 50 ਰੁਪਏ, ਲਕੀਰ ਪ੍ਰਕਾਸ਼ਨ, ਜਲੰਧਰ

15. ਅਣਵਗੇ ਅੱਥਰੂ : ਕੇਸਰ ਸਿੰਘ ਨੀਰ
ਪੰਨੇ : 64, ਮੁੱਲ 40 ਰੁਪਏ, ਆਦਰਸ਼ ਸਾਹਿਤ ਪ੍ਰਕਾਸ਼ਨ, ਜਗਰਾਉਂ

16. ਅਮਨ ਦੀ ਲੋਅ : ਅਮਰੀਕ ਸਿੰਘ ਅਮਨ
ਪੰਨੇ : 112, ਲੋਅ ਪ੍ਰਕਾਸ਼ਨ, ਅੰਮ੍ਰਿਤਸਰ

17. ਨਵੀਆਂ ਪੈੜਾਂ : ਧਰਮ ਕੰਮੇਆਣਾ
ਪੰਨੇ : 72, ਮੁੱਲ 72 ਰੁਪਏ, ਸੁਨਾਵਰ ਪਲਬੀਕੇਸ਼ਨਜ਼, ਪਟਿਆਲਾ

18. ਕਾਗਜ਼ ਕੰਦਰਾਂ : ਦੇਵਨੀਤ
ਪੰਨੇ : 64, ਮੁੱਲ 80 ਰੁਪਏ, ਅਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ

19. ਸ਼ਬਦਾਂ ਦੀ ਮਰਜ਼ੀ : ਗੁਰਪ੍ਰੀਤ
ਪੰਨੇ : 64, ਮੁੱਲ 80 ਰੁਪਏ, ਅਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ

20. ਭਰੂਣ ਤੋਂ ਪਹਿਲਾਂ : ਜਸਵੀਰ ਸ਼ੀਰੀ
ਪੰਨੇ : 52, ਮੁੱਲ 30 ਰੁਪਏ, ਦੇਸ ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ

21. ਸਿਮਰਤੀਆਂ ਦੇ ਵਾਵਰੋਲੇ : ਫੁਲੇਲ ਸਿੰਘ ਫੁੱਲ
ਪੰਨੇ : 84, ਮੁੱਲ 60 ਰੁਪਏ, ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ

22. ਸਾਗਰ ਵਿਚਲੇ ਰੇਗਿਸਤਾਨ : ਜੀ. ਐਸ. ਗਿੱਲ
ਪੰਨੇ : 112, ਮੁੱਲ 124 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

23. ਕਵਿਤਾ ਮੈਨੂੰ ਲਿਖਦੀ ਹੈ : ਇਕਬਾਲ
ਪੰਨੇ : 67, ਮੁੱਲ 74 ਰੁਪਏ, ਨਵਯੁੱਗ ਪਬਲਿਸ਼ਰਜ਼, ਦਿੱਲੀ

24. ਹਵਾ ਦੇ ਵਰਕੇ : ਦੇਵਿੰਦਰ
ਪੰਨੇ : 56, ਮੁੱਲ 15 ਰੁਪਏ, ਕਾਫ਼ਲੇ ਪ੍ਰਕਾਸ਼ਨ, ਚੰਡੀਗੜ੍ਹ

25. ਅੰਦਰਲੀ ਤਪਸ਼ : ਰੁਪਿੰਦਰ ਮਾਨ
ਪੰਨੇ : 62, ਮੁੱਲ 50 ਰੁਪਏ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ

26. ਸੰਦਲੀ ਹਵਾ : ਤੇਜਾ ਸਿੰਘ ਰੌਂਤਾ
ਪੰਨੇ : 72, ਮੁੱਲ 20 ਰੁਪਏ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ

27. ਠੀਕਰੀ ਪਹਿਰਾ : ਹਰਜਿੰਦਰ ਕੰਗ
ਪੰਨੇ 64, ਮੁੱਲ 65 ਰੁਪਏ, ਲਾਹੌਰ ਬੁੱਕ ਸ਼ਾਪ, ਲੁਧਿਆਣਾ

28. ਮੈਂ ਕਦੋਂ ਚਾਹਿਆ ਸੀ : ਅੰਗ੍ਰੇਜ਼ ਕਲੇਰ
ਪੰਨੇ : 86, ਮੁੱਲ 80 ਰੁਪਏ, ਬਲਦੇ ਅੱਖਰ ਪ੍ਰਕਾਸ਼ਨਾ, ਰਾਜਪੁਰਾ

29. ਘਰੋਂ ਤੁਰਦੀਆਂ ਪੈੜਾਂ : ਸ਼ਮਸ਼ੇਰ ਢਪਾਲੀ
ਪੰਨੇ : 64, ਮੁੱਲ 15 ਰੁਪਏ, ਪਾਰਦਰਸ਼ੀ ਪਬਲਿਸ਼ਰਜ਼, ਬਰਨਾਲਾ

30. ਅਜੇ ਜ਼ਿੰਦਗੀ ਸਹਿਮੀ ਸਹਿਮੀ : ਓਮ ਪ੍ਰਕਾਸ਼ ਅਤਰੇ
ਪੰਨੇ : 80, ਮੁੱਲ 45 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

31. ਮੈਂ ਤਾ ਚਾਹਵਾਂ ਬਣੇ ਤੂੰ ਰਾਮ : ਪਰਤਾਪ ਸਿੰਘ ਕੁਮਾਰ 'ਰਾਹੀ'
ਪੰਨੇ : 112, ਮੁੱਲ 100 ਰੁਪਏ, ਕੁਮਾਰ ਪਬਲਿਸ਼ਰਜ਼, ਨਵੀਂ ਦਿੱਲੀ

32. ਵਹਿੰਦੇ ਦਰਿਆ : ਸ਼ਮਸ਼ੇਰ ਸਿਘ ਬੈਹਿਰਾ
ਪੰਨੇ : 80, ਮੁੱਲ 50 ਰੁਪਏ, ਪ੍ਰਤੀਕ ਪਬਲੀਕੇਸ਼ਨਜ਼, ਲੁਧਿਆਣਾ

33. ਏਕ ਓਂਕਾਰ ਤੈਨੂੰ ਨਮਸਕਾਰ : ਕ੍ਰਿਸ਼ਨ ਲਾਲ ਪਰਵਾਨਾ
ਪੰਨੇ : 64, ਮੁੱਲ 100 ਰੁਪਏ, ਕੇ. ਲਾਲ ਐਂਡ ਕੰਪਨੀ, ਜਲੰਧਰ

34. ਚਾਨਣ ਦਾ ਹੋਕਾ : ਕਰਤਾਰ ਸਿੰਘ ਕਲੜਾ
ਪੰਨੇ : 80, ਮੁੱਲ 60 ਰੁਪਏ, ਸਤਕਰਤਾਰ ਪ੍ਰਕਾਸ਼ਨ, ਲੁਧਿਆਣਾ

35. ਕਸਤੂਰੀ ਦੀ ਮਹਿਕ : ਮਨਮੋਹਨ ਕੌਰ
ਪੰਨੇ : 103, ਮੁੱਲ 50 ਰੁਪਏ, ਸੰਦੀਪ ਪਬਲੀਕੇਸ਼ਨਜ਼, ਚੰਡੀਗੜ੍ਹ

36. ਸੰਘਰਸ਼ੀ ਰਾਹਾ : ਈਸ਼ਰ ਸਿੰਘ 'ਪਾਸੀ'
ਪੰਨੇ : 86, ਮੁੱਲ 34 ਰੁਪਏ, ਪਾਸੀ ਪ੍ਰਕਾਸ਼ਨ, ਪਟਿਆਲਾ

37. ਚਿੱਟਾ ਲਿਬਾਸ : ਹਰਜੀਤ ਸਿੰਘ
ਪੰਨੇ : 40, ਮੁੱਲ 15 ਰੁਪਏ, ਹਰਜੋਤ ਪ੍ਰਕਾਸ਼ਨ, ਮੋਰਿੰਡਾ



38. ਦ੍ਰਿਸ਼ਟੀ : ਡਾ. ਦੰਦੀਵਾਲ
ਪੰਨੇ : 54, ਮੁੱਲ 105 ਰੁਪਏ, ਇੰਟਰਨੈਸ਼ਨਲ ਐਜੂਕੇਸ਼ਨ ਮਿਸ਼ਨ

39. ਮੁਹੱਬਤਾ ਦੇ ਫੁੱਲ : ਹਰੀ ਸਿੰਘ ਬਰਨ
ਪੰਨੇ : 100, ਮੁੱਲ 20 ਰੁਪਏ, ਨਿਰਾਲਾ ਕਾਵਿ-ਮੰਚ, ਮਲਕਪੁਰ (ਲੁਧਿਆਣਾ)

40 ਕਾਲੀ ਕਵੀਸ਼ਰੀ : ਖੋਜੀ ਕਾਫ਼ਿਰ
ਪੰਨੇ : 89, ਮੁੱਲ 60 ਰੁਪਏ, ਸੰਦੀਪ ਪਬਲਿਸ਼ਰਜ਼, ਚੰਡੀਗੜ੍ਹ

**ਨਾਟਕ**

1. ਕਟਹਿਰਾ : ਜਗਦੀਸ਼
ਪੰਨੇ : 77, ਮੁੱਲ 20 ਰੁਪਏ, ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨ, ਖੰਨਾ

2. ਮਨਫ਼ੀ ਭਾਗ ਗੁਣਾ ਜ਼ੀਰੋ (ਕਾਵਿ-ਨਾਟਕ) : ਜੋਗੇ ਭੰਗਲ
ਪੰਨੇ : 85, ਮੁੱਲ 40 ਰੁਪਏ, ਗਿੰਨੀ-ਬਿੰਨੀ ਪਬਲੀਕੇਸ਼ਨਜ਼, ਚੰਡੀਗੜ੍ਹ

**ਵਾਰਤਕ**

1. ਤਰਵੰਜਾ ਪੱਤੇ : ਕੇ. ਐਲ. ਗਰਗ
ਪੰਨੇ : 170, ਮੁੱਲ 80 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

2. ਬਾਤਾਂ ਵਤਨ ਦੀਆਂ : ਸਰਵਣ ਸਿੰਘ
ਪੰਨੇ : 168, ਮੁੱਲ 35 ਰੁਪਏ, ਲਾਹੌਰ ਬੁੱਕ ਸ਼ਾਪ, ਲੁਧਿਆਣਾ

3. ਬਾਬਾ ਕਿੱਥੇ ਗਏ : ਸੁਰੇਸ਼ ਰਤਨ
ਪੰਨੇ : 74, ਮੁੱਲ 95 ਰੁਪਏ, ਮਾਡਰਨ ਪ੍ਰੈਕਟੀਕਲ ਸਾਈਕੋਲੋਜੀ, ਅੰਮ੍ਰਿਤਸਰ

4. ਗਦਰ ਦੀ ਲਲਕਾਰ : ਬਾਬਾ ਜਵਾਲਾ ਸਿੰਘ
ਪੰਨੇ : 64, ਮੁੱਲ 8 ਰੁਪਏ, ਰੈਡੀਕਲ ਪਬਲੀਕੇਸ਼ਨਜ਼, ਮਾਨਸਾ.

5. ਸਲੀਬ ਤੇ ਲਟਕਲਾ ਖੁਦਾ : ਕੁਲਬੀਰ ਸਿੰਘ ਕਾਂਗ
ਪੰਨੇ : 112, ਮੁੱਲ 25 ਰੁਪਏ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਚੰਡੀਗੜ੍ਹ

6. ਹੋਚੀਮਿਨ (ਜੀਵਨੀ) : ਸੂਫ਼ੀ ਅਮਰਜੀਤ
ਪੰਨੇ :172, ਮੁੱਲ 50 ਰੁਪਏ, ਚਿਰਾਗ ਪ੍ਰਕਾਸ਼ਨ, ਜਲੰਧਰ

7. ਪਿਛਲਾ ਪਿੰਡ (ਸਿਮ੍ਰਿਤੀ-ਸੰਗ੍ਰਹਿ), ਹਰਭਜਨ ਸਿੰਘ ਹੁੰਦਲ
ਪੰਨੇ : 112, ਮੁੱਲ 40 ਰੁਪਏ, ਚਿਰਾਗ ਪ੍ਰਕਾਸ਼ਨ, ਜਲੰਧਰ

8. ਮੇਰੀ ਅਧੂਰੀ ਪਾਕਿਸਤਾਨ ਯਾਤਰਾ : ਅਜੀਤ ਕੁਮਾਰ
ਪੰਨੇ : 104, ਮੁੱਲ 60 ਰੁਪਏ, ਲੇਖਕ ਪਰਿਸ਼ਦ, ਅਬੋਹਰ


## 'ਸਿਰਜਣਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | 225-ਬੀ, ਮਖਦੂਮਪੁਰਾ, ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈਮਾਸਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| 4. ਕੌਮੀਅਤ | ਭਾਰਤੀ |
| 5. ਪਤਾ | 225-ਬੀ, ਮਖਦੂਮਪੁਰਾ ਜਲੰਧਰ |
| 6. ਸੰਪਾਦਕ | ਰਘਬੀਰ ਸਿੰਘ |
| 7. ਕੌਮੀਅਤ | ਭਾਰਤੀ |
| 8. ਪਤਾ | 1728, ਸੈਕਟਰ 43-ਬੀ, ਚੰਡੀਗੜ੍ਹ |


ਮੈਂ ਸੁਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ 28 ਫਰਵਰੀ 1997 ਦਸਖਤ : ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

## ਸਿਰਜਣਾ - ਫੰਡ ਬਾਰੇ ਕੁਝ ਹੋਰ

ਪਿਛਲੇ ਅੰਕ ਵਿਚ ਬਹੁਤ ਝਿਜਕਦਿਆਂ ਹੋਇਆਂ ਪਰ 'ਸਿਰਜਣਾ' ਦੇ ਹਿਤੈਸ਼ੀਆਂ ਦੀ ਨਿਰੰਤਰ ਪ੍ਰੇਰਣਾ ਕਾਰਨ 'ਸਿਰਜਣਾ ਫੰਡ' ਦੀ ਸਥਾਪਨਾ ਦਾ ਐਲਾਨ ਕੀਤਾ ਗਿਆ ਸੀ। ਪਿਛਲਾ ਅੰਕ-**103** ਬਹੁਤ ਹੀ ਪਛੜਕੇ ਛਪਿਆ ਸੀ। ਇਸ ਪਛੜੇਵੇਂ ਨੂੰ ਦੂਰ ਕਰਨ ਲਈ ਹੱਥਲਾ ਅੰਕ ਉਸ ਅੰਕ ਦੇ ਛਪਣ ਤੋਂ ਕੁਝ ਹੀ ਹਫਤਿਆਂ ਦੇ ਵਕਫੇ ਨਾਲ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਹਨਾਂ ਦੋਹਾਂ ਅੰਕਾਂ ਦੇ ਪ੍ਰਕਾਸ਼ਨ ਦੇ ਸਮੇਂ ਵਿਚਲੀ ਵਿੱਥ ਬਹੁਤ ਥੋੜੀ ਹੋਣ ਕਾਰਨ 'ਸਿਰਜਣਾ ਫੰਡ' ਲਈ ਪਾਠਕਾਂ-ਲੇਖਕਾਂ ਦੇ ਹੁੰਗਾਰੇ ਦਾ ਅਜੇ ਪਤਾ ਨਹੀਂ ਅਤੇ ਇਉਂ ਇਸਦਾ ਯਥਾਯੋਗ ਵੇਰਵਾ ਦੇਣਾ ਹਾਲੇ ਸੰਭਵ ਨਹੀਂ। ਤਦ ਵੀ ਕੁਝ ਬਹੁਤ ਹੀ ਉਤਸ਼ਾਹੀ ਮਿੱਤਰਾਂ ਤੇ ਲੇਖਕਾਂ ਨੇ ਆਪਣੇ ਯੋਗਦਾਨ ਵਜੋਂ ਰਕਮ ਭੇਜ ਵੀ ਦਿੱਤੀ ਹੈ ਅਤੇ ਨਿਜੀ ਸੰਪਰਕ ਨਾਲ ਕਈਆਂ ਨੇ ਭਰਵਾਂ ਹੁੰਗਾਰਾ ਦਿੰਦਿਆਂ ਆਪਣੇ ਯੋਗਦਾਨ ਲਈ ਏਨੀ ਵੱਡੀ ਰਾਸ਼ੀ ਜਮ੍ਹਾਂ ਕਰਾਉਣ ਦਾ ਵਾਅਦਾ ਕੀਤਾ ਹੈ, ਜਿਸਦੀ ਸਾਧਾਰਨ ਤੌਰ 'ਤੇ ਤਵੱਕੋ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਦੇ ਮਿੱਤਰਾਂ ਦਾ ਤਾਂ ਕਹਿਣਾ ਹੈ ਕਿ ਪਿਛਲੇ ਤੀਹ ਸਾਲਾਂ ਦੌਰਾਨ ਬਣੀ 'ਸਿਰਜਣਾ' ਦੀ ਪ੍ਰਤਿਸ਼ਠਾ ਦੇ ਸਨਮੁਖ ਇਸ ਲਈ ਪੰਜ ਕੁ ਲੱਖ ਦੀ ਰਾਸ਼ੀ ਜਮ੍ਹਾਂ ਕਰਨੀ ਕੋਈ ਵੱਡਾ ਟੀਚਾ ਨਹੀਂ। ਖੈਰ ਅਗਲੇ ਅੰਕ ਵਿਚ ਇਸ ਬਾਰੇ ਨਿਸ਼ਚੇ ਹੀ ਵੇਰਵੇ ਸਹਿਤ ਗੱਲ ਕੀਤੀ ਜਾਵੇਗੀ। ਹਾਲ ਦੀ ਘੜੀ ਇਹੀ ਗੱਲ ਮੁੜ ਦੁਹਰਾਉਣੀ ਬਣਦੀ ਹੈ ਕਿ 'ਸਿਰਜਣਾ' ਨੂੰ ਚੱਲਦਾ ਰੱਖਣਾ, ਇਸਦੀ ਪਹੁੰਚ ਤੇ ਪੱਧਰ ਨੂੰ ਬਣਾਈ ਰੱਖਣਾ ਹੁਣ ਇਕੱਲੇ ਇਸਦੇ ਸੰਪਾਦਕ ਦੀ ਜ਼ਿੰਮੇਵਾਰੀ ਨਾ ਹੀ ਰਹਿ ਸਕਦੀ ਹੈ ਅਤੇ ਨਾ ਹੀ ਰਹਿਣੀ ਚਾਹੀਦੀ ਹੈ। ਉਸਾਰੂ ਮਾਨਵਵਾਦੀ ਕਦਰਾਂ-ਕੀਮਤਾਂ ਨਾਲ ਪਰਨਾਇਆ ਪੰਜਾਬੀ ਸਾਹਿਤ-ਜਗਤ ਜੇ ਆਪਣੀਆਂ ਸਾਹਿਤਕ ਸਭਿਆਚਾਰਕ ਸੰਸਥਾਵਾਂ ਨੂੰ ਕਾਇਮ ਰੱਖਣ ਦੀ ਲੋੜ ਨੂੰ ਸਮਝਦਾ ਹੈ ਤਾਂ ਉਸਨੂੰ ਆਪਣੇ ਤੌਰ 'ਤੇ ਅਵੱਸ਼ ਕੁਝ ਕਰਨਾ ਪਏਗਾ। ਨਿਰਮਾਣਤਾ ਦਾ ਪੱਲਾ ਨਾ ਛਡਦਿਆਂ ਹੋਇਆਂ ਇਹ ਤਾਂ ਕਿਹਾ ਹੀ ਜਾ ਸਕਦਾ ਹੈ ਕਿ 'ਸਿਰਜਣਾ' ਦੇ ਪਿਛਲੇ ਤਿੰਨ ਦਹਾਕਿਆਂ ਦੇ ਕਾਰ-ਵਿਹਾਰ ਸਦਕਾ ਹੁਣ ਇਸਦੇ ਇਕ ਸੰਸਥਾ ਹੋਣ ਬਾਰੇ ਸੰਦੇਹ ਦੀ ਗੁੰਜਾਇਸ਼ ਨਹੀਂ। ਇਸ ਸੰਸਥਾ ਨੂੰ ਬਣਾਈ ਰੱਖਣ ਲਈ ਹੀ 'ਸਿਰਜਣਾ ਫੰਡ' ਦੀ ਸਥਾਪਨਾ ਕੀਤੀ ਗਈ ਹੈ। ਜਿਵੇਂ ਕਿ ਪਿਛਲੇ ਅੰਕ ਵਿਚ ਕਿਹਾ ਗਿਆ ਸੀ ਕਿ ਇਸ ਫੰਡ ਵਿਚ ਲੋੜੀਂਦੀ, ਪੰਜ ਕੁ ਲੱਖ ਦੀ, ਰਾਸ਼ੀ ਜਮ੍ਹਾਂ ਹੋਣ ਉਪਰੰਤ ਇਸ ਲਈ ਢੁਕਵੀਂ ਰਜਿਸਟਰਡ ਸੰਸਥਾ ਜਾਂ ਟ੍ਰਸਟ ਦੀ ਸਥਾਪਨਾ ਹੋ ਜਾਵੇਗੀ। ਪਰ ਇਹ ਸਭ ਕੁਝ ਪਾਠਕਾਂ-ਲੇਖਕਾਂ ਦੇ ਹੁੰਗਾਰੇ ਉਤੇ ਹੀ ਨਿਰਭਰ ਕਰੇਗਾ।






ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਜਨਮੀਤ ਪ੍ਰਿੰਟਰਜ਼, ਐਸ.ਸੀ.ਐਫ. 107, ਫੇਜ਼ 7, ਮੋਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ : 30 ਅਪਰੈਲ, 1997

**SIRJANA** Literary Punjabi Quarterly CHANDIGARH

No. 104 APRIL-JUNE, 1997

Registered with the Registrar of Newspapers for India vide R.N.10215/65

*India's fastest growing State Public Sector Undertaking*

PROCUREMENT

STORAGE

WAREHOUSING

CONTAINERISATION

WHAT WE DO FOR YOU AT PSWC

- Help farmers in procuring their foodgrains in the State in a friendly and efficient manner arranging payments to them within 72 hours of the sale of their produce:
- Provide Storage Capacity for preservation of foodgrains and other commodities:
- Preserve stocks on scientific lines to eliminate all types of storage losses:
- Boost International Trade through its Container Freight Stations by arranging door-step facility to the Importers/Exports for import/export of their cargo

LEAST TRANSIT TIME/COST EFFECTIVE SERVICE:

The most important factor for the growing patronage of the PSWC CFSs by the import/export trade has been PSWC's success in reducing transit time and transportation costs. The economies resulting from increased volume of business have been passed on, in substantial part, to the trade. The cost of exports through CFSs of PSWC is one of the cheapest in India

PUNJAB STATE WAREHOUSING CORPORATION

